@Qpatrika
@qaumipatrika punjabi
instagram.com/ qaumipatrika
Largest Circulated
विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Wednesday, 29 July 2026

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਬੁੱਧਵਾਰ 29 ਜੁਲਾਈ 2026, 14 ਸਾਵਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 265, qpatrika@gmail.com ਫੋਨ : 9971359517 www.qaumipatrika.org

## ਪੇਪਰ ਲੀਕ ਮਾਮਲਾ: ਪ੍ਰਿਯੰਕਾ ਗਾਂਧੀ ਨੇ ਸੰਸਦ 'ਚ ਚੁੱਕਿਆ ਵਿਦਿਆਰਥੀਆਂ 'ਤੇ ਪੁਲਸ ਕਾਰਵਾਈ ਦਾ ਮੁੱਦਾ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਨੈਸ਼ਨਲ ਡੈਸਕ 28 ਜੁਲਾਈ। ਕਾਂਗਰਸ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਮੰਗਲਵਾਰ ਨੂੰ ਲੋਕ ਸਭਾ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਆਪਣੇ ਸਲਾਹਕਾਰਾਂ ਨੂੰ ਬਦਲਣਾ ਚਾਹੀਦਾ ਹੈ ਅਤੇ ਜੇਕਰ ਸਰਕਾਰ ਜਨਰਲ ਜ਼ੈੱਡ ਦਾ ਵਿਸ਼ਵਾਸ ਵਾਪਸ ਜਿੱਤਣਾ ਚਾਹੁੰਦੀ ਹੈ ਤਾਂ ਪ੍ਰਧਾਨ ਮੰਤਰੀ ਨੂੰ ਨਾ ਸਿਰਫ਼ ਕੈਮਰੇ ਦਾ ਐਂਗਲ, ਸਗੋਂ ਦਿਲ ਦਾ ਐਂਗਲ ਵੀ ਬਦਲਣਾ ਪਵੇਗਾ। ਲੋਕ ਸਭਾ ਵਿੱਚ ਜਨਤਕ ਪ੍ਰੀਖਿਆਵਾਂ ਸੋਧ ਬਿੱਲ, 2026 'ਤੇ ਬਹਿਸ ਵਿੱਚ ਹਿੱਸਾ ਲੈਂਦੇ ਹੋਏ ਉਨ੍ਹਾਂ ਇਹ ਵੀ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਜਵਾਬ ਦੇਣਾ ਚਾਹੀਦਾ ਹੈ ਕਿ ਵਿਦਿਆਰਥੀਆਂ ਵਿਰੁੱਧ ਪੈਲੇਟ ਗਨ ਦੀ ਵਰਤੋਂ ਕਿਸ ਦੇ ਹੁਕਮਾਂ 'ਤੇ ਕੀਤੀ ਗਈ ਸੀ। ਕਾਂਗਰਸ ਸੰਸਦ ਮੈਂਬਰ ਨੇ ਪੁੱਛਿਆ, ਕੀ ਸਾਡੇ ਵਿਦਿਆਰਥੀ ਅੱਤਵਾਦੀ



ਹਨ? ਪ੍ਰਿਯੰਕਾ ਨੇ ਕਿਹਾ ਕਿ ਦੇਸ਼ ਦੇ ਲੋਕ ਸਰਕਾਰ ਤੋਂ ਜਵਾਬਦੇਹੀ ਮੰਗ ਰਹੇ ਹਨ, ਪਰ ਉਨ੍ਹਾਂ ਨੂੰ ਕੋਈ ਜਵਾਬ ਨਹੀਂ ਮਿਲ ਰਿਹਾ ਹੈ। 20 ਜੁਲਾਈ ਨੂੰ ਦਿੱਲੀ ਵਿੱਚ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਵਿਰੁੱਧ ਤਾਕਤ ਦੀ ਵਰਤੋਂ ਦਾ ਹਵਾਲਾ ਦਿੰਦੇ ਹੋਏ, ਉਨ੍ਹਾਂ ਸਵਾਲ ਕੀਤਾ ਕਿ ਅੱਥਰੂ ਗੈਸ, ਲਾਠੀਚਾਰਜ ਅਤੇ ਪੈਲੇਟ ਗਨ ਦੀ ਵਰਤੋਂ ਦੇ ਆਦੇਸ਼ ਕਿਸਨੇ ਦਿੱਤੇ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨੂੰ ਇਸ ਲਈ ਜਵਾਬ ਦੇਣਾ ਚਾਹੀਦਾ ਹੈ। ਕੇਰਲ ਦੇ ਵਾਇਨਾਡ ਤੋਂ ਲੋਕ ਸਭਾ ਮੈਂਬਰ ਨੇ ਕਿਹਾ ਕਿ ਦੇਸ਼ ਸੰਸਦ ਮੈਂਬਰਾਂ ਦੀ ਜਗੀਰ ਨਹੀਂ ਹੈ, ਸਗੋਂ ਜਨਤਾ ਦਾ ਭਰੋਸਾ ਹੈ ਅਤੇ ਜਨਤਾ ਦੇ ਸਵਾਲਾਂ ਦੇ ਜਵਾਬ ਦੇਣਾ ਸਰਕਾਰ ਦੀ ਜ਼ਿੰਮੇਵਾਰੀ ਹੈ। ਪ੍ਰਿਯੰਕਾ ਗਾਂਧੀ ਨੇ ਦਾਅਵਾ ਕੀਤਾ ਕਿ ਅੱਜ ਦੇ ਨੌਜਵਾਨ ਇਹ ਮੰਨਣ ਲੱਗ ਪਏ ਹਨ ਕਿ ਮਿਹਨਤ ਨਾਲੋਂ ਬੇਈਮਾਨੀ ਜ਼ਿਆਦਾ ਮਹੱਤਵਪੂਰਨ ਹੈ। ਸਿੱਖਿਆ ਪ੍ਰਣਾਲੀ ਬਾਰੇ, ਉਨ੍ਹਾਂ ਕਿਹਾ ਕਿ ਇਸ ਵਿੱਚ ਗੰਭੀਰ ਖਾਮੀਆਂ ਹਨ, ਬੱਚੇ ਖੁਦਕੁਸ਼ੀ ਕਰ ਰਹੇ ਹਨ ਅਤੇ ਪਰਿਵਾਰ ਆਪਣੀ ਸਿੱਖਿਆ ਲਈ ਫੰਡ ਲੈਣ ਲਈ ਕਰਜ਼ਾ ਲੈ ਰਹੇ ਹਨ। ਪ੍ਰਿਯੰਕਾ ਨੇ ਦੋਸ਼ ਲਗਾਇਆ ਕਿ ਪਿਛਲੇ 10 ਸਾਲਾਂ ਵਿੱਚ 152 ਪੇਪਰ ਲੀਕ ਹੋਏ, ਪਰ ਕਿਸੇ ਵਿਰੁੱਧ ਕੋਈ ਪ੍ਰਭਾਵਸ਼ਾਲੀ ਕਾਰਵਾਈ ਨਹੀਂ ਕੀਤੀ ਗਈ। ਕਾਂਗਰਸ ਸੰਸਦ ਮੈਂਬਰ ਨੇ ਕਿਹਾ ਕਿ ਸਿੱਖਿਆ ਪ੍ਰਣਾਲੀ ਖੁਦ ਅਸਫਲ ਰਹੀ ਹੈ। ਉਨ੍ਹਾਂ ਕਿਹਾ ਕਿ ਤਤਕਾਲੀ ਸਿੱਖਿਆ ਮੰਤਰੀ (ਧਰਮਿੰਦਰ ਪ੍ਰਧਾਨ) ਨੇ ਸ਼ਰਮਨਾਕ ਹਾਲਾਤਾਂ ਵਿੱਚ ਅਸਤੀਫਾ ਦੇ ਦਿੱਤਾ ਸੀ, ਪਰ ਸੰਸਦ ਵਿੱਚ ਸੱਤਾਧਾਰੀ ਪਾਰਟੀ ਦੇ ਸੰਸਦ ਮੈਂਬਰਾਂ ਦੁਆਰਾ ਇੱਕ ਸੁਪਰਸਟਾਰ ਵਾਂਗ ਸਵਾਗਤ ਕੀਤਾ ਗਿਆ। ਉਨ੍ਹਾਂ ਸਵਾਲ ਕੀਤਾ ਕਿ ਸਰਕਾਰ ਦਾ ਹੰਕਾਰ ਕੀ ਹੈ। ਪ੍ਰਿਯੰਕਾ ਗਾਂਧੀ ਨੇ ਕਿਹਾ, ਪ੍ਰਧਾਨ ਮੰਤਰੀ ਨੂੰ ਆਪਣੇ ਸਲਾਹਕਾਰਾਂ ਨੂੰ ਬਦਲਣਾ ਚਾਹੀਦਾ ਹੈ। ਸ਼ਾਇਦ ਉਹ ਅਸਲੀਅਤ ਨੂੰ ਭੁੱਲ ਗਏ ਹਨ। ਨਵੀਆਂ ਕਮੇਟੀਆਂ ਕੁਝ ਵੀ ਹਾਸਲ ਨਹੀਂ ਕਰਨਗੀਆਂ। ਪ੍ਰਧਾਨ ਮੰਤਰੀ 'ਤੇ ਨਿਸ਼ਾਨਾ ਸਾਧਦੇ ਹੋਏ ਉਨ੍ਹਾਂ ਕਿਹਾ, ਜੇਕਰ ਤੁਸੀਂ 'ਜਨਰਲ ਜ਼ੈੱਡ' ਦਾ ਵਿਸ਼ਵਾਸ ਵਾਪਸ ਜਿੱਤਣਾ ਚਾਹੁੰਦੇ ਹੋ, ਤਾਂ ਕੈਮਰਾ ਐਂਗਲ ਬਦਲਣ ਨਾਲ ਕੁਝ ਨਹੀਂ ਹੋਵੇਗਾ।

## 'ਮੈਂ 2028 ਦੀਆਂ ਵਿਧਾਨ ਸਭਾ ਚੋਣਾਂ ਨਹੀਂ ਲੜਾਂਗਾ', ਸਿੱਧਰਮਈਆ ਨੇ ਕਰ'ਤਾ ਵੱਡਾ ਐਲਾਨ

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ 28 ਜੁਲਾਈ। ਕਰਨਾਟਕ ਦੇ ਸਾਬਕਾ ਮੁੱਖ ਮੰਤਰੀ ਸਿੱਧਰਮਈਆ ਨੇ ਐਤਵਾਰ ਨੂੰ ਐਲਾਨ ਕੀਤਾ ਕਿ ਉਹ ਆਪਣੀ ਵਧਦੀ ਉਮਰ ਅਤੇ ਰਾਜਨੀਤੀ ਦੇ ਬਹੁਤ ਹੀ ਭ੍ਰਿਸ਼ਟ ਸੁਭਾਅ ਦਾ ਹਵਾਲਾ ਦਿੰਦੇ ਹੋਏ 2028 ਦੀਆਂ ਰਾਜ ਵਿਧਾਨ ਸਭਾ ਚੋਣਾਂ ਨਹੀਂ ਲੜਨਗੇ। ਹਾਲਾਂਕਿ, ਕਾਂਗਰਸ ਵਰਕਿੰਗ ਕਮੇਟੀ ਮੈਂਬਰ ਨੇ ਸਪੱਸ਼ਟ ਕੀਤਾ ਕਿ ਉਹ ਰਾਜਨੀਤੀ ਵਿੱਚ ਸਰਗਰਮ ਰਹਿਣਗੇ ਅਤੇ ਲੋਕਾਂ ਦੀਆਂ ਸਮੱਸਿਆਵਾਂ ਅਤੇ ਭਲਾਈ ਲਈ ਆਪਣੀ ਆਵਾਜ਼ ਬੁਲੰਦ ਕਰਦੇ ਰਹਿਣਗੇ। ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇੱਕ ਪੋਸਟ ਵਿੱਚ, ਸਿੱਧਰਮਈਆ ਨੇ ਕਿਹਾ, ਅੱਜ ਰਾਜਨੀਤੀ ਬਹੁਤ ਭ੍ਰਿਸ਼ਟ ਹੋ ਗਈ ਹੈ, ਅਤੇ ਇਸ ਲਈ ਮੈਂ 2028 ਦੀਆਂ ਵਿਧਾਨ ਸਭਾ ਚੋਣਾਂ ਨਹੀਂ ਲੜਾਂਗਾ। ਹਾਲਾਂਕਿ, ਮੈਂ ਰਾਜਨੀਤੀ ਵਿੱਚ ਸਰਗਰਮ ਰਹਾਂਗਾ ਅਤੇ ਲੋਕਾਂ ਦੀਆਂ ਸਮੱਸਿਆਵਾਂ ਅਤੇ ਭਲਾਈ ਲਈ ਆਪਣੀ ਆਵਾਜ਼ ਬੁਲੰਦ ਕਰਦਾ ਰਹਾਂਗਾ। ਸਾਬਕਾ ਮੁੱਖ ਮੰਤਰੀ ਨੇ ਸ਼ਨੀਵਾਰ ਨੂੰ ਮਾਂਡਿਆ ਜ਼ਿਲ੍ਹੇ ਦੇ ਕੇ.ਆਰ. ਪੇਟ ਵਿੱਚ ਆਯੋਜਿਤ ਇੱਕ ਨਿੱਜੀ ਸਮਾਗਮ ਵਿੱਚ ਇਹ ਐਲਾਨ ਕੀਤਾ। ਮੈਸੂਰ ਦੇ ਵਰੁਣਾ ਹਲਕੇ ਦੇ ਲੋਕਾਂ ਵੱਲੋਂ ਉਨ੍ਹਾਂ ਨੂੰ ਦੁਬਾਰਾ ਚੋਣ ਲੜਨ ਦੀ ਬੇਨਤੀ ਕਰਨ ਦਾ ਹਵਾਲਾ ਦਿੰਦੇ ਹੋਏ ਸਿੱਧਰਮਈਆ ਨੇ ਕਿਹਾ, ਮੈਂ ਫੈਸਲਾ ਕੀਤਾ ਹੈ ਕਿ ਮੈਨੂੰ ਹੁਣ ਚੋਣਾਂ ਨਹੀਂ ਲੜਨੀਆਂ ਚਾਹੀਦੀਆਂ। ਪਹਿਲਾਂ, ਜਦੋਂ ਮੈਂ ਚੋਣਾਂ ਲੜੀਆਂ ਸਨ, ਤਾਂ ਹਲਕੇ ਦੇ ਲੋਕਾਂ ਨੇ ਸਾਡਾ ਵਿੱਤੀ ਸਮਰਥਨ ਕੀਤਾ ਅਤੇ ਸਾਡੀ ਜਿੱਤ ਯਕੀਨੀ ਬਣਾਈ। ਅੱਜ, ਹੁਣ ਉਹ ਸਥਿਤੀ ਨਹੀਂ ਹੈ। ਉਨ੍ਹਾਂ ਕਿਹਾ, ਮੈਂ ਹੁਣ 79



ਸਾਲਾਂ ਦਾ ਹਾਂ। ਸਾਡੀ (ਕਾਂਗਰਸ) ਸਰਕਾਰ ਨੂੰ ਅਜੇ ਡੇਢ ਸਾਲ ਦਾ ਕਾਰਜਕਾਲ ਬਾਕੀ ਹੈ। ਉਦੋਂ ਤੱਕ, ਮੈਂ 80 ਸਾਲ ਤੋਂ ਵੱਧ ਹੋ ਜਾਵਾਂਗਾ। ਮੇਰੀ ਸਿਹਤ ਸ਼ਾਇਦ ਹੁਣ ਜਿੰਨੀ ਚੰਗੀ ਨਾ ਹੋਵੇ, ਅਤੇ ਹੋ ਸਕਦਾ ਹੈ ਕਿ ਮੈਂ ਪਹਿਲਾਂ ਵਾਂਗ ਊਰਜਾ ਅਤੇ ਉਤਸ਼ਾਹ ਨਾਲ ਕੰਮ ਨਾ ਕਰ ਸਕਾਂ। ਕਾਂਗਰਸ ਹਾਈਕਮਾਨ ਦੇ ਨਿਰਦੇਸ਼ਾਂ 'ਤੇ ਸਿੱਧਰਮਈਆ ਨੇ 28 ਮਈ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਉਨ੍ਹਾਂ ਦੇ ਫੈਸਲੇ ਨੇ ਡੀ.ਕੇ. ਸ਼ਿਵਕੁਮਾਰ ਦੇ ਮੁੱਖ ਮੰਤਰੀ ਬਣਨ ਦਾ ਰਾਹ ਪੱਧਰਾ ਕਰ ਦਿੱਤਾ।

## ਕਰਨਾਟਕ ਹਾਈ ਕੋਰਟ ਦੀ ਧਾਰਵਾੜ ਬੈਂਚ ਰਚੇਗੀ ਇਤਿਹਾਸ, ਸਾਰੀਆਂ 7 ਬੈਂਚਾਂ 'ਤੇ ਹੋਣਗੀਆਂ ਮਹਿਲਾ ਜੱਜ

ਨੈਸ਼ਨਲ ਡੈਸਕ 28 ਜੁਲਾਈ। ਕਰਨਾਟਕ ਹਾਈ ਕੋਰਟ ਦਾ ਧਾਰਵਾੜ ਬੈਂਚ 1 ਅਗਸਤ ਨੂੰ ਨਿਆਂਇਕ ਇਤਿਹਾਸ ਬਣਾਉਣ ਜਾ ਰਹੀ ਹੈ। ਪਹਿਲੀ ਵਾਰ ਅਦਾਲਤ ਦੀਆਂ ਸਾਰੀਆਂ 7 ਬੈਂਚਾਂ 'ਚ ਸਿਰਫ਼ ਮਹਿਲਾ ਜੱਜ ਹੀ ਹੋਣੀਆਂ ਅਤੇ ਉਹ ਸਾਰੇ ਕੇਸਾਂ ਦੀ ਸੁਣਵਾਈ ਕਰਨਗੀਆਂ। ਚੀਫ਼ ਜਸਟਿਸ ਦੇ ਨਿਰਦੇਸ਼ਾਂ ਤੋਂ ਬਾਅਦ, ਇਸ ਉਦੇਸ਼ ਲਈ ਇਕ ਵਿਸ਼ੇਸ਼ ਰੋਸਟਰ ਵੀ ਜਾਰੀ ਕੀਤਾ ਗਿਆ ਹੈ। ਸੱਤ ਬੈਂਚਾਂ 'ਚ ਤਿੰਨ ਡਿਵੀਜ਼ਨ ਬੈਂਚ ਅਤੇ ਚਾਰ ਸਿੰਗਲ ਬੈਂਚ ਹੋਣਗੇ, ਜਿਨ੍ਹਾਂ 'ਚ ਕੁੱਲ 10 ਮਹਿਲਾ ਜੱਜ ਹੋਣਗੇ।




ਕਰਨਾਟਕ ਹਾਈ ਕੋਰਟ ਦੇ ਧਾਰਵਾੜ ਬੈਂਚ ਦੇ ਸਾਰੇ ਸੱਤ ਬੈਂਚ 'ਚ ਸਿਰਫ਼ ਇਕ ਜਾਂ ਦੋ ਤਰ੍ਹਾਂ ਦੇ ਮਾਮਲਿਆਂ ਦੀ ਨਹੀਂ ਸਗੋਂ ਦੀਵਾਨੀ, ਅਪਰਾਧਿਕ, ਸੰਵਿਧਾਨਕ, ਟੈਕਸ, ਕਿਰਤ, ਸਿੱਖਿਆ, ਪਰਿਵਾਰਕ ਅਤੇ ਵਪਾਰਕ ਮਾਮਲਿਆਂ ਦੀ ਸੁਣਵਾਈ ਹੋਵੇਗੀ। ਇਹ ਸੁਣਵਾਈਆਂ ਨਿਯਮਿਤ ਤੌਰ 'ਤੇ ਹੋਣਗੀਆਂ। ਇਹ ਪਹਿਲ ਮਹੱਤਵਪੂਰਨ ਹੈ ਕਿਉਂਕਿ ਦੇਸ਼ ਦੀਆਂ ਸੰਵਿਧਾਨਕ ਅਦਾਲਤਾਂ 'ਚ ਬਹੁਤ ਘੱਟ ਬੈਂਚ ਪੂਰੀ ਤਰ੍ਹਾਂ ਮਹਿਲਾ ਜੱਜਾਂ ਦੇ ਬਣੇ ਹਨ। ਸੁਪਰੀਮ ਕੋਰਟ 'ਚ ਪਹਿਲੀ ਆਲ-ਮਹਿਲਾ ਬੈਂਚ 2013 'ਚ ਸਥਾਪਿਤ ਕੀਤੀ ਗਈ ਸੀ। ਇਸ ਤੋਂ ਬਾਅਦ, 2018, 2022 ਅਤੇ 2023 'ਚ ਅਜਿਹੇ ਬੈਂਚ ਬਣਾਏ ਗਏ ਸਨ। ਹਾਲਾਂਕਿ, ਸਾਰੀਆਂ ਅਦਾਲਤਾਂ 'ਚ ਸਿਰਫ਼ ਮਹਿਲਾ ਜੱਜਾਂ ਦੀ ਵਿਸ਼ੇਸ਼ ਬੈਠਕ ਦਾ ਮੌਕਾ ਬਹੁਤ ਘੱਟ ਰਿਹਾ ਹੈ। ਇਹ ਹੁਣ ਕਰਨਾਟਕ ਹਾਈ ਕੋਰਟ ਦੇ ਧਾਰਵਾੜ ਬੈਂਚ 'ਚ ਹੋਣ ਵਾਲਾ ਹੈ। ਇਹ ਪਹਿਲ ਹੋਰ ਅਦਾਲਤਾਂ ਲਈ ਇਕ ਉਦਾਹਰਣ ਕਾਇਮ ਕਰ ਸਕਦੀ ਹੈ। ਹਾਈ ਕੋਰਟ ਦੀ ਗੱਲ ਕਰੀਏ ਤਾਂ ਇਸ ਤੋਂ ਪਹਿਲਾਂ ਸਿਰਫ਼ ਕੇਰਲ ਹਾਈ ਕੋਰਟ ਨੇ ਹੀ 2022 'ਚ ਅੰਤਰਰਾਸ਼ਟਰੀ ਮਹਿਲਾ ਦਿਵਸ 'ਤੇ ਮਹਿਲਾ ਜੱਜਾਂ ਦਾ ਇਕ ਪੂਰਾ ਬੈਂਚ ਬਣਾਇਆ ਸੀ। ਜਸਟਿਸ ਅਨੂ ਸ਼ਿਵਰਾਮਨ, ਜੋ ਉਸ ਇਤਿਹਾਸਕ ਬੈਂਚ ਦਾ ਹਿੱਸਾ ਸਨ, ਹੁਣ ਕਰਨਾਟਕ ਹਾਈ ਕੋਰਟ 'ਚ ਹਨ ਅਤੇ ਇਸ ਵਿਸ਼ੇਸ਼ ਬੈਠਕ ਲਈ ਧਾਰਵਾੜ 'ਚ ਡਿਵੀਜ਼ਨ ਬੈਂਚ ਦਾ ਵੀ ਹਿੱਸਾ ਹੋਣਗੀਆਂ। ਇਸ ਲਈ 1 ਅਗਸਤ ਨੂੰ ਕੀਤੀ ਗਈ ਇਸ ਪਹਿਲ ਨੂੰ ਭਾਰਤੀ ਨਿਆਂਪਾਲਿਕਾ 'ਚ ਔਰਤਾਂ ਦੀ ਵਧਦੀ ਭਾਗੀਦਾਰੀ ਅਤੇ ਅਗਵਾਈ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਮੰਨਿਆ ਜਾਂਦਾ ਹੈ।

## ਕੋਈ ਗਰੀਬ ਪਿੱਛੇ ਨਹੀਂ ਰਹੇਗਾ, ਕੋਈ ਲੋੜਵੰਦ ਮੌਕੇ ਤੋਂ ਵਾਂਝਾ ਨਹੀਂ ਰਹੇਗਾ : ਮੁੱਖ ਮੰਤਰੀ ਸੈਣੀ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਚੰਡੀਗੜ੍ਹ 28 ਜੁਲਾਈ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਮੁੱਖ ਮੰਤਰੀ ਅੰਤਯੋਦਿਆ ਪਰਿਵਾਰ ਉਤਥਾਨ ਯੋਜਨਾ ਦੇ ਅਧੀਨ ਆਯੋਜਿਤ ਅੰਤਯੋਦਿਆ ਮੇਲੇ ਉਮੀਦ, ਮੌਕਿਆਂ ਅਤੇ ਸਵੈ-ਨਿਰਭਰਤਾ ਦੇ ਪ੍ਰਤੀਕ ਹਨ। ਇਨ੍ਹਾਂ ਮੇਲਿਆਂ ਦਾ ਮਕਸਦ ਵਿਕਾਸ ਦਾ ਲਾਭ ਸਮਾਜ ਦੇ ਅੰਤਿਮ ਵਿਅਕਤੀ ਤੱਕ ਪਹੁੰਚਾਉਣਾ ਹੈ ਤਾਂ ਕਿ ਕੋਈ ਵੀ ਗਰੀਬ ਜਾਂ ਲੋੜਵੰਦ ਸਰਕਾਰੀ ਯੋਜਨਾਵਾਂ ਤੋਂ ਵਾਂਝਾ ਨਾ ਰਹੇ। ਮੁੱਖ ਮੰਤਰੀ ਐਤਵਾਰ ਨੂੰ ਕੁਰੂਕਸ਼ੇਤਰ ਦੇ ਲਾਡਵਾ ਸਥਿਤ ਆਈਜੀਐੱਨ ਕਾਲਜ 'ਚ ਆਯੋਜਿਤ ਅੰਤਯੋਦਿਆ ਮੇਲੇ ਦਾ ਉਦਘਾਟਨ ਕਰਦੇ ਹੋਏ ਕਿਹਾ ਕਿ ਇਕ ਹੀ ਮੰਚ 'ਤੇ 19 ਵਿਭਾਗਾਂ ਦੀਆਂ 47



ਯੋਜਨਾਵਾਂ ਦਾ ਲਾਭ ਯੋਗ ਲੋਕਾਂ ਨੂੰ ਉਪਲੱਬਧ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਨੇ ਵੱਖ-ਵੱਖ ਵਿਭਾਗਾਂ ਦੇ ਸਟਾਲਾਂ ਦਾ ਨਿਰੀਖਣ ਕੀਤਾ ਅਤੇ ਗੋਬਿੰਦਪੁਰਾ ਵਾਸੀ ਤਾਰਾਚੰਦ ਨੂੰ ਪੀਐੱਮ ਸਟ?ਰੀਟ ਵੈਂਡਰ ਯੋਜਨਾ ਦੇ ਅਧੀਨ ਸਵੀਕ੍ਰਿਤੀ ਪੱਤਰ ਵੀ ਸੌਂਪਿਆ। ਉਨ੍ਹਾਂ ਕਿਹਾ ਕਿ ਸਰਕਾਰ ਦਾ ਟੀਚਾ ਸਿਰਫ਼ ਆਰਥਿਕ ਮਦਦ ਦੇਣਾ ਨਹੀਂ ਸਗੋਂ ਲੋੜਵੰਦ ਪਰਿਵਾਰਾਂ ਨੂੰ ਸਵੈ-ਰੁਜ਼ਗਾਰ, ਕੌਸ਼ਲ ਵਿਕਾਸ, ਰੁਜ਼ਗਾਰ, ਵਿੱਤੀ ਸਮਾਵੇਸ਼ ਅਤੇ ਸਮਾਜਿਕ ਕਲਿਆਣ ਯੋਜਨਾਵਾਂ ਨਾਲ ਜੋੜ ਕੇ ਆਤਮਨਿਰਭਰ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਅੰਤਯੋਦਿਆ ਸਿਰਫ਼ ਸਰਕਾਰੀ ਪ੍ਰੋਗਰਾਮ ਨਹੀਂ, ਸਗੋਂ ਭਾਰਤੀ ਸੰਸਕ੍ਰਿਤੀ ਦੀ ਉਸ ਭਾਵਨਾ ਦਾ ਪ੍ਰਤੀਕ ਹੈ, ਜਿਸ 'ਚ ਸਾਰਿਆਂ ਦੇ ਕਲਿਆਣ ਦੀ ਕਾਮਨਾ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਪ੍ਰਦੇਸ਼ 'ਚ ਹੁਣ ਤੱਕ 166 ਥਾਵਾਂ 'ਤੇ ਅੰਤਯੋਦਿਆ ਮੇਲਿਆਂ ਦਾ ਆਯੋਜਨ ਕੀਤਾ ਜਾ ਚੁੱਕਿਆ ਹੈ। ਇਨ੍ਹਾਂ ਮੇਲਿਆਂ ਲਈ 4.24 ਲੱਖ ਤੋਂ ਵੱਧ ਪਰਿਵਾਰਾਂ ਨੂੰ ਸੱਦਾ ਦਿੱਤਾ ਗਿਆ, ਜਿਨ੍ਹਾਂ 'ਚੋਂ 1.88 ਲੱਖ ਤੋਂ ਵੱਧ ਪਰਿਵਾਰਾਂ ਨੇ ਹਿੱਸਾ ਲਿਆ। ਹੁਣ ਤੱਕ 55,422 ਯੋਗ ਲਾਭਪਾਤਰੀਆਂ ਨੂੰ ਰੋਜ਼ੀ-ਰੋਟੀ ਨਾਲ ਜੁੜੇ ਲਾਭ ਉਪਲੱਬਧ ਕਰਵਾਏ ਜਾ ਚੁੱਕੇ ਹਨ।

## ਦਿੱਲੀ ਵਿਧਾਨ ਸਭਾ ਦਾ ਮਾਨਸੂਨ ਸੈਸ਼ਨ 7 ਅਗਸਤ ਤੋਂ ਹੋਵੇਗਾ ਸ਼ੁਰੂ

ਨੈਸ਼ਨਲ ਡੈਸਕ 28 ਜੁਲਾਈ। ਦਿੱਲੀ ਵਿਧਾਨ ਸਭਾ ਦਾ ਮਾਨਸੂਨ ਸੈਸ਼ਨ 7 ਅਗਸਤ ਤੋਂ 11 ਅਗਸਤ ਤੱਕ ਹੋਵੇਗਾ। ਮੰਗਲਵਾਰ ਨੂੰ ਇੱਕ ਅਧਿਕਾਰਤ ਬਿਆਨ ਵਿੱਚ ਕਿਹਾ ਗਿਆ ਹੈ। ਬਿਆਨ ਅਨੁਸਾਰ ਵਿਧਾਨ ਸਭਾ ਸੈਸ਼ਨ ਸਬੰਧੀ ਫੈਸਲਾ ਮੰਗਲਵਾਰ ਨੂੰ ਦਿੱਲੀ ਸਕੱਤਰੇਤ ਵਿੱਚ ਮੁੱਖ ਮੰਤਰੀ ਰੇਖਾ ਗੁਪਤਾ ਦੀ ਪ੍ਰਧਾਨਗੀ ਹੇਠ ਹੋਈ ਕੈਬਨਿਟ ਮੀਟਿੰਗ ਵਿੱਚ ਲਿਆ ਗਿਆ। ਇਸ ਵਿੱਚ ਕਿਹਾ ਗਿਆ ਹੈ ਕਿ ਵਿਧਾਨ ਸਭਾ ਦਾ ਮਾਨਸੂਨ ਸੈਸ਼ਨ 7 ਅਗਸਤ ਤੋਂ 11 ਅਗਸਤ ਤੱਕ ਹੋਵੇਗਾ। ਸੈਸ਼ਨ ਦੌਰਾਨ ਸਦਨ ਤਿੰਨ ਦਿਨ ਚੱਲੇਗਾ। ਮੁੱਖ ਮੰਤਰੀ ਨੇ ਕਿਹਾ ਕਿ ਇਸ ਸੈਸ਼ਨ ਦੌਰਾਨ ਦਿੱਲੀ ਦੇ ਵਿਕਾਸ ਅਤੇ ਲੋਕ ਭਲਾਈ ਯੋਜਨਾਵਾਂ ਨਾਲ ਸਬੰਧਤ ਮਹੱਤਵਪੂਰਨ ਮੁੱਦਿਆਂ 'ਤੇ ਗੰਭੀਰ ਅਤੇ ਅਰਥਪੂਰਨ ਚਰਚਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਜਨਤਕ ਹਿੱਤ ਨੂੰ ਸਰਵਉੱਚ ਰੱਖਦੇ ਹੋਏ ਜ਼ਰੂਰੀ ਫੈਸਲੇ ਲੈਣ ਅਤੇ ਉਨ੍ਹਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਵਚਨਬੱਧ ਹੈ।

## ਪੰਨੂ ਦੇ ਗੰਭੀਰ ਇਲਜ਼ਾਮਾਂ 'ਤੇ ਭਾਜਪਾ ਦਾ ਪਲਟਵਾਰ, ਆਰ.ਪੀ. ਸਿੰਘ ਨੇ ਸੀ.ਜੇ.ਪੀ. ਤੋਂ ਮੰਗਿਆ ਸਪੱਸ਼ਟੀਕਰਨ

ਕੌਮੀ ਪਤ੍ਰਿਕਾ

ਨਵੀਂ ਦਿੱਲੀ 28 ਜੁਲਾਈ। ਅਮਰੀਕਾ ਸਥਿਤ ਅਤੇ ਭਾਰਤ ਵੱਲੋਂ ਐਲਾਨੇ ਗਏ ਅੱਤਵਾਦੀ ਗੁਰਪਤਵੰਤ ਸਿੰਘ ਪੰਨੂ ਵੱਲੋਂ 'ਕਾਕਰੋਚ ਜਨਤਾ ਪਾਰਟੀ' (ਸੀ.ਜੇ.ਪੀ.) ਦੇ ਆਗੂਆਂ ਨਾਲ ਕਥਿਤ ਜ਼ੂਮ ਮੀਟਿੰਗ ਕਰਨ ਦੇ ਦਾਅਵੇ ਨੇ ਸਿਆਸੀ ਹਲਕਿਆਂ ਵਿੱਚ ਤਰਥੱਲੀ ਮਚਾ ਦਿੱਤੀ ਹੈ। ਭਾਰਤੀ ਜਨਤਾ ਪਾਰਟੀ ਦੇ ਕੌਮੀ ਬੁਲਾਰੇ ਆਰ.ਪੀ. ਸਿੰਘ ਨੇ ਇਨ੍ਹਾਂ ਇਲਜ਼ਾਮਾਂ 'ਤੇ ਸਖ਼ਤ ਰੁਖ਼ ਅਖਤਿਆਰ ਕਰਦਿਆਂ ਸੀ.ਜੇ.ਪੀ. ਨੂੰ ਆਪਣੀ ਸਥਿਤੀ ਸਪੱਸ਼ਟ ਕਰਨ ਲਈ ਕਿਹਾ ਹੈ। ਪੰਨੂ ਨੇ ਦਾਅਵਾ ਕੀਤਾ ਹੈ ਕਿ ਸਿੱਖਸ ਫਾਰ ਜਸਟਿਸ ਵੱਲੋਂ ਭਾਰਤ ਨੂੰ ਛੋਟੇ-ਛੋਟੇ ਟੁਕੜਿਆਂ ਵਿੱਚ ਵੰਡਣ ਦੀ ਮੁਹਿੰਮ ਵਿੱਚ ਮਦਦ ਕਰਨ ਲਈ ਸੀ.ਜੇ.ਪੀ. ਨੂੰ ਲਗਭਗ 10 ਕਰੋੜ ਰੁਪਏ ਦਿੱਤੇ ਜਾਣਗੇ। ਪੰਨੂ ਮੁਤਾਬਕ, ਹਾਲਾਂਕਿ ਮੋਦੀ ਸਰਕਾਰ ਦਾ ਪਤਨ ਲਾਜ਼ਮੀ ਹੈ, ਪਰ ਉਸ ਦਾ ਅਸਲ ਅਤੇ ਅੰਤਿਮ ਨਿਸ਼ਾਨਾ ਸਿਰਫ ਸਰਕਾਰ ਬਦਲਣਾ ਨਹੀਂ ਬਲਕਿ ਭਾਰਤ ਦਾ ਵਿਨਾਸ਼ ਕਰਨਾ ਹੈ। ਭਾਜਪਾ ਆਗੂ ਆਰ.ਪੀ. ਸਿੰਘ ਨੇ ਕਿਹਾ ਹੈ ਕਿ ਜੇਕਰ ਪੰਨੂ ਦੇ ਇਹ ਦਾਅਵੇ ਝੂਠੇ ਹਨ, ਤਾਂ ਸੀ.ਜੇ.ਪੀ. ਨੂੰ ਤੁਰੰਤ ਸਾਹਮਣੇ ਆ ਕੇ ਇਨ੍ਹਾਂ ਦਾ ਖੰਡਨ ਕਰਨਾ ਚਾਹੀਦਾ ਹੈ। ਉਨ੍ਹਾਂ ਮੰਗ ਕੀਤੀ ਕਿ ਪਾਰਟੀ ਨੂੰ ਪੰਨੂ ਅਤੇ ਉਸ ਦੀ ਜਥੇਬੰਦੀ SFJ ਦੀ ਸਪੱਸ਼ਟ ਸ਼ਬਦਾਂ ਵਿੱਚ ਨਿੰਦਾ ਕਰਨੀ ਚਾਹੀਦੀ ਹੈ। ਸਿੰਘ ਨੇ ਚਿਤਾਵਨੀ ਦਿੱਤੀ ਕਿ ਅਜਿਹੇ ਗੰਭੀਰ ਮੁੱਦਿਆਂ 'ਤੇ ਚੁੱਪ ਰਹਿਣਾ



ਕਈ ਸਵਾਲ ਖੜ੍ਹੇ ਕਰਦਾ ਹੈ। ਪੰਨੂ ਨੂੰ ਕਰਾਰਾ ਜਵਾਬ ਦਿੰਦਿਆਂ ਆਰ.ਪੀ. ਸਿੰਘ ਨੇ ਕਿਹਾ ਕਿ ਭਾਰਤ ਨੇ ਹਮੇਸ਼ਾ ਦੇਸ਼ ਨੂੰ ਵੰਡਣ ਵਾਲੀਆਂ ਤਾਕਤਾਂ ਨੂੰ ਹਰਾਇਆ ਹੈ ਅਤੇ ਇਸ ਵਾਰ ਵੀ ਅਜਿਹਾ ਹੀ ਹੋਵੇਗਾ। ਉਨ੍ਹਾਂ ਪੰਨੂ ਨੂੰ ਸਲਾਹ ਦਿੱਤੀ ਕਿ ਜੇਕਰ ਉਹ 'ਖਾਲਿਸਤਾਨ' ਦਾ ਸੁਪਨਾ ਵੇਖ ਰਿਹਾ ਹੈ, ਤਾਂ ਉਹ ਪਾਕਿਸਤਾਨ ਜਾ ਕੇ ਲਾਹੌਰ ਨੂੰ ਇਸ ਦੀ ਰਾਜਧਾਨੀ ਬਣਾਉਣ ਦੀ ਕੋਸ਼ਿਸ਼ ਕਰੇ, ਨਾ ਕਿ ਭਾਰਤ ਦੀ ਅਖੰਡਤਾ ਨੂੰ ਚੁਣੌਤੀ ਦੇਵੇ।

## 5 ਪਹਾੜੀਆਂ, ਜਿੱਥੇ ਇਤਿਹਾਸ ਰਚ ਭਾਰਤ ਨੇ ਜਿੱਤੀ ਕਾਰਗਿਲ ਦੀ ਜੰਗ

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ 28 ਜੁਲਾਈ। 28 ਜੁਲਾਈ 1999 ਦਾ ਦਿਨ ਭਾਰਤੀ ਇਤਿਹਾਸ 'ਚ ਸੁਨਹਿਰੀ ਅੱਖਰਾਂ ਵਿੱਚ ਦਰਜ ਹੈ, ਜਦੋਂ ਭਾਰਤ ਨੇ 'ਆਪਰੇਸ਼ਨ ਵਿਜੇ' ਦੀ ਸਫ਼ਲਤਾ ਦਾ ਐਲਾਨ ਕਰਦਿਆਂ ਕਾਰਗਿਲ ਦੀਆਂ ਬਰਫ਼ੀਲੀਆਂ ਚੋਟੀਆਂ 'ਤੇ ਮੁੜ ਤਿਰੰਗਾ ਲਹਿਰਾਇਆ ਸੀ। ਇਹ ਜਿੱਤ ਕਿਸੇ ਇੱਕ ਲੜਾਈ ਦਾ ਨਤੀਜਾ ਨਹੀਂ ਸੀ, ਸਗੋਂ 16,000 ਫੁੱਟ ਤੋਂ ਵੱਧ ਦੀ ਉਚਾਈ 'ਤੇ ਦੁਸ਼ਮਣ ਦੀਆਂ ਗੋਲੀਆਂ ਦਾ ਸਾਹਮਣਾ ਕਰਦਿਆਂ ਹਾਸਲ ਕੀਤੀਆਂ ਗਈਆਂ ਕਈ ਮੁਸ਼ਕਿਲ ਜਿੱਤਾਂ ਦਾ ਸਿਖਰ ਸੀ। ਟੋਲੋਲਿੰਗ- ਦਰਾਸ ਸੈਕਟਰ 'ਚ ਸਥਿਤ ਟੋਲੋਲਿੰਗ ਦੀ ਜਿੱਤ ਜੰਗ ਦਾ ਸਭ ਤੋਂ ਵੱਡਾ ਮੋੜ ਸਾਬਤ ਹੋਈ। ਇਹ ਪਹਾੜੀ ਸ਼?ਰੀਨਗਰ-ਲੇਹ ਨੈਸ਼ਨਲ ਹਾਈਵੇਅ (©8-1) 'ਤੇ ਨਜ਼ਰ ਰੱਖਣ ਲਈ ਰਣਨੀਤਕ ਤੌਰ 'ਤੇ ਬਹੁਤ ਅਹਿਮ ਸੀ। 13 ਜੂਨ 1999 ਨੂੰ ਭਾਰਤੀ ਸੈਨਿਕਾਂ ਨੇ ਸਖ਼ਤ ਸੰਘਰਸ਼ ਤੋਂ ਬਾਅਦ ਇਸ ਨੂੰ ਮੁੜ ਹਾਸਲ ਕੀਤਾ, ਜਿਸ ਨੇ ਦੁਸ਼ਮਣ ਦੇ ਅਜਿੱਤ ਹੋਣ ਦੇ ਭਰਮ ਨੂੰ ਤੋੜ ਦਿੱਤਾ। ਟਾਈਗਰ ਹਿੱਲ- ਸਭ ਤੋਂ ਅਹਿਮ ਜਿੱਤ ਟਾਈਗਰ ਹਿੱਲ ਦੀ ਜਿੱਤ ਰਹੀ। ਇਹ ਕਾਰਗਿਲ ਜੰਗ ਦੀ ਸਭ ਤੋਂ ਚਰਚਿਤ ਅਤੇ ਦਲੇਰਾਨਾ ਜਿੱਤ ਸੀ। 4 ਜੁਲਾਈ 1999 ਨੂੰ ਭਾਰਤੀ ਹਵਾਈ ਸੈਨਾ (ਆਪਰੇਸ਼ਨ ਸਫੇਦ ਸਾਗਰ) ਅਤੇ ਥਲ ਸੈਨਾ ਦੇ ਸਾਂਝੇ ਆਪਰੇਸ਼ਨ ਨੇ ਦੁਸ਼ਮਣ ਨੂੰ ਇੱਥੋਂ ਖਦੇੜ ਦਿੱਤਾ, ਜਿਸ ਨਾਲ ਜੰਗ ਦਾ ਪਾਸਾ ਪੂਰੀ ਤਰ੍ਹਾਂ ਭਾਰਤ ਦੇ ਪੱਖ ਵਿੱਚ ਪਲਟ ਗਿਆ। ਪੁਆਇੰਟ 4875 (ਬੱਤਰਾ ਟੌਪ)- ਕੈਪਟਨ ਵਿਕਰਮ ਬੱਤਰਾ ਦੀ ਸ਼ਹਾਦਤ ਮੁਸ਼ਕੋਹ ਘਾਟੀ ਵਿੱਚ ਸਥਿਤ ਪੁਆਇੰਟ 4875 ਦੀ ਲੜਾਈ ਬਹੁਤ ਭਿਆਨਕ ਸੀ। ਇੱਥੇ ਕੈਪਟਨ ਵਿਕਰਮ ਬੱਤਰਾ ਨੇ ਬੇਮਿਸਾਲ ਬਹਾਦਰੀ ਦਿਖਾਈ ਅਤੇ ਆਪਣੀ ਜਾਨ ਕੁਰਬਾਨ ਕਰ ਦਿੱਤੀ, ਜਿਸ ਲਈ ਉਨ੍ਹਾਂ ਨੂੰ ਮਰਨ ਉਪਰੰਤ ਪਰਮਵੀਰ ਚੱਕਰ ਨਾਲ ਸਨਮਾਨਿਤ ਕੀਤਾ ਗਿਆ। ਅੱਜ ਇਸ ਚੋਟੀ ਨੂੰ 'ਬੱਤਰਾ ਟੌਪ' ਵਜੋਂ ਜਾਣਿਆ ਜਾਂਦਾ ਹੈ। ਪੁਆਇੰਟ 5140- ਦਰਾਸ ਸੈਕਟਰ ਦੀ ਇਸ ਚੋਟੀ ਨੂੰ 17 ਜੂਨ 1999 ਨੂੰ ਜਿੱਤਿਆ ਗਿਆ ਸੀ। ਇਸ ਜਿੱਤ ਨੇ ਦਰਾਸ ਸੈਕਟਰ 'ਚ ਭਾਰਤੀ ਫ਼ੌਜ ਲਈ ਅੱਗੇ ਵਧਣ ਦੇ ਰਸਤੇ ਸਾਫ਼ ਕਰ ਦਿੱਤੇ ਅਤੇ ਦੁਸ਼ਮਣ ਦੇ ਰੱਖਿਆਤਮਕ ਢਾਂਚੇ ਨੂੰ ਕਮਜ਼ੋਰ ਕਰ ਦਿੱਤਾ। ਖਾਲੂਬਾਰ- ਬਾਟਾਲਿਕ ਸੈਕਟਰ ਦੀਆਂ ਖੜ੍ਹੀਆਂ ਅਤੇ ਚੱਟਾਨੀ ਪਹਾੜੀਆਂ 'ਤੇ ਸਥਿਤ ਖਾਲੂਬਾਰ ਰਿੱਜ 'ਤੇ ਪਾਕਿਸਤਾਨੀ ਫੌਜ ਨੇ ਮਜ਼ਬੂਤ ਕਬਜ਼ਾ ਕੀਤਾ ਹੋਇਆ ਸੀ। 1/11 ਗੋਰਖਾ ਰਾਈਫਲਜ਼ ਦੇ ਕੈਪਟਨ ਮਨੋਜ ਕੁਮਾਰ ਪਾਂਡੇ ਨੇ ਗੰਭੀਰ ਜ਼ਖਮੀ ਹੋਣ ਦੇ ਬਾਵਜੂਦ ਅਖੀਰ ਤੱਕ ਹਮਲੇ ਦੀ ਅਗਵਾਈ ਕੀਤੀ ਅਤੇ ਜਿੱਤ ਦਿਵਾਈ। ਉਨ੍ਹਾਂ ਨੂੰ ਮਰਨ ਉਪਰੰਤ ਪਰਮ ਵੀਰ ਚੱਕਰ ਨਾਲ ਸਨਮਾਨਿਤ ਕੀਤਾ ਗਿਆ। ਖਾਲੂਬਾਰ 'ਤੇ ਕਬਜ਼ਾ ਕਰਨ ਨਾਲ ਬਾਟਾਲਿਕ ਸੈਕਟਰ 'ਚ ਪਾਕਿਸਤਾਨ ਦਾ ਪੂਰਬੀ ਮੋਰਚਾ ਪੂਰੀ ਤਰ੍ਹਾਂ ਤਬਾਹ ਹੋ ਗਿਆ ਅਤੇ ਭਾਰਤੀ ਫੌਜ ਨੇ ਖੇਤਰ 'ਤੇ ਆਪਣਾ ਕੰਟਰੋਲ ਮੁੜ ਕਾਇਮ ਕੀਤਾ।

## ਭਲਕੇ ਫਿਰ ਸ਼ੁਰੂ ਹੋਵੇਗੀ ਯਾਤਰਾ, ਐਡਵਾਈਜ਼ਰੀ ਜਾਰੀ

ਜੰਮੂ 28 ਜੁਲਾਈ। ਖਰਾਬ ਮੌਸਮ ਅਤੇ ਲਗਾਤਾਰ ਭਾਰੀ ਬਾਰਿਸ਼ ਕਾਰਨ ਪਿਛਲੇ ਛੇ ਦਿਨਾਂ ਤੋਂ ਰੁਕੀ ਹੋਈ ਅਮਰਨਾਥ ਯਾਤਰਾ ਹੁਣ ਅੰਸ਼ਕ ਤੌਰ 'ਤੇ ਮੁੜ ਸ਼ੁਰੂ ਹੋਣ ਜਾ ਰਹੀ ਹੈ। ਪ੍ਰਸ਼ਾਸਨ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ, ਜੰਮੂ ਦੇ ਭਗਵਤੀ ਨਗਰ ਬੇਸ ਕੈਂਪ ਤੋਂ ਲਗਭਗ 5,000 ਸ਼ਰਧਾਲੂਆਂ ਦਾ ਪਹਿਲਾ ਜੱਥਾ ਬਾਲਟਾਲ ਮਾਰਗ ਰਾਹੀਂ ਰਵਾਨਾ ਹੋਵੇਗਾ। ਮੌਸਮ ਵਿੱਚ ਸੁਧਾਰ ਹੋਣ ਅਤੇ ਰਸਤਿਆਂ ਦੀ ਮੁਰੰਮਤ ਦਾ ਕੰਮ ਪੂਰਾ ਹੋਣ ਤੋਂ ਬਾਅਦ ਪ੍ਰਸ਼ਾਸਨ ਨੇ ਯਾਤਰਾ ਨੂੰ ਮੁੜ ਬਹਾਲ ਕਰਨ ਦਾ ਫੈਸਲਾ ਲਿਆ ਹੈ। ਫਿਲਹਾਲ ਯਾਤਰਾ ਨੂੰ ਸਿਰਫ਼ ਬਾਲਟਾਲ ਰੂਟ ਰਾਹੀਂ ਹੀ ਸ਼ੁਰੂ ਕੀਤਾ ਜਾ ਰਿਹਾ ਹੈ। ਪ੍ਰਸ਼ਾਸਨ ਨੇ ਸੁਰੱਖਿਆ ਪ੍ਰਬੰਧਾਂ ਨੂੰ ਮਜ਼ਬੂਤ ਕਰਦਿਆਂ ਪੁਲਸ ਅਤੇ ਅਰਧ ਸੈਨਿਕ ਬਲਾਂ ਦੀਆਂ ਟੀਮਾਂ ਨੂੰ ਪੂਰੇ ਮਾਰਗ 'ਤੇ ਤਾਇਨਾਤ ਕੀਤਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਯਾਤਰਾ ਨੂੰ ਪੜਾਅਵਾਰ ਤਰੀਕੇ ਨਾਲ ਅੱਗੇ ਵਧਾਇਆ ਜਾਵੇਗਾ ਤਾਂ ਜੋ ਸ਼ਰਧਾਲੂਆਂ ਨੂੰ ਕਿਸੇ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਮੀਂਹ ਕਾਰਨ ਪਹਿਲਗਾਮ ਅਤੇ ਬਾਲਟਾਲ ਦੋਵਾਂ ਮਾਰਗਾਂ 'ਤੇ ਹੋਏ ਨੁਕਸਾਨ ਦੀ ਮੁਰੰਮਤ ਪੂਰੀ ਕਰ ਲਈ ਗਈ ਹੈ ਅਤੇ ਸੁਰੱਖਿਆ ਏਜੰਸੀਆਂ ਨੇ ਜਾਂਚ ਤੋਂ ਬਾਅਦ ਹਰੀ ਝੰਡੀ ਦੇ ਦਿੱਤੀ ਹੈ। ਮੌਸਮ ਦੀ ਜਾਣਕਾਰੀ: ਬੇਸ ਕੈਂਪ ਤੋਂ ਨਿਕਲਣ ਤੋਂ ਪਹਿਲਾਂ ਮੌਸਮ ਦੀ ਤਾਜ਼ਾ ਜਾਣਕਾਰੀ ਜ਼ਰੂਰ ਲਓ, ਕਿਉਂਕਿ ਪਹਾੜੀ ਇਲਾਕਿਆਂ ਵਿੱਚ ਮੌਸਮ ਤੇਜ਼ੀ ਨਾਲ ਬਦਲ ਸਕਦਾ ਹੈ। ਜ਼ਰੂਰੀ ਸਮਾਨ: ਯਾਤਰੀ ਆਪਣੇ ਨਾਲ ਗਰਮ ਕੱਪੜੇ, ਰੇਨਕੋਟ, ਵਾਟਰਪ੍ਰੂਫ਼ ਟ?ਰੈਕਿੰਗ ਜੁੱਤੇ, ਟਾਰਚ ਅਤੇ ਜ਼ਰੂਰੀ ਦਵਾਈਆਂ ਜ਼ਰੂਰ ਰੱਖਣ। ਨਿਯਮਾਂ ਦੀ ਪਾਲਣਾ: ਸ਼ਰਧਾਲੂਆਂ ਨੂੰ ਸਿਰਫ਼ ਨਿਰਧਾਰਤ ਰਜਿਸਟ?ਰੇਸ਼ਨ ਅਤੇ ਤੈਅ ਮਿਤੀ ਅਨੁਸਾਰ ਹੀ ਯਾਤਰਾ ਕਰਨ ਦੀ ਅਪੀਲ ਕੀਤੀ ਗਈ ਹੈ। ਐਮਰਜੈਂਸੀ ਸਹਾਇਤਾ: ਸਿਹਤ ਖਰਾਬ ਹੋਣ ਜਾਂ ਕਿਸੇ ਹੋਰ ਸਮੱਸਿਆ ਦੀ ਸਥਿਤੀ ਵਿੱਚ ਤੁਰੰਤ ਨਜ਼ਦੀਕੀ ਮੈਡੀਕਲ ਕੈਂਪ ਜਾਂ ਸੁਰੱਖਿਆ ਬਲਾਂ ਨਾਲ ਸੰਪਰਕ ਕਰਨ ਲਈ ਕਿਹਾ ਗਿਆ ਹੈ। ਪ੍ਰਸ਼ਾਸਨ ਦਾ ਕਹਿਣਾ ਹੈ ਕਿ ਸੁਰੱਖਿਅਤ ਯਾਤਰਾ ਲਈ ਸਾਰੇ ਪੁਖ਼ਤਾ ਇੰਤਜ਼ਾਮ ਕਰ ਲਏ ਗਏ ਹਨ ਅਤੇ ਸ਼ਰਧਾਲੂਆਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

## ਠੇਕੇ ਵਾਲੇ ਸਫ਼ਾਈ ਕਾਮਿਆਂ ਦਾ ਮਾਸਿਕ ਮਿਹਨਤਾਨਾ 1 ਅਗਸਤ ਤੋਂ ਸੋਧ ਕੇ 20,520 ਰੁਪਏ ਕੀਤਾ: ਹਰਜੋਤ ਸਿੰਘ ਬੈਂਸ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਚੰਡੀਗੜ੍ਹ; 28 ਜੁਲਾਈ: ਪੰਜਾਬ ਭਰ ਦੇ ਹਜ਼ਾਰਾਂ ਸਫ਼ਾਈ ਕਾਮਿਆਂ ਨੂੰ ਵੱਡੀ ਰਾਹਤ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਅੱਜ ਸ਼ਹਿਰੀ ਸਥਾਨਕ ਇਕਾਈਆਂ ਵਿੱਚ ਕੰਮ ਕਰਦੇ ਸਫ਼ਾਈ ਸੇਵਕਾਂ ਅਤੇ ਸੀਵਰਮੈਨਾਂ ਲਈ ਇੱਕ ਵਿਆਪਕ ਭਲਾਈ ਪੈਕੇਜ ਦਾ ਐਲਾਨ ਕੀਤਾ ਹੈ। ਸਰਕਾਰ ਨੇ ਤਿੰਨ ਸਾਲ ਦੀ ਨਿਰੰਤਰ ਸੇਵਾ ਵਾਲੇ ਆਊਟਸੋਰਸ ਸਫ਼ਾਈ ਕਾਮਿਆਂ ਨੂੰ ਸਿੱਧੇ ਠੇਕੇ (ਡਾਇਰੈਕਟ ਕੰਟਰੈਕਟ) ਅਧੀਨ ਲਿਆਉਣ, ਪੰਜ ਸਾਲ ਦੀ ਸੇਵਾ ਪੂਰੀ ਕਰ ਚੁੱਕੇ ਠੇਕਾ ਆਧਾਰਤ ਕਾਮਿਆਂ ਸਮੇਤ ਸਾਲ 2021 ਵਿੱਚ ਰੱਖੇ ਗਏ ਵਰਕਰਾਂ ਨੂੰ ਪੱਕਾ (ਰੈਗੂਲਰ) ਕਰਨ ਅਤੇ ਠੇਕਾ ਆਧਾਰਤ ਸਫ਼ਾਈ ਸਟਾਫ਼ ਦਾ ਮਾਸਿਕ ਮਿਹਨਤਾਨਾ 1 ਅਗਸਤ, 2026 ਤੋਂ ਸੋਧ ਕੇ 20,520 ਰੁਪਏ ਕਰਨ ਦਾ ਫੈਸਲਾ ਕੀਤਾ ਹੈ। ਇੱਥੇ ਪੰਜਾਬ ਭਵਨ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਇਨ੍ਹਾਂ ਫੈਸਲਿਆਂ ਦਾ ਐਲਾਨ ਕਰਦਿਆਂ ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ, "ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਨਗਰ ਨਿਗਮਾਂ, ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਵਿੱਚ ਆਊਟਸੋਰਸਿੰਗ 'ਤੇ ਕੰਮ ਕਰਦੇ ਅਤੇ ਤਿੰਨ ਸਾਲ ਦੀ ਸੇਵਾ ਪੂਰੀ ਕਰ ਚੁੱਕੇ ਸਫ਼ਾਈ ਸੇਵਕਾਂ ਅਤੇ ਸੀਵਰਮੈਨਾਂ ਨੂੰ ਸਿੱਧੇ ਠੇਕਾ ਆਧਾਰਤ ਕਰਮਚਾਰੀਆਂ ਵਿੱਚ ਤਬਦੀਲ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਹ ਫ਼ੈਸਲਾ ਸਾਡੇ ਸਤਿਕਾਰਯੋਗ ਸਫ਼ਾਈ ਸੇਵਕਾਂ ਅਤੇ ਸੀਵਰਮੈਨਾਂ ਨੂੰ ਵੱਡੀ ਰਾਹਤ ਪ੍ਰਦਾਨ ਕਰੇਗਾ। ਭਗਵੰਤ ਮਾਨ ਸਰਕਾਰ ਦੇ ਇੱਕ ਹੋਰ ਇਤਿਹਾਸਕ ਫੈਸਲੇ ਬਾਰੇ ਜਾਣਕਾਰੀ ਦਿੰਦਿਆਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਨੇ ਕਿਹਾ, "ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਹ ਵੀ ਫੈਸਲਾ ਕੀਤਾ ਹੈ ਕਿ ਪੰਜ ਸਾਲ ਦੀ ਸੇਵਾ ਪੂਰੀ ਕਰਨ ਵਾਲੇ ਠੇਕੇ 'ਤੇ ਕੰਮ ਕਰ ਰਹੇ ਸਫ਼ਾਈ ਸੇਵਕਾਂ ਅਤੇ ਸੀਵਰਮੈਨਾਂ ਅਤੇ ਸਾਲ 2021 ਵਿੱਚ ਰੱਖੇ ਗਏ ਸਾਰੇ ਸਫ਼ਾਈ ਸੇਵਕਾਂ ਨੂੰ ਰੈਗੂਲਰ ਕੀਤਾ ਜਾਵੇਗਾ। ਇਹ ਇੱਕ ਅਜਿਹਾ ਇਤਿਹਾਸਕ ਕਦਮ ਹੈ ਜਿਸ ਸਦਕਾ ਪੰਜਾਬ ਵਿੱਚ ਸੇਵਾ ਕਰਨ ਵਾਲੇ ਹਰੇਕ ਸਫ਼ਾਈ ਸੇਵਕ ਅਤੇ ਸੀਵਰਮੈਨ ਦੀ ਭਲਾਈ ਨੂੰ ਯਕੀਨੀ ਬਣਾਇਆ ਜਾਵੇਗਾ। ਇਸ ਸਬੰਧੀ ਲਾਗੂਕਰਨ ਪ੍ਰਕਿਰਿਆ ਬਾਰੇ ਦੱਸਦਿਆਂ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ, "ਸਾਰੀਆਂ ਨਗਰ ਨਿਗਮਾਂ, ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਨੂੰ ਇਹ ਮਾਮਲਾ ਆਪਣੇ-ਆਪਣੇ ਹਾਊਸ ਅੱਗੇ ਰੱਖਣ ਅਤੇ ਮਤੇ ਪਾਸ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਸ਼ਹਿਰੀ ਸਥਾਨਕ ਇਕਾਈਆਂ ਕੋਲ ਹਰੇਕ ਕਰਮਚਾਰੀ ਦੀਆਂ ਸੇਵਾਵਾਂ ਦਾ ਮੁਕੰਮਲ ਰਿਕਾਰਡ ਹੈ। ਹਾਊਸ ਵੱਲੋਂ ??ਯੋਗ ਕਰਮਚਾਰੀਆਂ ਦੇ ਵੇਰਵਿਆਂ ਸਮੇਤ ਆਪਣਾ ਮਤਾ ਭੇਜਿਆ ਜਾਵੇਗਾ ਅਤੇ ਸੂਬਾ ਸਰਕਾਰ ਵੱਲੋਂ ਅੰਤਿਮ ਪ੍ਰਵਾਨਗੀ ਦਿੱਤੀ ਜਾਵੇਗੀ। ਜਿੰਨੀ ਜਲਦੀ ਕੋਈ ਨਗਰ ਨਿਗਮ, ਨਗਰ ਕੌਂਸਲ ਜਾਂ ਨਗਰ ਪੰਚਾਇਤ ਆਪਣਾ ਪ੍ਰਸਤਾਵ ਭੇਜਦੀ ਹੈ,



ਓਨੀ ਹੀ ਜਲਦੀ ਅਸੀਂ ਮਨਜ਼ੂਰੀ ਦੇਵਾਂਗੇ ਅਤੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਸੇਵਾਵਾਂ ਨੂੰ ਰੈਗੂਲਰ ਕਰਨ ਦੀ ਪ੍ਰਕਿਰਿਆ ਨੂੰ ਮੁਕੰਮਲ ਕਰਾਂਗੇ। ਸਥਾਨਕ ਸਰਕਾਰਾਂ ਬਾਰੇ ਮੰਤਰੀ ਨੇ ਕਿਹਾ, "ਕੱਲ੍ਹ ਕੀਤੇ ਗਏ ਐਲਾਨ ਮੁਤਾਬਕ ਸੋਧਿਆ ਹੋਇਆ ਮਿਹਨਤਾਨਾ 1 ਅਗਸਤ, 2026 ਤੋਂ ਲਾਗੂ ਹੋਵੇਗਾ। ਆਊਟਸੋਰਸਿੰਗ ਤੋਂ ਸਿੱਧੇ ਠੇਕਾ ਪ੍ਰਣਾਲੀ ਅਧੀਨ ਲਿਆਂਦੇ ਜਾ ਰਹੇ ਕਰਮਚਾਰੀਆਂ ਨੂੰ 20,520 ਰੁਪਏ ਮਹੀਨਾਵਾਰ ਮਿਹਨਤਾਨਾ ਮਿਲੇਗਾ। ਇਸ ਨਾਲ ਉਨ੍ਹਾਂ ਦੀ ਤਨਖ਼ਾਹ ਵਿੱਚ ਕਾਫ਼ੀ ਵਾਧਾ ਹੋਵੇਗਾ ਅਤੇ ਲਾਗੂ ਕਾਨੂੰਨੀ ਯੋਗਦਾਨ ਉਨ੍ਹਾਂ ਦੇ ਸਬੰਧਤ ਫੰਡਾਂ ਵਿੱਚ ਜਮ?ਹਾ ਹੁੰਦਾ ਰਹੇਗਾ। ਇਨ੍ਹਾਂ ਫੈਸਲਿਆਂ ਨੂੰ ਸਫਾਈ ਕਰਮਚਾਰੀਆਂ ਲਈ ਅਹਿਮ ਮੀਲ ਪੱਥਰ ਦੱਸਦਿਆਂ ਹਰਜੋਤ ਸਿੰਘ ਬੈਂਸ ਨੇ ਕਿਹਾ, "ਇਹ ਫੈਸਲਾ ਉਨ੍ਹਾਂ ਲੋਕਾਂ ਦੇ ਮਾਣ-ਸਨਮਾਨ ਨੂੰ ਬਹਾਲ ਕਰਦਾ ਹੈ ਜੋ ਸਾਡੇ ਸ਼ਹਿਰਾਂ ਨੂੰ ਸਾਫ਼-ਸੁਥਰਾ ਰੱਖਦੇ ਹਨ। ਅੱਜ, ਭਗਵੰਤ ਮਾਨ ਸਰਕਾਰ ਨੇ ਸਾਡੇ ਸਫਾਈ ਕਰਮਚਾਰੀਆਂ ਪ੍ਰਤੀ ਆਪਣੀ ਵਚਨਬੱਧਤਾ ਨੂੰ ਪੂਰਾ ਕੀਤਾ ਹੈ।

# ਡਰਾਈਵਿੰਗ ਲਾਇਸੈਂਸ ਲਈ ਜ਼ਰੂਰੀ ਹੋਵੇਗਾ ਇਹ ਸਰਟੀਫਿਕੇਟ; ਇਸ ਸੂਬੇ 'ਚ ਲਾਗੂ ਹੋਵੇਗਾ ਨਿਯਮ !

**ਕੌਮੀ ਪਤ੍ਰਿਕਾ**

ਬਿਜ਼ਨੈੱਸ ਡੈਸਕ 28 ਜੁਲਾਈ। ਮਹਾਰਾਸ਼ਟਰ ਸਰਕਾਰ ਡਰਾਈਵਿੰਗ ਲਾਇਸੈਂਸ ਜਾਰੀ ਕਰਨ ਦੇ ਨਿਯਮਾਂ ਨੂੰ ਬਦਲਣ ਦੀ ਯੋਜਨਾ ਬਣਾ ਰਹੀ ਹੈ। ਨਵੇਂ ਨਿਯਮ ਤਹਿਤ ਸੂਬੇ ਵਿੱਚ ਡਰਾਈਵਿੰਗ ਲਾਇਸੈਂਸ ਲਈ ਅਰਜ਼ੀ ਦੇਣ ਵਾਲਿਆਂ ਨੂੰ ਹੁਣ ਇੱਕ ਨਿਵਾਸ ਸਰਟੀਫਿਕੇਟ ਪ੍ਰਦਾਨ ਕਰਨਾ ਲਾਜ਼ਮੀ ਹੋਵੇਗਾ। ਮਹਾਰਾਸ਼ਟਰ ਦੇ ਟਰਾਂਸਪੋਰਟ ਮੰਤਰੀ ਪ੍ਰਤਾਪ ਸਰਨਾਈਕ ਨੇ ਮੰਗਲਵਾਰ ਨੂੰ ਵਿਧਾਨ ਸਭਾ ਵਿੱਚ ਇਸਦਾ ਐਲਾਨ ਕੀਤਾ। ਵਿਧਾਇਕ ਦਿਲੀਪ ਲਾਂਡੇ ਦੇ ਇੱਕ ਸਵਾਲ ਦੇ ਜਵਾਬ ਵਿੱਚ, ਉਨ੍ਹਾਂ ਕਿਹਾ ਕਿ ਇਹ ਨਿਯਮ 1 ਅਗਸਤ, 2026 ਤੋਂ ਪੂਰੇ ਮਹਾਰਾਸ਼ਟਰ ਵਿੱਚ ਲਾਗੂ ਹੋਣ ਲਈ ਤਿਆਰ ਹੈ। ਆਵਾਜਾਈ ਮੰਤਰੀ ਪ੍ਰਤਾਪ ਸਰਨਾਈਕ ਨੇ ਕਿਹਾ ਕਿ ਡਰਾਈਵਿੰਗ ਲਾਇਸੈਂਸ ਲਈ ਨਿਵਾਸ ਸਰਟੀਫਿਕੇਟ ਦੀ ਲੋੜ ਵਾਲਾ ਇੱਕ ਨਿਯਮ ਤਿਆਰ ਕੀਤਾ ਗਿਆ ਹੈ। ਖਰੜਾ ਕਾਨੂੰਨ ਅਤੇ ਨਿਆਂ ਵਿਭਾਗ ਨੂੰ ਸਮੀਖਿਆ ਲਈ ਭੇਜਿਆ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਨਿਯਮ ਸਬੰਧਤ ਵਿਭਾਗਾਂ ਤੋਂ ਪ੍ਰਵਾਨਗੀ ਮਿਲਣ ਤੋਂ ਬਾਅਦ ਹੀ ਲਾਗੂ ਹੋਵੇਗਾ। ਮੰਤਰੀ ਨੇ ਕਿਹਾ ਕਿ ਇਸ ਕਦਮ ਦਾ ਉਦੇਸ਼ ਰਾਜ ਵਿੱਚ ਡਰਾਈਵਿੰਗ ਲਾਇਸੈਂਸ ਜਾਰੀ ਕਰਨ ਦੀ ਪ੍ਰਕਿਰਿਆ ਨੂੰ ਸੁਚਾਰੂ ਬਣਾਉਣਾ ਹੈ। ਹਾਲਾਂਕਿ, ਉਨ੍ਹਾਂ ਨੇ ਤੁਰੰਤ ਇਹ ਸਪੱਸ਼ਟ ਨਹੀਂ ਕੀਤਾ ਕਿ ਬਿਨੈਕਾਰਾਂ ਨੂੰ ਆਪਣਾ ਨਿਵਾਸ ਪ੍ਰਮਾਣਿਤ ਕਰਨ ਲਈ ਕਿਹੜੇ ਦਸਤਾਵੇਜ਼ ਜਮ?ਹਾ ਕਰਨ ਦੀ ਲੋੜ ਹੋਵੇਗੀ। ਟਰਾਂਸਪੋਰਟ ਮੰਤਰੀ ਨੇ ਵਿਧਾਨ ਸਭਾ ਨੂੰ ਐਪ-



ਅਧਾਰਤ ਬਾਈਕ ਟੈਕਸੀ ਸੇਵਾਵਾਂ ਬਾਰੇ ਵੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਗੈਰ-ਕਾਨੂੰਨੀ ਬਾਈਕ ਟੈਕਸੀਆਂ ਵਿਰੁੱਧ ਕਾਰਵਾਈ ਕੀਤੀ ਜਾ ਰਹੀ ਹੈ। ਸਰਕਾਰ ਇਸ ਖੇਤਰ ਨੂੰ ਕਾਨੂੰਨੀ ਬਣਾਉਣ ਲਈ ਇੱਕ ਰੈਗੂਲੇਟਰੀ ਢਾਂਚਾ ਵਿਕਸਤ ਕਰ ਰਹੀ ਹੈ। ਇਸਦਾ ਉਦੇਸ਼ ਰਾਜ ਲਈ ਮਾਲੀਆ ਪੈਦਾ ਕਰਨਾ, ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਵਧਾਉਣਾ ਅਤੇ ਬਾਈਕ ਟੈਕਸੀ ਸੇਵਾਵਾਂ ਨੂੰ ਸਰਕਾਰੀ ਨਿਗਰਾਨੀ ਹੇਠ ਲਿਆਉਣਾ ਹੈ। ਪ੍ਰਸਤਾਵਿਤ ਨਿਯਮਾਂ ਅਨੁਸਾਰ, ਬਾਈਕ ਟੈਕਸੀ ਆਪਰੇਟਰਾਂ ਨੂੰ ਸਰਕਾਰ ਨੂੰ 5 ਰੁਪਏ ਦੀ ਰੋਜ਼ਾਨਾ ਫੀਸ ਅਦਾ ਕਰਨੀ ਪਵੇਗੀ। ਇਸ ਤੋਂ ਇਲਾਵਾ, ਹਰੇਕ ਯਾਤਰਾ ਤੋਂ 2 ਰੁਪਏ ਡਰਾਈਵਰ ਭਲਾਈ ਫੰਡ ਵਿੱਚ ਜਮ?ਹਾ ਕੀਤੇ ਜਾਣਗੇ। ਸਰਨਾਈਕ ਨੇ ਕਿਹਾ ਕਿ ਬਿਨਾਂ ਇਜਾਜ਼ਤ ਦੇ ਨਿੱਜੀ ਦੋ-ਪਹੀਆ ਵਾਹਨਾਂ 'ਤੇ ਯਾਤਰੀਆਂ ਨੂੰ ਲਿਜਾਣਾ ਨਿਯਮਾਂ ਦੇ ਵਿਰੁੱਧ ਹੈ। ਹਾਲਾਂਕਿ, ਸਟੇਟ ਟ?ਰਾਂਸਪੋਰਟ ਅਥਾਰਟੀ ਨੇ ਕੁਝ ਐਗਰੀਗੇਟਰ ਕੰਪਨੀਆਂ ਨੂੰ ਮੁੰਬਈ ਮੈਟਰੋਪੋਲੀਟਨ ਖੇਤਰ ਵਿੱਚ ਕੰਮ ਕਰਨ ਲਈ 30 ਦਿਨਾਂ ਦੇ ਅਸਥਾਈ ਲਾਇਸੈਂਸ ਦਿੱਤੇ ਸਨ। ਇਨ੍ਹਾਂ ਕੰਪਨੀਆਂ ਵਿੱਚ ਉਬੇਰ ਇੰਡੀਆ ਸਿਸਟਮਜ਼ ਪ੍ਰਾਈਵੇਟ ਲਿਮਟਿਡ, ਰੈਪਿਡੋ (ਰੋਪੀਅਨ ਟ?ਰਾਂਸਪੋਰਟੇਸ਼ਨ ਸਰਵਿਸਿਜ਼ ਪ੍ਰਾਈਵੇਟ ਲਿਮਟਿਡ) ਅਤੇ ਓਲਾ (ਏਐਨਆਈ ਟੈਕਨਾਲੋਜੀਜ਼ ਪ੍ਰਾਈਵੇਟ ਲਿਮਟਿਡ) ਸ਼ਾਮਲ ਹਨ। ਇਹ ਲਾਇਸੈਂਸ ਇਸ ਸ਼ਰਤ 'ਤੇ ਦਿੱਤਾ ਗਿਆ ਸੀ ਕਿ ਕੰਪਨੀਆਂ ਇੱਕ ਮਹੀਨੇ ਦੇ ਅੰਦਰ ਸਾਰੇ ਜ਼ਰੂਰੀ ਨਿਯਮਾਂ ਦੀ ਪਾਲਣਾ ਕਰਨ। ਟਰਾਂਸਪੋਰਟ ਮੰਤਰੀ ਨੇ ਕਿਹਾ ਕਿ ਮਹਾਰਾਸ਼ਟਰ ਬਾਈਕ ਟੈਕਸੀ ਨਿਯਮ, 2025, ਔਰਤਾਂ, ਵਿਦਿਆਰਥੀਆਂ ਅਤੇ ਨਾਬਾਲਗ ਯਾਤਰੀਆਂ ਦੀ ਸੁਰੱਖਿਆ ਲਈ ਵਿਸ਼ੇਸ਼ ਉਪਬੰਧ ਹਨ। ਇਨ੍ਹਾਂ ਨਿਯਮਾਂ ਦੇ ਤਹਿਤ, ਬਾਈਕ ਟੈਕਸੀ ਡਰਾਈਵਰਾਂ ਨੂੰ ਮੋਟਰ ਵਾਹਨ ਐਕਟ, 1988 ਦੇ ਅਨੁਸਾਰ ਇੱਕ ਵੈਧ ਡਰਾਈਵਿੰਗ ਲਾਇਸੈਂਸ ਹੋਣਾ ਲਾਜ਼ਮੀ ਹੋਵੇਗਾ। ਉਨ੍ਹਾਂ ਕੋਲ ਮਹਾਰਾਸ਼ਟਰ ਮੋਟਰ ਵਾਹਨ ਨਿਯਮ, 1989 ਦੇ ਤਹਿਤ ਜਾਰੀ ਕੀਤਾ ਗਿਆ ਇੱਕ ਜਨਤਕ ਸੇਵਾ ਵਾਹਨ ਬੈਜ ਵੀ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਬੈਜ ਜਾਰੀ ਕਰਨ ਤੋਂ ਪਹਿਲਾਂ ਪੁਲਿਸ ਦੁਆਰਾ ਡਰਾਈਵਰ ਦੇ ਚਰਿੱਤਰ ਦੀ ਪੁਸ਼ਟੀ ਕੀਤੀ ਜਾਵੇਗੀ। ਸਰਨਾਈਕ ਨੇ ਕਿਹਾ ਕਿ ਟ?ਰੈਫਿਕ ਉਲੰਘਣਾ ਕਰਨ ਵਾਲਿਆਂ ਅਤੇ ਅਣਅਧਿਕਾਰਤ ਡਰਾਈਵਰਾਂ ਵਿਰੁੱਧ ਸਰਕਾਰ ਦੀ ਕਾਰਵਾਈ ਜਾਰੀ ਰਹੇਗੀ। ਨਿਯਮਾਂ ਦੀ ਉਲੰਘਣਾ ਕਰਨ ਵਾਲੇ ਡਰਾਈਵਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਟਰਾਂਸਪੋਰਟ ਮੰਤਰੀ ਅਨੁਸਾਰ, ਪਿਛਲੇ ਵਿੱਤੀ ਸਾਲ ਵਿੱਚ ਗੈਰ-ਕਾਨੂੰਨੀ ਤੌਰ 'ਤੇ ਚੱਲਣ ਵਾਲੇ ਵਾਹਨਾਂ ਵਿਰੁੱਧ ਲਗਾਤਾਰ ਕਾਰਵਾਈ ਕੀਤੀ ਗਈ। ਅਪ੍ਰੈਲ 2025 ਅਤੇ ਮਾਰਚ 2026 ਵਿਚਕਾਰ, ਟ?ਰਾਂਸਪੋਰਟ ਵਿਭਾਗ ਨੇ ਵੈਧ ਪਰਮਿਟਾਂ ਤੋਂ ਬਿਨਾਂ ਚੱਲਣ ਵਾਲੇ 814 ਵਾਹਨਾਂ ਦੀ ਪਛਾਣ ਕੀਤੀ। ਇਨ੍ਹਾਂ ਵਿੱਚੋਂ 151 ਵਾਹਨ ਜ਼ਬਤ ਕੀਤੇ ਗਏ, 14 ਐਫਆਈਆਰ ਦਰਜ ਕੀਤੀਆਂ ਗਈਆਂ ਅਤੇ ਕੁੱਲ 16.25 ਲੱਖ ਰੁਪਏ ਦਾ ਜੁਰਮਾਨਾ ਇਕੱਠਾ ਕੀਤਾ ਗਿਆ। ਇਸ ਤੋਂ ਇਲਾਵਾ, ਅਪ੍ਰੈਲ ਅਤੇ ਮਈ 2026 ਦੇ ਅੰਕੜਿਆਂ ਅਨੁਸਾਰ, ਇਨ੍ਹਾਂ ਦੋ ਮਹੀਨਿਆਂ ਵਿੱਚ 211 ਵਾਹਨਾਂ ਵਿਰੁੱਧ ਕਾਰਵਾਈ ਕੀਤੀ ਗਈ। ਇਨ੍ਹਾਂ ਵਿੱਚੋਂ 66 ਵਾਹਨ ਜ਼ਬਤ ਕੀਤੇ ਗਏ ਅਤੇ 2.31 ਲੱਖ ਰੁਪਏ ਦਾ ਜੁਰਮਾਨਾ ਇਕੱਠਾ ਕੀਤਾ ਗਿਆ। ਇਨ੍ਹਾਂ ਦੋ ਮਹੀਨਿਆਂ ਦੌਰਾਨ ਕਿਸੇ ਵੀ ਮਾਮਲੇ ਵਿੱਚ ਕੋਈ ਐਫਆਈਆਰ ਦਰਜ ਨਹੀਂ ਕੀਤੀ ਗਈ।

# ਮਿੰਟਾਂ 'ਚ ਸੀਲ ਹੋਵੇਗਾ ਚੰਡੀਗੜ੍ਹ ਸ਼ਹਿਰ ! ਲਾਗੂ ਹੋਵੇਗਾ ਨਵਾਂ ਸੁਰੱਖਿਆ ਸਿਸਟਮ

**ਕੌਮੀ ਪਤ੍ਰਿਕਾ**

ਚੰਡੀਗੜ੍ਹ 28 ਜੁਲਾਈ। ਇੱਥੇ ਸੈਕਟਰ-11 ਸਥਿਤ ਸ਼੍ਰੀ ਕੁਮਾਰ ਕੈਮਿਸਟ ਦੇ ਕੈਸ਼ੀਅਰ ਜਾਨਕੀ ਦਾਸ ਦੇ ਦਿਨ-ਦਿਹਾੜੇ ਕਤਲ ਤੋਂ ਬਾਅਦ ਪੁਲਸ ਨੇ ਸੁਰੱਖਿਆ ਤੇ ਨਿਗਰਾਨੀ ਪ੍ਰਣਾਲੀ 'ਚ ਵੱਡੇ ਬਦਲਾਅ ਕਰਨ ਦਾ ਫ਼ੈਸਲਾ ਕੀਤਾ ਹੈ। ਹੁਣ ਕਿਸੇ ਵੀ ਅਪਰਾਧਿਕ ਘਟਨਾ ਤੋਂ ਬਾਅਦ ਮਿੰਟਾਂ ਅੰਦਰ ਪੂਰੇ ਸ਼ਹਿਰ ਨੂੰ ਸੀਲ ਕੀਤਾ ਜਾਵੇਗਾ, ਜਦੋਂ ਕਿ ਬੀਟ ਸਟਾਫ਼ ਨੂੰ ਆਪਣੇ ਖੇਤਰ ਤੋਂ ਬਾਹਰ ਜਾਣ ਦੀ ਇਜਾਜ਼ਤ ਨਹੀਂ ਹੋਵੇਗੀ। ਪੁਲਸ ਵਿਭਾਗ ਵੱਲੋਂ ਬੀਟ ਸਟਾਫ, ਟ?ਰੈਫਿਕ ਪੁਲਸ ਤੇ ਪੀ. ਸੀ. ਆਰ. ਮੁਲਾਜ਼ਮਾਂ ਲਈ ਕਰੀਬ 2800 ਅਜਿਹੇ ਆਧੁਨਿਕ ਵਾਇਰਲੈੱਸ ਸੈੱਟ ਖਰੀਦੇ ਜਾ ਰਹੇ ਹਨ, ਜਿਨ੍ਹਾਂ ਰਾਹੀਂ ਉਨ੍ਹਾਂ ਦੀ ਲੋਕੇਸ਼ਨ ਹਰ ਸਮੇਂ ਟਰੈਕ ਕੀਤੀ ਜਾ ਸਕੇਗੀ। ਇਸ ਨਾਲ ਸੀਨੀਅਰ ਅਧਿਕਾਰੀ ਇਹ ਯਕੀਨੀ ਬਣਾਉਣਗੇ ਕਿ ਡਿਊਟੀ 'ਤੇ ਤਾਇਨਾਤ ਕਰਮਚਾਰੀ ਨਿਰਧਾਰਤ ਇਲਾਕੇ 'ਚ ਹੀ ਮੌਜੂਦ ਹਨ। ਪੁਲਸ ਨੇ ਸਾਰੇ ਥਾਣਾ ਮੁਖੀਆਂ ਨੂੰ ਆਪਣੇ ਖੇਤਰਾਂ ਤੋਂ ਬਾਹਰ ਜਾਣ ਵਾਲੀਆਂ ਸੜਕਾਂ ਦੀ ਪਛਾਣ ਕਰਕੇ ਤੁਰੰਤ ਨਾਕਾਬੰਦੀ ਲਈ ਤਿਆਰ ਰਹਿਣ ਦੇ ਨਿਰਦੇਸ਼ ਦਿੱਤੇ ਹਨ। ਇਸ ਵਾਰ ਸ਼ਹਿਰ ਨੂੰ ਸੀਲ ਕਰਨ ਦੀ ਪੂਰੀ ਜ਼ਿੰਮੇਵਾਰੀ ਐੱਸ. ਪੀ. ਸਿਟੀ ਨੂੰ ਸੌਂਪੀ ਗਈ ਹੈ। ਇਸ ਲਈ ਹਰ ਥਾਣੇ ਨੂੰ 40 ਤੋਂ 45 ਨਵੇਂ ਬੈਰੀਕੇਡ ਮੁਹੱਈਆ ਕਰਵਾਏ ਜਾ ਰਹੇ ਹਨ। ਕੈਸ਼ੀਅਰ ਕਤਲਕਾਂਡ ਨੇ ਪੁਲਸ ਦੇ ਨਾਕਾ ਸਿਸਟਮ 'ਤੇ ਵੀ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਹੈਰਾਨੀਜਨਕ ਹੈ ਕਿ ਜਾਨਕੀ ਦਾਸ ਦਾ ਕਤਲ ਉਸੇ ਥਾਂ ਹੋਇਆ, ਜਿੱਥੇ ਨਾਕਾ ਲੱਗਿਆ ਹੋਇਆ ਸੀ ਪਰ ਉੱਥੇ ਤਾਇਨਾਤ ਮੁਲਾਜ਼ਮਾਂ ਨੂੰ ਘਟਨਾ ਦੀ ਭਿਣਕ ਤੱਕ ਨਹੀਂ ਲੱਗੀ। ਕਾਤਲ ਵਾਰਦਾਤ ਨੂੰ ਅੰਜਾਮ ਦੇ ਕੇ ਆਟੋ ਰਾਹੀਂ ਫ਼ਰਾਰ ਹੋ ਗਏ। ਇਸ ਤੋਂ ਪਹਿਲਾਂ ਵੀ ਸੈਕਟਰ-9 ਦੇ ਪ੍ਰਾਪਰਟੀ ਡੀਲਰ ਕਤਲ ਮਾਮਲੇ ਤੇ ਪੰਜਾਬ ਭਾਜਪਾ ਦਫ਼ਤਰ 'ਤੇ ਹੋਏ ਬੰਬ ਹਮਲੇ ਦੇ ਦੋਸ਼ੀ ਸ਼ਹਿਰ ਦੇ ਨਾਕਿਆਂ ਤੋਂ ਲੰਘ ਕੇ ਫ਼ਰਾਰ ਹੋ ਗਏ ਸਨ। ਅਜਿਹੇ ਮਾਮਲਿਆਂ ਨੇ ਨਾਕਾਬੰਦੀ ਦੀ ਪ੍ਰਭਾਵਸ਼ੀਲਤਾ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਪੁਲਸ ਵਿਭਾਗ ਹੁਣ ਬੀਟ ਸਿਸਟਮ ਨੂੰ ਹੋਰ ਮਜ਼ਬੂਤ ਕਰਨ ਦੀ ਯੋਜਨਾ 'ਤੇ ਕੰਮ ਕਰ ਰਿਹਾ ਹੈ। ਬੀਟ ਮੁਲਾਜ਼ਮਾਂ ਨੂੰ ਬਾਜ਼ਾਰਾਂ ਤੇ ਵਪਾਰਕ ਇਲਾਕਿਆਂ ਵਿੱਚ ਨਿਯਮਿਤ ਗਸ਼ਤ ਕਰਨ ਤੇ ਦੁਕਾਨਦਾਰਾਂ ਨਾਲ ਸਿੱਧਾ ਸੰਪਰਕ ਬਣਾਉਣ ਲਈ ਕਿਹਾ ਗਿਆ ਹੈ, ਤਾਂ ਜੋ ਲੋਕਾਂ 'ਚ ਸੁਰੱਖਿਆ ਦੀ ਭਾਵਨਾ ਮਜ਼ਬੂਤ ਹੋ ਸਕੇ।

## ਟਰੈਕਟਰ-ਟਰਾਲੀ ਹੇਠਾਂ ਆਉਣ ਕਾਰਨ ਸਾਈਕਲ ਸਵਾਰ ਦੀ ਮੌਤ

ਗੜ੍ਹਸ਼ੰਕਰ 28 ਜੁਲਾਈ। ਗੜ੍ਹਸ਼ੰਕਰ-ਨੰਗਲ ਰੋਡ 'ਤੇ ਟਰੈਕਟਰ ਟਰਾਲੀ ਹੇਠਾਂ ਸਾਈਕਲ ਸਵਾਰ ਆਉਣ ਦੇ ਨਾਲ ਇਕ ਵਿਅਕਤੀ ਦੀ ਮੌਤ ਹੋ ਗਈ। ਜਾਣਕਾਰੀ ਮੁਤਾਬਕ ਸਾਈਕਲ ਸਵਾਰ ਨੰਗਲ ਰੋਡ ਤੋਂ ਸ਼ਹਿਰ ਵੱਲ ਨੂੰ ਆ ਰਿਹਾ ਸੀ ਤਾਂ ਪਿੱਛਿਓਂ ਟਰੈਕਟਰ-ਟਰਾਲੀ ਉਸ ਦੇ ਉੱਪਰ ਚੜ੍ਹ ਗਈ, ਜਿਸ ਦੇ ਕਾਰਨ ਸਾਈਕਲ ਸਵਾਰ ਦੀ ਮੌਕੇ 'ਤੇ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਕਸ਼ਮੀਰੀ ਲਾਲ ਪੁੱਤਰ ਸਗਲੀ ਰਾਮ ਵਾਸੀ ਸੰਤੋਖ ਨਗਰ ਗੜ੍ਹਸ਼ੰਕਰ ਵਜੋਂ ਹੋਈ ਹੈ। ਥਾਣਾ ਗੜ੍ਹਸ਼ੰਕਰ ਪੁਲਸ ਨੇ ਮ੍ਰਿਤਕ ਦੇਹ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਦੀ ਮੋਰਚਰੀ ਵਿੱਚ ਰੱਖਿਆ ਹੈ। ਇਸ ਸਬੰਧੀ ਪੁਲਸ ਅਧਿਕਾਰੀ ਕੈਮਰੇ ਅੱਗੇ ਬੋਲਣ ਨੂੰ ਤਿਆਰ ਨਹੀਂ ਹੈ।

# ਜ਼ਮੀਨ ਤੇ ਪੈਸਿਆਂ ਦੇ ਲਾਲਚ 'ਚ ਕਲਯੁੱਗੀ ਪੁੱਤ ਨੇ ਪਿਓ ਦਾ ਕੀਤਾ ਕਤਲ

ਬਦਾਊਂ 28 ਜੁਲਾਈ। ਉੱਤਰ ਪ੍ਰਦੇਸ਼ ਦੇ ਬਦਾਊਂ ਜ਼ਿਲ੍ਹੇ ਦੇ ਬਿਨਾਵਰ ਥਾਣਾ ਖੇਤਰ 'ਚ ਜ਼ਮੀਨ ਅਤੇ ਪੈਸਿਆਂ ਦੇ ਲਾਲਚ 'ਚ ਇਕ ਕਲਯੁੱਗੀ ਪੁੱਤ ਨੇ ਆਪਣੇ ਬਜ਼ੁਰਗ ਪਿਤਾ ਦਾ ਕੁਹਾੜੀ ਮਾਰ ਕੇ ਕਤਲ ਕਰ ਦਿੱਤਾ। ਪੁਲਸ ਸੂਤਰਾਂ ਨੇ ਸ਼ਨੀਵਾਰ ਨੂੰ ਦੱਸਿਆ ਕਿ ਪਿੰਡ



ਬਿਓਰ ਵਾਸੀ ਰਾਧੇਲਾਲ (60) ਦਾ ਸ਼ੁੱਕਰਵਾਰ ਦੇਰਾ ਰਾਤ ਖਾਣਾ ਖਾਂਦੇ ਸਮੇਂ ਉਸ ਦੇ ਪੁੱਤ ਅਹਿਵਰਨ ਨੇ ਕੁਹਾੜੀ ਨਾਲ ਹਮਲਾ ਕਰ ਕੇ ਕਤਲ ਕਰ ਦਿੱਤਾ। ਵਾਰਦਾਤ ਤੋਂ ਬਾਅਦ ਦੋਸ਼ੀ ਖੂਨ ਨਾਲ ਲੱਥਪੱਥ ਕੁਹਾੜੀ ਲੈ ਕੇ ਹਨ੍ਹੇਰੇ 'ਚ ਫਰਾਰ ਹੋ ਗਿਆ। ਪੁਲਸ ਅਨੁਸਾਰ ਰਾਧੇਲਾਲ ਕੋਲ 18 ਬੀਘਾ ਜ਼ਮੀਨ ਸੀ। ਉਸ ਦੇ 5 ਮੁੰਡਿਆਂ 'ਚੋਂ ਸਭ ਤੋਂ ਅਹਿਵਰਨ ਪਿਛਲੇ ਕਈ ਦਿਨਾਂ ਤੋਂ ਵੰਡ ਦੀ ਮੰਗ ਕਰ ਰਿਹਾ ਸੀ। ਨਾਲ ਹੀ ਸਵੈ-ਸਹਾਇਤਾ ਸਮੂਹ ਦੀ ਕਿਸ਼ਤ ਜਮ?ਹਾ ਕਰਨ ਲਈ ਰੁਪਏ ਵੀ ਮੰਗ ਰਿਹਾ ਸੀ। ਸ਼ੁੱਕਰਵਾਰ ਨੂੰ ਰਾਧੇਲਾਲ ਨੇ ਮੱਕੀ ਵੇਚ ਕੇ ਰੁਪਏ ਇਕੱਠੇ ਕੀਤੇ। ਪੈਸੇ ਮਿਲਦੇ ਹੀ ਅਹਿਵਰਨ ਮੁੜ ਆ ਪਹੁੰਚਿਆ। ਬਾਪ ਨੇ ਇਨਕਾਰ ਕੀਤਾ ਤਾਂ ਗੱਲ ਵਿਗੜੀ। ਸ਼ਾਮ ਨੂੰ ਕਹਾਸੁਣੀ ਹੋਈ। ਰਾਤ ਨੂੰ ਅਹਿਵਰਨ ਸ਼ਰਾਬ ਦੇ ਨਸ਼ੇ 'ਚ ਘਰ ਆਇਆ। ਖਾਣਾ ਖਾਂਦੇ ਸਮੇਂ ਪੁਰਾਣਾ ਵਿਵਾਦ ਫਿਰ ਛਿੜਿਆ ਅਤੇ ਗੁੱਸੇ 'ਚ ਆ ਕੇ ਉਸ ਨੇ ਘਰ 'ਚ ਰੱਖੀ ਕੁਹਾੜੀ ਨਾਲ ਪਿਤਾ ਦੀ ਗਰਦਨ 'ਤੇ ਵਾਰ ਕੀਤਾ। ਰਾਧੇਲਾਲ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪਿੰਡ ਵਾਸੀਆਂ ਦੀ ਸੂਚਨਾ 'ਤੇ ਪੁਲਸ ਪਹੁੰਚੀ। ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ। ਪੁਲਸ ਸੁਪਰਡੈਂਟ ਨਗਰ ਅਭਿਸ਼ੇਕ ਸਿੰਘ ਨੇ ਦੱਸਿਆ ਕਿ ਦੋਸ਼ੀ ਘਟਨਾ ਤੋਂ ਬਾਅਦ ਫਰਾਰ ਹੈ। ਉਸ ਦੀ ਗ੍ਰਿਫ਼ਤਾਰੀ ਲਈ ਟੀਮ ਗਠਿਤ ਕੀਤੀ ਗਈ ਹੈ। ਫੀਲਡ ਯੂਨਿਟ ਦੇ ਸਬੂਤ ਇਕੱਠੇ ਕੀਤੇ ਹਨ। ਜਲਦ ਹੀ ਛਾਪੇਮਾਰੀ ਕਰ ਕੇ ਦੋਸ਼ੀ ਨੂੰ ਗ੍ਰਿਫ਼ਤਾਰ ਕੀਤਾ ਜਾਵੇਗਾ।

# ਪ੍ਰਸ਼ਾਸਨ ਦੀ ਲਾਪਰਵਾਹੀ ਨਾਲ ਵੱਡੇ ਹਾਦਸੇ ਦਾ ਖ਼ਤਰਾ

**ਕੌਮੀ ਪਤ੍ਰਿਕਾ**

ਨਕੋਦਰ 28 ਜੁਲਾਈ। ਪੁਰਾਣੇ ਜਲੰਧਰ-ਮੋਗਾ ਨੈਸ਼ਨਲ ਹਾਈਵੇ 'ਤੇ ਦਾਣਾ ਮੰਡੀ ਨੇੜੇ ਪਿਛਲੇ ਕਈ ਦਿਨਾਂ ਤੋਂ ਰੁੱਖ ਮੁੱਖ ਸੜਕ 'ਤੇ ਡਿੱਗਿਆ ਪਿਆ ਹੈ, ਜੋ ਹੁਣ ਹਰ ਲੰਘਦੇ ਰਾਹਗੀਰ ਅਤੇ ਵਾਹਨ ਚਾਲਕ ਲਈ ਗੰਭੀਰ ਖ਼ਤਰਾ ਬਣ ਚੁੱਕਾ ਹੈ। ਸੜਕ ਵਿਚਾਲੇ ਤੱਕ ਫੈਲਿਆ ਇਹ ਦਰੱਖਤ ਆਵਾਜਾਈ ਵਿੱਚ ਰੁਕਾਵਟ ਪੈਦਾ ਕਰ ਰਿਹਾ ਹੈ ਪਰ ਹੈਰਾਨੀ ਦੀ ਗੱਲ ਹੈ ਕਿ ਇੰਨੇ ਦਿਨ ਬੀਤ ਜਾਣ ਦੇ ਬਾਵਜੂਦ ਵੀ ਸਬੰਧਤ ਵਿਭਾਗ ਵੱਲੋਂ ਇਸ ਨੂੰ ਹਟਾਉਣ ਲਈ ਕੋਈ ਕਾਰਵਾਈ ਨਹੀਂ ਕੀਤੀ ਗਈ। ਸ਼ਾਹਕੋਟ ਵੱਲੋਂ ਨਕੋਦਰ ਆਉਣ ਵਾਲੇ ਵਾਹਨ ਚਾਲਕਾਂ ਲਈ ਇਹ ਸਥਿਤੀ ਹੋਰ ਵੀ ਖ਼ਤਰਨਾਕ ਹੈ। ਰੁੱਖ ਤੋਂ ਕੁਝ ਹੀ ਦੂਰੀ 'ਤੇ ਸੜਕ 'ਤੇ ਮੋੜ ਹੋਣ ਕਰਕੇ ਡਿੱਗਿਆ ਹੋਇਆ ਦਰੱਖਤ ਦੂਰੋਂ ਦਿਖਾਈ ਨਹੀਂ ਦਿੰਦਾ। ਨਤੀਜੇ ਵਜੋਂ ਵਾਹਨ ਚਾਲਕਾਂ ਨੂੰ ਅਚਾਨਕ ਆਪਣਾ ਰਸਤਾ ਬਦਲਣਾ ਪੈਂਦਾ ਹੈ, ਜਿਸ ਕਾਰਨ ਹਰ ਸਮੇਂ ਕਿਸੇ ਵੱਡੇ ਅਤੇ ਦਰਦਨਾਕ ਹਾਦਸੇ ਦਾ ਖ਼ਤਰਾ ਬਣਿਆ ਰਹਿੰਦਾ ਹੈ। ਸਥਾਨਕ ਲੋਕਾਂ ਅਤੇ ਕਿਸਾਨਾਂ ਮੁਤਾਬਕ ਹਰ ਰੋਜ਼ ਅੰਮ੍ਰਿਤ ਵੇਲੇ ਵੱਡੀ ਗਿਣਤੀ ਵਿੱਚ ਕਿਸਾਨ ਆਪਣੀਆਂ ਫ਼ਸਲਾਂ ਅਤੇ ਸਬਜ਼ੀਆਂ ਲੈ ਕੇ ਦਾਣਾ ਮੰਡੀ ਅਤੇ ਸਬਜ਼ੀ ਮੰਡੀ ਵੱਲ ਰਵਾਨਾ ਹੁੰਦੇ ਹਨ। ਉਸ ਸਮੇਂ ਹਨੇਰਾ ਹੋਣ ਅਤੇ ਮੋੜ ਕਾਰਨ ਸੜਕ 'ਤੇ ਪਿਆ ਇਹ ਵਿਸ਼ਾਲ ਰੁੱਖ ਆਸਾਨੀ ਨਾਲ ਨਜ਼ਰ ਨਹੀਂ ਆਉਂਦਾ। ਖ਼ਾਸ ਕਰਕੇ ਦੋ-ਪਹੀਆ ਵਾਹਨ ਚਾਲਕਾਂ ਲਈ ਇਹ ਇੱਕ ਜਾਨਲੇਵਾ ਖ਼ਤਰਾ ਬਣਿਆ ਹੋਇਆ ਹੈ। ਇਹ ਮਾਰਗ ਨਕੋਦਰ ਸ਼ਹਿਰ ਦੇ ਸਭ ਤੋਂ ਵਿਅਸਤ ਰੂਟਾਂ ਵਿੱਚੋਂ ਇਕ ਹੈ। ਇਸੇ ਸੜਕ 'ਤੇ ਦਾਣਾ ਮੰਡੀ, ਸਬਜ਼ੀ ਮੰਡੀ, ਟਰੱਕ ਯੂਨੀਅਨ ਅਤੇ ਹੋਰ ਕਈ ਵਪਾਰਕ ਅਦਾਰੇ ਸਥਿਤ ਹਨ, ਜਿਸ ਕਾਰਨ ਦਿਨ-



ਰਾਤ ਭਾਰੀ ਵਾਹਨਾਂ ਦੀ ਆਵਾਜਾਈ ਰਹਿੰਦੀ ਹੈ। ਇਸ ਤੋਂ ਇਲਾਵਾ ਸਾਹਮਣੇ ਸਥਿਤ ਜੈਨ ਮੰਦਰ ਵਿੱਚ ਰੋਜ਼ਾਨਾ ਵੱਡੀ ਗਿਣਤੀ ਵਿੱਚ ਸ਼ਰਧਾਲੂ ਮੱਥਾ ਟੇਕਣ ਲਈ ਪਹੁੰਚਦੇ ਹਨ। ਇੰਨੇ ਸੰਵੇਦਨਸ਼ੀਲ ਅਤੇ ਵਿਅਸਤ ਮਾਰਗ 'ਤੇ ਕਈ ਦਿਨਾਂ ਤੋਂ ਡਿੱਗੇ ਰੁੱਖ ਦਾ ਪਿਆ ਰਹਿਣਾ ਪ੍ਰਸ਼ਾਸਨ ਦੀ ਕਾਰਗੁਜ਼ਾਰੀ 'ਤੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਸਥਾਨਕ ਨਿਵਾਸੀਆਂ, ਵਪਾਰੀਆਂ ਅਤੇ ਰਾਹਗੀਰਾਂ ਨੇ ਰੋਸ ਜ਼ਾਹਿਰ ਕਰਦਿਆਂ ਕਿਹਾ ਕਿ ਕਈ ਦਿਨ ਬੀਤ ਜਾਣ ਦੇ ਬਾਵਜੂਦ ਵੀ ਸਬੰਧਤ ਵਿਭਾਗ ਵੱਲੋਂ ਨਾ ਤਾਂ ਰੁੱਖ ਨੂੰ ਹਟਾਇਆ ਗਿਆ ਹੈ ਅਤੇ ਨਾ ਹੀ ਲੋਕਾਂ ਨੂੰ ਸੁਚੇਤ ਕਰਨ ਲਈ ਕੋਈ ਚੇਤਾਵਨੀ ਬੋਰਡ ਜਾਂ ਬੈਰੀਕੇਡ ਲਗਾਏ ਗਏ ਹਨ। ਲੋਕਾਂ ਨੇ ਸਵਾਲ ਕੀਤਾ, "ਕੀ ਪ੍ਰਸ਼ਾਸਨ ਕਿਸੇ ਵੱਡੇ ਹਾਦਸੇ ਦੀ ਉਡੀਕ ਕਰ ਰਿਹਾ ਹੈ? ਕੀ ਕਿਸੇ ਬੇਕਸੂਰ ਦੀ ਜਾਨ ਜਾਣ ਤੋਂ ਬਾਅਦ ਹੀ ਅਧਿਕਾਰੀਆਂ ਦੀ ਨੀਂਦ ਖੁੱਲੇਗੀ?"ਇਲਾਕਾ ਵਾਸੀਆਂ, ਵਪਾਰੀਆਂ ਅਤੇ ਸ਼ਰਧਾਲੂਆਂ ਨੇ ਪ੍ਰਸ਼ਾਸਨ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਇਸ ਡਿੱਗੇ ਰੁੱਖ ਨੂੰ ਤੁਰੰਤ ਹਟਾਇਆ ਜਾਵੇ।

## ਪੰਜਾਬ 'ਚ 2,50,00,000 ਰੁਪਏ ਦੀ ਵੱਡੀ ਠੱਗੀ !

ਲੁਧਿਆਣਾ 28 ਜੁਲਾਈ। ਲੁਧਿਆਣਾ ਪੁਲਸ ਦੇ ਸਾਈਬਰ ਕ੍ਰਾਈਮ ਸੈੱਲ ਨੇ ਇਕ ਵੱਡੀ ਸਫਲਤਾ ਹਾਸਲ ਕਰਦਿਆਂ 2 ਕਰੋੜ 50 ਲੱਖ ਰੁਪਏ ਦੀ ਸਾਈਬਰ ਠੱਗੀ ਦੇ ਮਾਮਲੇ ਵਿਚ ਇਕ ਮੁਲਜ਼ਮ ਨੂੰ ਰਾਜਸਥਾਨ ਤੋਂ ਗ੍ਰਿਫਤਾਰ ਕੀਤਾ ਹੈ। ਪੁਲਸ ਕਮਿਸ਼ਨਰ ਸਵੱਪਨ ਸ਼ਰਮਾ ਅਤੇ ਡੀ.ਸੀ.ਪੀ. ਹਰਪਾਲ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਹੇਠ ਕੀਤੀ ਗਈ ਇਸ ਕਾਰਵਾਈ ਦੌਰਾਨ ਮਾਨਵੇਂਦਰਾ ਸਿੰਘ, ਵਾਸੀ ਜੋਧਪੁਰ (ਰਾਜਸਥਾਨ) ਨੂੰ ਕਾਬੂ ਕੀਤਾ ਗਿਆ। ਜਾਂਚ ਮੁਤਾਬਕ ਮੁਲਜ਼ਮ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਇਕ ਫਰਜ਼ੀ ਫਰਮ ਤਿਆਰ ਕੀਤੀ ਸੀ। ਉਨ੍ਹਾਂ ਨੇ ਪੀੜਤ ਫਰਮ ਦੇ ਮਾਲਕ ਦੀ ਫੋਟੋ ਦੀ ਵਰਤੋਂ ਕਰਕੇ ਮੈਨੇਜਰ ਨੂੰ ਝਾਂਸੇ ਵਿਚ ਲਿਆ ਅਤੇ ਕਿਸੇ ਕਾਰੋਬਾਰੀ ਸੌਦੇ ਦੇ ਬਹਾਨੇ ਉਸ ਪਾਸੋਂ ਕਰੋੜਾਂ ਰੁਪਏ ਹੜੱਪ ਲਏ। ਪੁਲਸ ਨੇ ਦੱਸਿਆ ਕਿ ਮੁਲਜ਼ਮ ਦਾ 28 ਜੁਲਾਈ ਤੱਕ ਪੁਲਸ ਰਿਮਾਂਡ ਲਿਆ ਗਿਆ ਸੀ ਅਤੇ ਹੁਣ ਤੱਕ ਪੀੜਤ ਨੂੰ 18 ਲੱਖ ਰੁਪਏ ਵਾਪਸ ਕਰਵਾਏ ਜਾ ਚੁੱਕੇ ਹਨ। ਇਸ ਮਾਮਲੇ ਵਿਚ ਸ਼ਾਮਲ ਹੋਰ ਦੋਸ਼ੀਆਂ ਦੀ ਭਾਲ ਲਈ ਛਾਪੇਮਾਰੀ ਜਾਰੀ ਹੈ। ਪੁਲਸ ਵੱਲੋਂ ਕਾਰੋਬਾਰੀਆਂ ਨੂੰ ਸੁਚੇਤ ਰਹਿਣ ਦੀ ਅਪੀਲ ਕੀਤੀ ਗਈ ਹੈ ਅਤੇ ਕਿਸੇ ਵੀ ਸ਼ੱਕੀ ਗਤੀਵਿਧੀ ਦੀ ਸੂਰਤ ਵਿਚ ਤੁਰੰਤ ਸਾਈਬਰ ਹੈਲਪਲਾਈਨ ਨੰਬਰ 1930 'ਤੇ ਸੰਪਰਕ ਕਰਨ ਲਈ ਕਿਹਾ ਗਿਆ ਹੈ।

## ਆਨਲਾਈਨ ਟਰੇਡਿੰਗ 'ਚ ਭਾਰੀ ਮੁਨਾਫ਼ੇ ਦਾ ਝਾਂਸਾ ਦੇ ਕੇ 25.80 ਲੱਖ ਠੱਗੇ

ਚੰਡੀਗੜ੍ਹ 28 ਜੁਲਾਈ। ਅੰਤਰਰਾਸ਼ਟਰੀ ਆਨਲਾਈਨ ਟ?ਰੇਡਿੰਗ 'ਚ ਭਾਰੀ ਮੁਨਾਫ਼ਾ ਦਿਵਾਉਣ ਦਾ ਝਾਂਸਾ ਦੇ ਕੇ ਸੈਕਟਰ-43 ਦੇ ਇਕ ਨੌਜਵਾਨ ਨਾਲ 25 ਲੱਖ 80 ਹਜ਼ਾਰ ਰੁਪਏ ਦੀ ਸਾਈਬਰ ਠੱਗੀ ਕੀਤੀ ਗਈ। ਸਾਈਬਰ ਸੈੱਲ ਨੇ ਜਾਂਚ ਤੋਂ ਬਾਅਦ ਅਣਪਛਾਤੇ ਠੱਗਾਂ ਖ਼?ਲਾਫ਼ ਮਾਮਲਾ ਦਰਜ ਕਰ ਲਿਆ ਹੈ। ਸੈਕਟਰ-43 ਦੇ ਨਿਵਾਸੀ ਪਾਰਥ ਸ਼ਾਹੀ ਨੇ ਪੁਲਸ ਨੂੰ ਦੱਸਿਆ ਕਿ ਉਹ ਮੋਹਾਲੀ ਦੇ ਸੈਕਟਰ-66 ਸਥਿਤ ਇੱਕ ਬਹੁ-ਰਾਸ਼ਟਰੀ ਕੰਪਨੀ 'ਚ ਕੰਮ ਕਰਦਾ ਹੈ। 30 ਅਤੇ 31 ਜਨਵਰੀ ਨੂੰ ਉਸ ਨੂੰ ਵਿਦੇਸ਼ੀ ਨੰਬਰ ਤੋਂ ਕਾਲ ਆਈ, ਜਿਸ 'ਚ ਅੰਤਰਰਾਸ਼ਟਰੀ ਬਾਜ਼ਾਰ 'ਚ ਨਿਵੇਸ਼ ਕਰਕੇ ਵੱਡਾ ਮੁਨਾਫ਼ਾ ਕਮਾਉਣ ਦਾ ਲਾਲਚ ਦਿੱਤਾ ਗਿਆ। ਪਹਿਲਾਂ ਉਸ ਨੇ ਇਨਕਾਰ ਕਰ ਦਿੱਤਾ ਪਰ 9 ਫਰਵਰੀ ਨੂੰ ਮੁੜ ਸੰਪਰਕ ਕਰਨ 'ਤੇ ਠੱਗਾਂ ਨੇ ਉਸ ਨੂੰ ਟੈਲੀਗ੍ਰਾਮ ਨਾਲ ਜੋੜ ਕੇ ਇੱਕ ਟ?ਰੇਡਿੰਗ ਪਲੇਟਫਾਰਮ ਰਾਹੀਂ ਨਿਵੇਸ਼ ਕਰਵਾ ਦਿੱਤਾ। 9 ਫਰਵਰੀ ਤੋਂ 29 ਮਾਰਚ ਦਰਮਿਆਨ ਪਾਰਥ ਸ਼ਾਹੀ ਨੇ ਵੱਖ-ਵੱਖ ਬੈਂਕ ਖ਼ਾਤਿਆਂ 'ਚ ਕੁੱਲ 25 ਲੱਖ 80 ਹਜ਼ਾਰ ਰੁਪਏ ਟਰਾਂਸਫਰ ਕਰ ਦਿੱਤੇ। ਜਦੋਂ ਉਸ ਨੇ ਆਪਣੀ ਰਕਮ ਅਤੇ ਮੁਨਾਫ਼ਾ ਵਾਪਸ ਮੰਗਿਆ ਤਾਂ ਮੁਲਜ਼ਮ ਬਹਾਨੇ ਬਣਾਉਣ ਲੱਗੇ ਅਤੇ ਬਾਅਦ 'ਚ ਫੋਨ ਅਤੇ ਟੈਲੀਗ੍ਰਾਮ 'ਤੇ ਸੰਪਰਕ ਤੋੜ ਦਿੱਤਾ। ਠੱਗੀ ਦਾ ਅਹਿਸਾਸ ਹੋਣ 'ਤੇ ਉਸ ਨੇ ਸਾਈਬਰ ਸੈੱਲ ਕੋਲ ਸ਼ਿਕਾਇਤ ਦਿੱਤੀ, ਜਿਸ ਤੋਂ ਬਾਅਦ ਪੁਲਸ ਨੇ ਅਣਪਛਾਤੇ ਮੁਲਜ਼ਮਾਂ ਖ਼?ਲਾਫ਼ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਚਲਦੀ ਸਕਾਰਪੀਓ 'ਚ ਖੁਦ ਨੂੰ ਗੋਲੀ ਮਾਰਨ ਵਾਲਾ ਜਸਪ੍ਰੀਤ ਜੱਸਾ ਈਸੇਵਾਲ ਗੈਂਗਰੇਪ ਕਾਂਡ ਦਾ ਸੀ ਮੁੱਖ ਗਵਾਹ

ਮੁੱਲਾਂਪੁਰ ਦਾਖਾ 28 ਜੁਲਾਈ। ਜਸਪ੍ਰੀਤ ਸਿੰਘ ਉਰਫ ਜੱਸਾ ਜਿਸ ਨੇ ਬੀਤੇ ਦਿਨ ਤਹਿਸ਼ ਵਿੱਚ ਆ ਕੇ ਚਲਦੀ ਸਕਾਰਪੀਓ ਵਿੱਚ ਖੁਦ ਨੂੰ ਗੋਲੀ ਮਾਰ ਲਈ, ਉਹ ਈਸੇਵਾਲ ਗੈਂਗ ਰੇਪ ਕਾਂਡ ਦਾ ਮੁੱਖ ਗਵਾਹ ਸੀ ਅਤੇ ਬੜਾ ਦਲੇਰ ਸੀ। ਗੈਂਗਰੇਪ ਦੀ ਘਟਨਾ ਦਾ ਪਤਾ ਲੱਗਦਿਆਂ ਹੀ ਇਸਨੇ ਥਾਣਾ ਦਾਖਾ ਨੂੰ ਸੂਚਿਤ ਕੀਤਾ ਸੀ ਪਰ ਥਾਣਾ ਦਾਖਾ ਦਾ ਏ.ਐੱਸ.ਆਈ ਧੁੰਦ ਕਾਰਨ ਅਤੇ ਸਹੀ ਲੋਕੇਸ਼ਨ ਨਾ ਮਿਲਣ ਕਾਰਨ ਮੌਕਾ ਵਾਰਦਾਤ "ਤੇ ਪੁੱਜ ਨਹੀਂ ਸੀ ਸਕਿਆ ਤਾਂ ਏ.ਐੱਸ.ਆਈ ਨੂੰ ਸਸਪੈਂਡ ਕਰ ਦਿੱਤਾ ਸੀ । ਸਾਬਕਾ ਸਰਪੰਚ ਵਰਿੰਦਰ ਸਿੰਘ ਸੇਖੋਂ ਅਤੇ ਗੁਰਜੀਤ ਸਿੰਘ ਸੇਖੋਂ ਨੇ ਦੱਸਿਆ ਕਿ ਜਸਪ੍ਰੀਤ ਸਿੰਘ ਪੁੱਤਰ ਹਰਵਿੰਦਰ ਸਿੰਘ ਵਾਸੀ ਪਿੰਡ ਦਾਖਾ ਨੇ ਈਸੇਵਾਲ ਗੈਂਗਰੇਪ ਦੀ ਪੂਰੀ ਕਾਨੂੰਨੀ ਕਾਰਵਾਈ ਕਰਵਾ ਕੇ ਪੀੜਤਾ ਨੂੰ ਇਨਸਾਫ ਦਿਵਾਇਆ ਸੀ ਅਤੇ ਉਸਦੀ ਦਲੇਰੀ ਦਾ ਸਿੱਕਾ ਸਾਰਾ ਪਿੰਡ ਮੰਨਦਾ ਸੀ। ਇਸ ਨੇ ਲਵ ਮੈਰਿਜ ਕਰਵਾਈ ਸੀ ਅਤੇ ਹੁਣ ਲੁਧਿਆਣਾ ਸ਼ਹਿਰ ਹੀ ਰਹਿੰਦਾ ਸੀ ਅਤੇ ਪਤਨੀ ਨਾਲ ਝਗੜਾ ਰਹਿੰਦਾ ਸੀ ਅਤੇ ਉਸ ਦੀ ਚਾਰ ਸਾਲਾ ਧੀ ਹੈ। ਇੱਥੇ ਦੱਸਣਯੋਗ ਹੈ ਕਿ 10 ਫਰਵਰੀ 2019 ਦੀ ਰਾਤ ਨੂੰ ਇੱਕ ਲੜਕੀ ਨਾਲ ਛੇ ਦੋਸ਼ੀਆਂ ਜਿੰਨਾਂ ਵਿੱਚ ਸਾਦਿਕ ਅਲੀ ਵਾਸੀ ਹਿਮਾਚਲ, ਜਗਰੂਪ ਸਿੰਘ ਵਾਸੀ ਪਿੰਡ ਜਸਪਾਲ ਬਾਂਗੜ, ਅਜੇ ਵਾਸੀ ਟਿੱਬਾ, ਸੈਫ ਅਲੀ ਵਾਸੀ ਹਿਮਾਚਲ, ਸੁਰਮੂ ਵਾਸੀ ਖਾਨਪੁਰ ਅਤੇ ਲਿਆਕਤ ਅਲੀ ਵਾਸੀ ਕਠੂਆ ਨੇ ਮਿਲ ਕੇ ਗੈਂਗ ਰੇਪ ਕੀਤਾ ਸੀ। ਬਲਾਤਕਾਰੀਆਂ ਨੂੰ ਸਜ਼ਾ ਦਿਵਾਉਣ ਲਈ ਉਹ ਪੀੜਤਾ ਦੀ ਮਦਦ ਲਈ ਡਟਿਆ ਰਿਹਾ ਅਤੇ ਕੇਸ ਦਾ ਮੁੱਖ ਗਵਾਹ ਬਣਿਆ। 4 ਮਾਰਚ 2022 ਨੂੰ ਮਾਣਯੋਗ ਜੱਜ ਰਸਮੀ ਸ਼ਰਮਾ ਦੀ ਅਦਾਲਤ ਨੇ ਉਕਤਾਨ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਮ੍ਰਿਤਕ ਜਸਪ੍ਰੀਤ ਸਿੰਘ ਉਰਫ ਜੱਸਾ ਨੇ ਆਖਿਰ ਇਹ ਖੌਫਨਾਕ ਕਦਮ ਕਿਉਂ ਚੱਕਿਆ..? ਇਹ ਬੁਝਾਰਤ ਬਣਿਆ ਹੋਇਆ ਹੈ। ਫਿਲਹਾਲ ਥਾਣਾ ਦਾਖਾ ਦੀ ਪੁਲਸ ਨੇ ਮ੍ਰਿਤਕ ਦੀ ਮਾਤਾ ਰਜਿੰਦਰ ਕੌਰ ਪਤਨੀ ਹਰਵਿੰਦਰ ਸਿੰਘ ਵਾਸੀ ਪਿੰਡ ਦਾਖਾ ਦੇ ਬਿਆਨਾਂ ਤੇ 174 ਦੀ ਕਾਰਵਾਈ ਅਮਲ ਵਿੱਚ ਲਿਆਂਦੀ ਹੈ ਉਸ ਦੀ ਮੌਤ ਤੇ ਪੂਰੇ ਪਿੰਡ ਵਿੱਚ ਸੋਗ ਦੀ ਲਹਿਰ ਹੈ।

## ਅਜਨਾਲਾ 'ਚ ਦਰਦਨਾਕ ਹਾਦਸਾ : ਨਾਲੇ 'ਚ ਡੁੱਬਣ ਕਾਰਨ 34 ਦੁੱਧਾਰੂ ਮੱਝਾਂ ਦੀ ਮੌਤ

ਅੰਮ੍ਰਿਤਸਰ 28 ਜੁਲਾਈ। ਅਜਨਾਲਾ ਪੁਲਿਸ ਸਟੇਸ਼ਨ ਦੇ ਅਧਿਕਾਰ ਖੇਤਰ ਵਿੱਚ ਆਉਣ ਵਾਲੇ ਗੁੱਜਾਪੀਰ ਖੇਤਰ ਵਿੱਚ ਇੱਕ ਨਾਲੇ ਵਿਚ ਫਸਣ ਨਾਲ 34 ਜਾਨਵਰਾਂ (ਦੁੱਧਾਰੂ ਮੱਝਾਂ) ਦੀ ਦੁਖਦਾਈ ਮੌਤ ਹੋ ਗਈ। ਨਾਲਾ ਮੀਂਹ ਦੇ ਪਾਣੀ ਅਤੇ ਚਿੱਕੜ ਨਾਲ ਭਰਿਆ ਹੋਇਆ ਸੀ। ਜਾਨਵਰ ਡਰੇਨ ਵਿਚ ਵੜ ਗਏ ਪਰ ਬਾਹਰ ਨਿਕਲਣ ਵਿੱਚ ਅਸਮਰੱਥ ਸਨ। ਜਦੋਂ ਪਿੰਡ ਵਾਸੀਆਂ ਨੇ ਇਹ ਦੇਖਿਆ ਤਾਂ ਇੱਕ ਦਰਜਨ ਜਾਨਵਰਾਂ ਨੂੰ ਬਚਾ ਲਿਆ ਗਿਆ। ਹਾਲਾਂਕਿ ਜਾਨਵਰਾਂ ਦੀ ਵੱਡੀ ਗਿਣਤੀ ਕਾਰਨ 34 ਜਾਨਵਰ ਡੁੱਬ ਗਏ। ਮੌਕੇ 'ਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਗੁੱਜਰ ਭਾਈਚਾਰੇ ਦਾ ਲੱਖਾਂ ਰੁਪਏ ਦਾ ਨੁਕਸਾਨ ਹੋਇਆ ਹੈ। ਉਨ੍ਹਾਂ ਦੱਸਿਆ ਕਿ ਮੀਂਹ ਨੇ ਪਿਛੋਂ ਝਾੜੀਆਂ ਅਤੇ ਚਿੱਕੜ ਵਹਾ ਕੇ ਗੁੱਜਾਪੀਰ ਖੇਤਰ ਦੇ ਨੇੜੇ ਨਾਲੇ ਵਿੱਚ ਇਕੱਠਾ ਕਰ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਮੀਂਹ ਤੋਂ ਪਹਿਲਾਂ ਨਾਲੇ ਦੀ ਸਫਾਈ ਨਹੀਂ ਕੀਤੀ ਗਈ ਸੀ। ਜੇਕਰ ਪ੍ਰਸ਼ਾਸਨ ਨੇ ਸਫਾਈ ਕਰਵਾਈ ਹੁੰਦੀ ਤਾਂ ਇਸ ਨੁਕਸਾਨ ਤੋਂ ਬਚਿਆ ਜਾ ਸਕਦਾ ਸੀ।

# ਬਰਨਾਲਾ ਦੇ ਸਿਵਲ ਹਸਪਤਾਲਾਂ 'ਚ ਸੱਪ ਦੇ ਜ਼ਹਿਰ ਵਿਰੋਧੀ ਟੀਕੇ ਮੁਫ਼ਤ ਉਪਲਬਧ

**ਕੌਮੀ ਪਤ੍ਰਿਕਾ**

ਬਰਨਾਲਾ 28 ਜੁਲਾਈ। ਬਰਸਾਤ ਦੇ ਮੌਸਮ ਨੂੰ ਧਿਆਨ 'ਚ ਰੱਖਦਿਆਂ, ਸਿਹਤ ਵਿਭਾਗ ਬਰਨਾਲਾ ਵੱਲੋਂ ਲੋਕਾਂ ਨੂੰ ਸੱਪ ਦੇ ਡੰਗਣ ਤੋਂ ਬਚਾਅ ਅਤੇ ਇਸਦੇ ਇਲਾਜ ਪ੍ਰਤੀ ਜਾਗਰੂਕ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਸਿਵਲ ਸਰਜਨ ਬਰਨਾਲਾ ਡਾ. ਹਰੀਪਾਲ ਸਿੰਘ ਸਿੱਧੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਵਧਾਨੀਆਂ ਦੀ ਪਾਲਣਾ ਕਰਨ ਅਤੇ ਸਮੇਂ ਸਿਰ ਇਲਾਜ ਕਰਵਾਉਣ ਨਾਲ ਕਈ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਸਿਵਲ ਹਸਪਤਾਲ ਬਰਨਾਲਾ, ਸੀਐੱਚਸੀ ਧਨੌਲਾ, ਮਹਿਲ ਕਲਾਂ ਅਤੇ ਐੱਸਡੀਐੱਚ ਤਪਾ ਵਿਖੇ ਸੱਪ ਦੇ ਜ਼ਹਿਰ ਵਿਰੋਧੀ ਟੀਕਿਆਂ ਦਾ ਪੂਰਾ ਸਟਾਕ ਉਪਲਬਧ ਹੈ ਤੇ ਇਹ ਇਲਾਜ ਬਿਲਕੁਲ ਮੁਫ਼ਤ ਕੀਤਾ ਜਾਂਦਾ ਹੈ। ਜ਼ਿਲ੍ਹਾ ਐਪੀਡਿਮਾਲੋਜਿਸਟ ਡਾ. ਮੁਨੀਸ਼ ਕੁਮਾਰ ਤੇ ਡਾ. ਸਾਕਸ਼ੀ ਸੋਨੀ ਨੇ ਦੱਸਿਆ ਕਿ ਸੱਪ ਦੇ ਕੱਟਣ 'ਤੇ ਪਹਿਲਾ ਇੱਕ ਘੰਟਾ ਬਹੁਤ ਅਹਿਮ ਹੁੰਦਾ ਹੈ। ਤੁਰੰਤ ਡਾਕਟਰੀ ਮਦਦ ਲੈਣੀ ਜ਼ਰੂਰੀ ਹੈ, ਕਿਉਂਕਿ ਐਂਟੀ-ਵੈਨਮ ਟੀਕਾ ਹੀ ਇਸ ਦਾ ਸਭ ਤੋਂ ਪ੍ਰਭਾਵਸ਼ਾਲੀ ਤੇ ਪੱਕਾ ਇਲਾਜ ਹੈ। ਉਨ੍ਹਾਂ ਦੱਸਿਆ ਕਿ ਸੱਪ ਦੇ ਡੰਗਣ 'ਤੇ ਮਰੀਜ਼ ਨੂੰ ਸਭ ਤੋਂ ਪਹਿਲਾਂ ਸ਼ਾਂਤ ਕਰਨਾ ਜ਼ਰੂਰੀ ਹੈ। ਡਰਨ ਕਾਰਨ ਦਿਲ ਦੀ ਧੜਕਣ ਤੇਜ਼ ਹੋ ਜਾਂਦੀ ਹੈ,



ਜਿਸ ਨਾਲ ਜ਼ਹਿਰ ਸਰੀਰ 'ਚ ਹੋਰ ਤੇਜ਼ੀ ਨਾਲ ਫੈਲਦਾ ਹੈ। ਇਸ ਤੋਂ ਇਲਾਵਾ ਜ਼ਖ਼ਮ ਵਾਲੀ ਥਾਂ ਨੂੰ ਕੱਸ ਕੇ ਨਹੀਂ ਬੰਨ੍ਹਣਾ ਚਾਹੀਦਾ, ਕਿਉਂਕਿ ਇਸ ਨਾਲ ਟਿਸ਼ੂਆਂ ਦਾ ਨੁਕਸਾਨ ਹੋ ਸਕਦਾ ਹੈ। ਜ਼ਿਲ੍ਹਾ ਮਾਸ ਮੀਡੀਆ ਤੇ ਸੂਚਨਾ ਅਫ਼ਸਰ ਕੁਲਦੀਪ ਸਿੰਘ ਮਾਨ ਅਤੇ ਡਿਪਟੀ ਮਾਸ ਮੀਡੀਆ ਤੇ ਸੂਚਨਾ ਅਫ਼ਸਰ ਬਲਰਾਜ ਸਿੰਘ ਨੇ ਦੱਸਿਆ ਕਿ ਬਰਸਾਤਾਂ ਦੌਰਾਨ ਪਾਣੀ ਭਰਨ ਕਾਰਨ ਸੱਪ ਤੇ ਹੋਰ ਜ਼ਹਿਰੀਲੇ ਜੀਵ ਆਪਣੀਆਂ ਖੁੱਡਾਂ 'ਚੋਂ ਬਾਹਰ ਆ ਜਾਂਦੇ ਹਨ। ਇਸ ਲਈ ਸੱਪ ਜਾਂ ਕੋਈ ਜ਼ਹਿਰੀਲਾ ਜਾਨਵਰ ਡੰਗ ਜਾਵੇ ਤਾਂ ਤੁਰੰਤ 108 ਨੰਬਰ ਤੇ ਐਂਬੂਲੈਂਸ ਨੂੰ ਕਾਲ ਕਰੋ ਅਤੇ ਮਰੀਜ਼ ਨੂੰ ਨੇੜੇ ਦੇ ਸਰਕਾਰੀ ਹਸਪਤਾਲ ਲੈ ਕੇ ਜਾਓ। ਡੰਗ ਵਾਲੀ ਥਾਂ ਨੂੰ ਸਾਬਣ ਤੇ ਪਾਣੀ ਨਾਲ ਸਾਫ਼ ਕਰੋ ਤੇ ਇੱਕ ਸਾਫ਼ ਕੱਪੜੇ ਨਾਲ ਢੱਕ ਦਿਓ। ਡੰਗ ਵਾਲੀ ਥਾਂ ਤੋਂ ਮੂੰਹ ਨਾਲ ਜ਼ਹਿਰ ਚੂਸਣ ਦੀ ਕੋਸ਼ਿਸ਼ ਕਦੇ ਨਾ ਕਰੋ, ਇਹ ਜਾਨਲੇਵਾ ਹੋ ਸਕਦਾ ਹੈ। ਘਰੇਲੂ ਉਪਚਾਰਾਂ, ਝਾੜ-ਫੂਕ ਜਾਂ ਕਿਸੇ ਵੈਦ/ਸਿਆਣੇ ਕੋਲ ਜਾ ਕੇ ਆਪਣਾ ਕੀਮਤੀ ਸਮਾਂ ਬਿਲਕੁਲ ਬਰਬਾਦ ਨਾ ਕਰੋ। ਸਿਹਤ ਵਿਭਾਗ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਕਿਸੇ ਵੀ ਐਮਰਜੈਂਸੀ ਦੀ ਸਥਿਤੀ 'ਚ ਬਿਨਾਂ ਘਬਰਾਏ ਸਰਕਾਰੀ ਸਿਹਤ ਸੰਸਥਾਵਾਂ ਨਾਲ ਸੰਪਰਕ ਕੀਤਾ ਜਾਵੇ ਤਾਂ ਜੋ ਸਮੇਂ ਸਿਰ ਯੋਗ ਇਲਾਜ ਮੁਹੱਈਆ ਕਰਵਾਇਆ ਜਾ ਸਕੇ।

## ਪਟਾਕਾ ਫੈਕਟਰੀ 'ਚ ਭਿਆਨਕ ਧਮਾਕਾ, 2 ਦੀ ਮੌਤ ਤੇ ਕਈਆਂ ਦੇ ਮਲਬੇ ਹੇਠ ਦੱਬੇ ਹੋਣ ਦਾ ਖਦਸ਼ਾ

ਸਹਾਰਨਪੁਰ 28 ਜੁਲਾਈ। ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਜ਼ਿਲ੍ਹੇ ਵਿੱਚ ਸ਼ੁੱਕਰਵਾਰ ਨੂੰ ਇੱਕ ਪਟਾਕਾ ਫੈਕਟਰੀ ਵਿੱਚ ਹੋਏ ਜ਼ਬਰਦਸਤ ਧਮਾਕੇ ਨੇ ਪੂਰੇ ਇਲਾਕੇ ਨੂੰ ਦਹਿਲਾ ਦਿੱਤਾ। ਗੰਗੋਹ ਥਾਣਾ ਖੇਤਰ ਦੇ ਨਵਾਂ ਗਾਉਂ ਵਿੱਚ ਵਾਪਰੇ ਇਸ ਦਰਦਨਾਕ ਹਾਦਸੇ ਵਿੱਚ ਦੋ ਲੋਕਾਂ ਦੀ ਮੌਤ ਹੋ ਗਈ ਹੈ, ਜਦਕਿ ਕਈ ਹੋਰਾਂ ਦੇ ਗੰਭੀਰ ਰੂਪ ਵਿੱਚ ਜ਼ਖਮੀ ਹੋਣ ਦੀ ਖ਼ਬਰ ਹੈ। ਧਮਾਕਾ ਇੰਨਾ ਭਿਆਨਕ ਸੀ ਕਿ ਇਸ ਦੀ ਆਵਾਜ਼ ਦੂਰ-ਦੂਰ ਤੱਕ ਸੁਣਾਈ ਦਿੱਤੀ, ਜਿਸ ਕਾਰਨ ਆਲੇ-ਦੁਆਲੇ ਦੇ ਲੋਕਾਂ ਵਿੱਚ ਭਗਦੜ ਮਚ ਗਈ। ਜਾਣਕਾਰੀ ਅਨੁਸਾਰ, ਧਮਾਕੇ ਤੋਂ ਤੁਰੰਤ ਬਾਅਦ ਫੈਕਟਰੀ ਦੇ ਅੰਦਰ ਭਿਆਨਕ ਅੱਗ ਲੱਗ ਗਈ। ਧਮਾਕੇ ਦੀ ਤੀਬਰਤਾ ਕਾਰਨ ਫੈਕਟਰੀ ਦੀ ਇਮਾਰਤ ਦਾ ਇੱਕ ਹਿੱਸਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਹੈ। ਸਥਾਨਕ ਲੋਕਾਂ ਨੇ ਸਭ ਤੋਂ ਪਹਿਲਾਂ ਮੌਕੇ 'ਤੇ ਪਹੁੰਚ ਕੇ ਬਚਾਅ ਕਾਰਜ ਸ਼ੁਰੂ ਕੀਤਾ, ਜਿਸ ਤੋਂ ਬਾਅਦ ਪੁਲਿਸ, ਪ੍ਰਸ਼ਾਸਨ ਅਤੇ ਫਾਇਰ ਬ੍ਰਿਗੇਡ ਦੀਆਂ ਟੀਮਾਂ ਵੀ ਮੌਕੇ 'ਤੇ ਪਹੁੰਚ ਗਈਆਂ। ਪ੍ਰਸ਼ਾਸਨ ਨੂੰ ਖਦਸ਼ਾ ਹੈ ਕਿ ਕਈ ਲੋਕ ਅਜੇ ਵੀ ਮਲਬੇ ਦੇ ਹੇਠਾਂ ਦੱਬੇ ਹੋ ਸਕਦੇ ਹਨ, ਜਿਸ ਕਾਰਨ ਸਰਚ ਆਪ੍ਰੇਸ਼ਨ ਲਗਾਤਾਰ ਜਾਰੀ ਹੈ। ਜ਼ਖਮੀਆਂ ਨੂੰ ਤੁਰੰਤ ਨੇੜਲੇ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ ਹੈ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਗੰਭੀਰ ਰੂਪ ਵਿੱਚ ਜ਼ਖਮੀ ਲੋਕਾਂ ਨੂੰ ਬਿਹਤਰ ਇਲਾਜ ਲਈ ਦੂਜੇ ਹਸਪਤਾਲਾਂ ਵਿੱਚ ਰੈਫਰ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਹਾਦਸੇ ਤੋਂ ਬਾਅਦ ਪਹੁੰਚੇ ਸੀਨੀਅਰ ਅਧਿਕਾਰੀਆਂ ਨੇ ਪੂਰੇ ਇਲਾਕੇ ਨੂੰ ਘੇਰਾ ਪਾ ਲਿਆ ਹੈ ਅਤੇ ਜਾਂਚ ਸ਼ੁਰੂ ਕਰ ਦਿੱਤੀ ਹੈ। ਅਧਿਕਾਰੀ ਇਸ ਗੱਲ ਦੀ ਪੜਤਾਲ ਕਰ ਰਹੇ ਹਨ ਕਿ ਕੀ ਫੈਕਟਰੀ ਕੋਲ ਸੰਚਾਲਨ ਲਈ ਵੈਧ ਲਾਇਸੈਂਸ ਸੀ ਅਤੇ ਕੀ ਉੱਥੇ ਸੁਰੱਖਿਆ ਨਿਯਮਾਂ ਦੀ ਪਾਲਣਾ ਕੀਤੀ ਜਾ ਰਹੀ ਸੀ।

# 'ਆਪਰੇਸ਼ਨ ਪ੍ਰਹਾਰ 3.0' ਤਹਿਤ 226 ਥਾਵਾਂ 'ਤੇ ਛਾਪੇ, 199 ਕਾਬੂ

**ਕੌਮੀ ਪਤ੍ਰਿਕਾ**

ਲੁਧਿਆਣਾ 28 ਜੁਲਾਈ। ਪੰਜਾਬ ਪੁਲਿਸ ਵੱਲੋਂ ਸੰਗਠਿਤ ਅਪਰਾਧ, ਗੈਂਗਸਟਰ ਨੈੱਟਵਰਕ ਅਤੇ ਨਸ਼ਾ ਤਸਕਰੀ ਖ਼?ਲਾਫ਼ ਸ਼ੁਰੂ ਕੀਤੇ ਗਏ 'ਆਪਰੇਸ਼ਨ ਪ੍ਰਹਾਰ 3.0' ਤਹਿਤ ਲੁਧਿਆਣਾ ਕਮਿਸ਼ਨਰੇਟ ਪੁਲਿਸ ਨੇ ਸ਼ੁੱਕਰਵਾਰ ਤੜਕੇ ਵੱਡੇ ਪੱਧਰ 'ਤੇ ਇੱਕ ਵਿਆਪਕ ਅਤੇ ਤਾਲਮੇਲਬੱਧ ਛਾਪੇਮਾਰੀ ਮੁਹਿੰਮ ਚਲਾਈ। ਸਵੇਰੇ ਚਾਰ ਵਜੇ ਸ਼ੁਰੂ ਹੋਈ ਇਸ ਕਾਰਵਾਈ ਦੌਰਾਨ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਅਪਰਾਧੀਆਂ ਦੇ ਟਿਕਾਣਿਆਂ ਅਤੇ ਸ਼ੱਕੀ ਥਾਵਾਂ 'ਤੇ ਇੱਕੋ ਸਮੇਂ ਛਾਪੇ ਮਾਰੇ ਗਏ, ਜਿਸ ਦੌਰਾਨ 199 ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਅਤੇ ਨਸ਼ੀਲੇ ਪਦਾਰਥਾਂ, ਨਾਜਾਇਜ਼ ਹਥਿਆਰਾਂ ਅਤੇ ਸ਼ਰਾਬ ਦੀ ਵੱਡੀ ਬਰਾਮਦਗੀ ਕੀਤੀ ਗਈ। ਇਸ ਮੁਹਿੰਮ ਵਿੱਚ 20 ਗਜ਼ਟਿਡ ਅਫ਼ਸਰਾਂ ਅਤੇ 25 ਐਸਐਚਓਜ਼ ਅਤੇ ਇੰਸਪੈਕਟਰਾਂ ਦੀ ਅਗਵਾਈ ਹੇਠ ਕਰੀਬ 400 ਪੁਲਿਸ ਮੁਲਾਜ਼ਮਾਂ ਨੇ ਹਿੱਸਾ ਲਿਆ। ਖੁਫੀਆ ਜਾਣਕਾਰੀ ਦੇ ਆਧਾਰ 'ਤੇ ਬਣਾਈ ਗਈ ਰਣਨੀਤੀ ਅਨੁਸਾਰ ਪੁਲਿਸ ਟੀਮਾਂ ਨੇ ਜ਼ਿਲ੍ਹੇ ਭਰ ਵਿੱਚ 226 ਥਾਵਾਂ 'ਤੇ ਇੱਕੋ ਸਮੇਂ ਦਬਿਸ਼ ਦਿੱਤੀ, ਜਿਸ ਨਾਲ ਕਈ ਅਪਰਾਧਿਕ ਗਤੀਵਿਧੀਆਂ ਬੇਨਕਾਬ ਹੋਈਆਂ। ਇਸ ਕਾਰਵਾਈ ਦੌਰਾਨ 44 ਨਵੇਂ ਐਫਆਈਆਰ ਦਰਜ ਕੀਤੇ ਗਏ। ਕੁੱਲ 199 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ, ਜਿਨ੍ਹਾਂ ਵਿੱਚੋਂ 85 ਨੂੰ ਵੱਖ-ਵੱਖ ਮਾਮਲਿਆਂ ਵਿੱਚ ਗ੍ਰਿਫ਼ਤਾਰ ਕੀਤਾ ਗਿਆ, ਜਦਕਿ 114 ਵਿਅਕਤੀਆਂ ਨੂੰ ਰੋਕਥਾਮੀ ਕਾਰਵਾਈ ਤਹਿਤ ਹਿਰਾਸਤ ਵਿੱਚ ਲਿਆ ਗਿਆ। ਇਸ ਤੋਂ ਇਲਾਵਾ ਇੱਕ ਭਗੌੜੇ ਅਪਰਾਧੀ ਨੂੰ ਵੀ ਗ੍ਰਿਫ਼ਤਾਰ ਕਰਨ ਵਿੱਚ ਪੁਲਿਸ ਨੂੰ ਸਫਲਤਾ ਮਿਲੀ। ਛਾਪੇਮਾਰੀ ਦੌਰਾਨ ਮੁਲਜ਼ਮਾਂ ਦੇ ਕਬਜ਼ੇ ਚੋਂ 141 ਗ੍ਰਾਮ



ਹੈਰੋਇਨ, 10 ਗ੍ਰਾਮ ਆਈਸ ਡਰੱਗ ਅਤੇ 217 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਇਸ ਤੋਂ ਇਲਾਵਾ ਤਿੰਨ ਦੇਸੀ ਪਿਸਤੌਲ ਅਤੇ ਦੋ ਜ਼ਿੰਦਾ ਕਾਰਤੂਸ ਵੀ ਕਬਜ਼ੇ ਵਿੱਚ ਲਏ ਗਏ। ਨਾਜਾਇਜ਼ ਸ਼ਰਾਬ ਖ਼?ਲਾਫ਼ ਕਾਰਵਾਈ ਕਰਦਿਆਂ 11 ਪੇਟੀਆਂ ਅਤੇ 33 ਬੋਤਲਾਂ ਦੇਸੀ ਅਤੇ ਅੰਗਰੇਜ਼ੀ ਸ਼ਰਾਬ ਜ਼ਬਤ ਕੀਤੀ ਗਈ। ਪੁਲਿਸ ਨੇ ਇੱਕ ਐਸਯੂਵੀ, ਪੰਜ ਮੋਟਰਸਾਈਕਲ, ਤਿੰਨ ਮੋਬਾਈਲ ਫੋਨ ਅਤੇ ਜੂਏ ਦੇ ਅੱਡਿਆਂ ਤੋਂ 2,027 ਰੁਪਏ ਦੀ ਨਕਦੀ ਵੀ ਬਰਾਮਦ ਕੀਤੀ। ਨਸ਼ਾ ਕਰਨ ਲਈ ਵਰਤੇ ਜਾਂਦੇ ਅੱਠ ਲਾਈਟਰ, ਸੱਤ ਐਲੂਮੀਨੀਅਮ ਫੋਇਲ ਅਤੇ ਰੋਲ ਕੀਤੇ ਨੋਟ ਵੀ ਪੁਲਿਸ ਦੇ ਹੱਥ ਲੱਗੇ ਹਨ। ਪੁਲਿਸ ਕਮਿਸ਼ਨਰ ਸਵਪਨ ਸ਼ਰਮਾ ਨੇ ਕਿਹਾ ਕਿ 'ਆਪਰੇਸ਼ਨ ਪ੍ਰਹਾਰ 3.0' ਸੰਗਠਿਤ ਅਪਰਾਧਾਂ ਅਤੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਪੰਜਾਬ ਪੁਲਿਸ ਦੀ ਜ਼ੀਰੋ ਟੋਲਰੈਂਸ ਨੀਤੀ ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ ਲੁਧਿਆਣਾ ਵਿੱਚ ਅਮਨ-ਕਾਨੂੰਨ ਨੂੰ ਚੁਣੌਤੀ ਦੇਣ ਵਾਲੇ ਗੈਂਗਸਟਰਾਂ, ਨਸ਼ਾ ਤਸਕਰਾਂ ਅਤੇ ਹੋਰ ਅਪਰਾਧਿਕ ਗਿਰੋਹਾਂ ਵਿਰੁੱਧ ਅਜਿਹੀਆਂ ਮੁਹਿੰਮਾਂ ਲਗਾਤਾਰ ਜਾਰੀ ਰਹਿਣਗੀਆਂ ਅਤੇ ਕਿਸੇ ਵੀ ਦੋਸ਼ੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੇ ਅਪਰਾਧਿਕ ਪਿਛੋਕੜ, ਆਪਸੀ ਸਬੰਧਾਂ ਅਤੇ ਗੈਂਗ ਨੈੱਟਵਰਕ ਨਾਲ ਸੰਭਾਵਿਤ ਕੜੀਆਂ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਨਹਿਰ ’ਤੇ ਨਹਾਉਣ ਗਏ ਦੋਸਤਾਂ ’ਤੇ ਤਾਬੜਤੋੜ ਫਾਇਰਿੰਗ, ਸ਼ਮਸ਼ਾਨਘਾਟ ਦੀ ਕੰਧ ਟੱਪ ਕੇ ਬਚਾਈ ਜਾਨ ਪੁਲਿਸ ਨੇ 7 ਮੁਲਜ਼ਮਾਂ ਖ਼ਿਲਾਫ਼ ਦਰਜ ਕੀਤਾ ਕੇਸ

**ਕੌਮੀ ਪਤ੍ਰਿਕਾ**

ਚੋਹਲਾ ਸਾਹਿਬ 28 ਜੁਲਾਈ। ਤਰਨਤਾਰਨ ਜ਼ਿਲ੍ਹੇ ਦੇ ਪਿੰਡ ਭੱਠਲ ਭਾਈਕੇ ’ਚ ਨਹਿਰ ਉੱਪਰ ਨਹਾਉਣ ਗਏ ਦੋ ਦੋਸਤਾਂ ਉੱਪਰ ਸਕਾਰਪਿਓ ਸਵਾਰਾਂ ਵੱਲੋਂ ਕਥਿਤ ਤੌਰ ’ਤੇ ਗੋਲੀਆਂ ਚਲਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਉਹ ਗੋਲੀਬਾਰੀ ਉਸ ਵੇਲੇ ਕੀਤੀ ਗਈ ਜਦੋਂ ਦੋਵੇਂ ਦੋਸਤ ਨਹਿਰ ਕੋਲ ਬਣੇ ਸ਼ਮਸ਼ਾਨਘਾਟ ਦੇ ਸ਼ੈੱਡ ਹੇਠ ਬੈਠਾਂ ਸਨ। ਹਾਲਾਂਕਿ ਇਸ ਗੋਲੀਬਾਰੀ ਦੌਰਾਨ ਦੋਵਾਂ ਦੋਸਤਾਂ ਨੇ ਸ਼ਮਸ਼ਾਨਘਾਟ ਦੀ ਕੰਧ ਟੱਪ ਕੇ ਜਾਨ ਬਚਾਈ। ਦੱਸਿਆ ਜਾ ਰਿਹਾ ਹੈ ਕਿ ਉਕਤ ਗੋਲੀਬਾਰੀ ਪੰਜ ਸਾਲ ਪਹਿਲਾਂ ਹੋਏ ਝਗੜੇ ਦੀ ਰੰਜਿਸ਼ ਤਹਿਤ ਕੀਤੀ ਗਈ ਹੈ। ਦੂਜੇ ਪਾਸੇ ਥਾਣਾ ਚੋਹਲਾ ਸਾਹਿਬ ਦੀ ਪੁਲਿਸ ਨੇ ਸੱਤ ਵਿਅਕਤੀਆਂ ਖ਼ਿਲਾਫ਼ ਜਾਨਲੇਵਾ ਹਮਲਾ ਕਰਨ ਅਤੇ ਅਸਲਾ ਐਕਟ ਸਮੇਤ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਮੌਕੇ ਤੋਂ ਵੱਖ-ਵੱਖ ਬੋਰ ਦੇ ਪੰਜ ਖੋਲ ਵੀ ਬਰਾਮਦ ਕੀਤੇ ਹਨ। ਪੁਲਿਸ ਨੂੰ ਦਿੱਤੀ ਸ਼ਿਕਾਇਤ ’ਚ 27 ਸਾਲਾ ਗੁਰਸਾਹਿਬ ਸਿੰਘ ਪੁੱਤਰ ਸਲਵਿੰਦਰ ਸਿੰਘ ਵਾਸੀ ਭੱਠਲ ਭਾਈਕੇ ਨੇ ਦੱਸਿਆ ਕਿ ਉਹ ਆਪਣੇ ਦੋਸਤ ਸੰਨੀਦੀਪ ਸਿੰਘ ਪੁੱਤਰ ਮੰਗਲ ਸਿੰਘ ਨਾਲ ਪਿੰਡ ਦੇ ਸ਼ਮਸ਼ਾਨ ਘਾਟ ਨੇੜੇ ਲੱਗਦੀ ਨਹਿਰ ’ਤੇ ਨਹਾਉਣ ਜਾ ਰਿਹਾ ਸੀ। ਰਸਤੇ ’ਚ ਕਾਲੇ ਰੰਗ ਦੀ ਸਕਾਰਪੀਓ ਗੱਡੀ ਉਨ੍ਹਾਂ ਦੇ ਅੱਗੇ ਆ ਕੇ ਰੁਕੀ, ਜਿਸ ’ਚੋਂ ਜਗਰੂਪ ਸਿੰਘ ਅਤੇ ਮਲਕੀਤ ਸਿੰਘ ਬਾਹਰ ਨਿਕਲੇ ਅਤੇ ਉਨ੍ਹਾਂ ਨਾਲ ਤਕਰਾਰ ਕਰਨ ਲੱਗ ਪਏ। ਇਸ ਦੌਰਾਨ



ਉਸਦੇ ਦੋਸਤ ਨੇ ਮਾਮਲਾ ਸ਼ਾਂਤ ਕਰਵਾ ਦਿੱਤਾ, ਜਿਸ ਤੋਂ ਬਾਅਦ ਉਹ ਉਥੋਂ ਚਲੇ ਗਏ। ਬਾਅਦ ’ਚ ਜਦੋਂ ਉਹ ਦੋਵੇਂ ਸ਼ਮਸ਼ਾਨ ਘਾਟ ’ਚ ਬਣੇ ਸ਼ੈੱਡ ਹੇਠ ਬੈਠੇ ਸਨ ਤਾਂ ਕਰੀਬ ਸਵਾ ਇਕ ਵਜੇ ਦੋ ਗੱਡੀਆਂ ਆਈਆਂ ਜਿਨ੍ਹਾਂ ’ਚ ਹਥਿਆਰਬੰਦ ਲੋਕ ਮੌਜੂਦ ਸਨ। ਉਸਨੇ ਸ਼ਿਕਾਇਤ ’ਚ ਦੱਸਿਆ ਕਿ ਉਕਤ ਵਿਅਕਤੀਆਂ ਨੇ ਉਨ੍ਹਾਂ ’ਤੇ ਫਾਇਰਿੰਗ ਸ਼ੁਰੂ ਕਰ ਦਿੱਤੀ, ਜਿਸ ਕਾਰਨ ਉਹ ਸ਼ਮਸ਼ਾਨਘਾਟ ਦੀ ਕੰਧ ਟੱਪ ਕੇ ਆਪਣੀ ਜਾਨ ਬਚਾਉਣ ਲਈ ਪਿੰਡ ਵੱਲ ਭੱਜੇ ਅਤੇ ਪਾਣੀ ਵਾਲੀ ਟੈਂਕੀ ਦੇ ਕਮਰੇ ਪਿੱਛੇ ਲੁਕ ਗਏ। ਗੋਲੀਆਂ ਦੀਆਂ ਆਵਾਜ਼ਾਂ ਸੁਣ ਕੇ ਲੋਕ ਇਕੱਠੇ ਹੋਏ ਤਾਂ ਹਮਲਾਵਰ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦੇ ਅਤੇ ਹਵਾਈ ਫਾਇਰ ਕਰਦੇ ਮੌਕੇ ਤੋਂ ਫਰਾਰ ਹੋ ਗਏ। ਉਸਨੇ ਦੱਸਿਆ ਕਿ ਸਾਲ 2021 ਵਿਚ ਉਸਦਾ ਜਗਰੂਪ ਸਿੰਘ ਨਾਲ ਝਗੜਾ ਹੋਇਆ ਸੀ ਅਤੇ ਇਹ ਹਮਲਾ ਉਸੇ ਦੀ ਰੰਜਿਸ਼ ਕਰਕੇ ਕੀਤਾ ਗਿਆ ਹੈ। ਉੱਧਰ ਜਾਂਚ ਅਧਿਕਾਰੀ ਏ.ਐੱਸ.ਆਈ. ਗੁਰਦੇਵ ਸਿੰਘ ਨੇ ਦੱਸਿਆ ਕਿ ਗੁਰਸਾਹਿਬ ਸਿੰਘ ਦੀ ਸ਼ਿਕਾਇਤ ’ਤੇ ਮੰਗਲ ਸਿੰਘ ਪੁੱਤਰ ਪ੍ਰੇਮ ਸਿੰਘ, ਜਗਰੂਪ ਸਿੰਘ ਪੁੱਤਰ ਮੰਗਲ ਸਿੰਘ, ਮਲਕੀਤ ਸਿੰਘ ਪੁੱਤਰ ਸ਼ਿੰਗਾਰਾ ਸਿੰਘ, ਨਵਰੂਪ ਸਿੰਘ ਪੁੱਤਰ ਮੰਗਲ ਸਿੰਘ, ਸੁਖਵਿੰਦਰ ਸਿੰਘ ਕਾਲੀ ਪੁੱਤਰ ਅਮਰ ਸਿੰਘ ਸਾਰੇ ਵਾਸੀ ਭੱਠਲ ਭਾਈਕੇ, ਗੁਰਲਾਲ ਸਿੰਘ ਵਾਸੀ ਸਰਹਾਲੀ ਕਲਾਂ ਅਤੇ ਬਿਕਰਮ ਸਿੰਘ ਬਿੱਕਾ ਵਾਸੀ ਜੱਲੇਵਾਲ ਖ਼ਿਲਾਫ਼ ਕੇਸ ਦਰਜ ਕਰਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਮਲੋਟ ਦੇ ਸਿਵਲ ਹਸਪਤਾਲ ’ਚ ਵੱਡਾ ਹਾਦਸਾ, ਡਾਕਟਰ ਤੇ ਮਰੀਜ਼ ’ਤੇ ਡਿੱਗਾ ਛੱਤ ਦਾ ਮਲਬਾ

ਮਲੋਟ 28 ਜੁਲਾਈ। ਮਲੋਟ ਦੇ ਸਿਵਲ ਹਸਪਤਾਲ ਵਿਚ ਸ਼ਨੀਵਾਰ ਦੁਪਹਿਰ ਕਰੀਬ 11:30 ਵਜੇ ਉਸ ਸਮੇਂ ਹੜਕੰਪ ਮਚ ਗਿਆ ਜਦੋਂ ਓਪੀਡੀ ਦੌਰਾਨ ਡਾਕਟਰ ਦੇ ਕਮਰੇ ਦੀ ਛੱਤ ਦਾ ਮਲਬਾ ਅਚਾਨਕ ਡਿੱਗ ਪਿਆ। ਇਸ ਹਾਦਸੇ ਵਿਚ ਇਕ ਮਰੀਜ਼ ਅਤੇ ਡਾਕਟਰ ਦੋਵੇਂ ਜ਼ਖ਼ਮੀ ਹੋ ਗਏ। ਮਿਲੀ ਜਾਣਕਾਰੀ ਅਨੁਸਾਰ ਸਰਜਨ ਡਾ. ਵਿਕਾਸ ਬਾਂਸਲ ਆਪਣੇ ਕਮਰਾ ਨੰਬਰ 107 ਵਿਚ ਮਰੀਜ਼ਾਂ ਦੀ ਜਾਂਚ ਕਰ ਰਹੇ ਸਨ। ਇਸੇ ਦੌਰਾਨ ਛੱਤ ਦਾ ਮਲਬਾ ਅਚਾਨਕ ਹੇਠਾਂ ਆ ਡਿੱਗਿਆ। ਮਲਬਾ ਡਿੱਗਣ ਕਾਰਨ ਡਾ. ਬਾਂਸਲ ਦੀ ਬਾਂਹ ”ਤੇ ਸੱਟ ਲੱਗੀ, ਜਦਕਿ ਪਟੇਲ ਨਗਰ ਦੇ ਰਹਿਣ ਵਾਲੇ ਕਰੀਬ 60 ਸਾਲਾ ਭਗਵਾਨ ਦਾਸ, ਜੋ ਦਵਾਈ ਲੈਣ ਲਈ ਹਸਪਤਾਲ ਆਏ ਹੋਏ ਸਨ, ਦੇ ਸਿਰ ”ਤੇ ਸੱਟ ਲੱਗੀ। ਹਾਦਸੇ ਤੋਂ ਤੁਰੰਤ ਬਾਅਦ ਹਸਪਤਾਲ ਸਟਾਫ਼ ਵੱਲੋਂ ਜ਼ਖ਼ਮੀ ਮਰੀਜ਼ ਨੂੰ ਐਮਰਜੈਂਸੀ ਵਿਚ ਦਾਖ਼ਲ ਕਰਕੇ ਇਲਾਜ ਸ਼ੁਰੂ ਕਰ ਦਿੱਤਾ ਗਿਆ। ਡਾ. ਬਾਂਸਲ ਨੂੰ ਵੀ ਮੁੱਢਲੀ ਸਹਾਇਤਾ ਦੇ ਕੇ ਉਨ੍ਹਾਂ ਦੀ ਬਾਂਹ ”ਤੇ ਮਲਹਮ-ਪੱਟੀ ਕੀਤੀ ਗਈ। ਡਾ. ਵਿਕਾਸ ਬਾਂਸਲ ਨੇ ਦੱਸਿਆ ਕਿ ਉਹ ਪਿਛਲੇ 9 ਸਾਲਾਂ ਤੋਂ ਇਸੇ ਕਮਰੇ ਵਿਚ ਓਪੀਡੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਹਸਪਤਾਲ ਦੀ ਇਮਾਰਤ ਦੇ ਕਈ ਕਮਰਿਆਂ ਵਿਚ ਸੀਲਨ ਅਤੇ ਖਸਤਾ ਹਾਲਤ ਦੀ ਸਮੱਸਿਆ ਹੈ ਪਰ ਇਹ ਘਟਨਾ ਅਚਾਨਕ ਵਾਪਰੀ। ਉਨ੍ਹਾਂ ਕਿਹਾ ਕਿ ਜੇਕਰ ਛੱਤ ਦਾ ਹੋਰ ਵੱਡਾ ਹਿੱਸਾ ਡਿੱਗ ਜਾਂਦਾ ਤਾਂ ਕੋਈ ਵੱਡਾ ਹਾਦਸਾ ਵੀ ਵਾਪਰ ਸਕਦਾ ਸੀ। ਇਸ ਘਟਨਾ ਤੋਂ ਬਾਅਦ ਹਸਪਤਾਲ ਦੀ ਇਮਾਰਤ ਦੀ ਸੁਰੱਖਿਆ ਨੂੰ ਲੈ ਕੇ ਸਵਾਲ ਖੜ੍ਹੇ ਹੋ ਗਏ ਹਨ ਅਤੇ ਲੋਕਾਂ ਨੇ ਪ੍ਰਸ਼ਾਸਨ ਤੋਂ ਇਮਾਰਤ ਦੀ ਤੁਰੰਤ ਜਾਂਚ ਕਰਵਾ ਕੇ ਲੋੜੀਂਦੀਆਂ ਮੁਰੰਮਤਾਂ ਕਰਵਾਉਣ ਦੀ ਮੰਗ ਕੀਤੀ ਹੈ।

# ਠੇਕੇ ਵਾਲੇ ਸਫ਼ਾਈ ਕਾਮਿਆਂ ਦਾ ਮਾਸਿਕ ਮਿਹਨਤਾਨਾ 1 ਅਗਸਤ ਤੋਂ ਸੋਧ ਕੇ 20,520 ਰੁਪਏ ਕੀਤਾ: ਹਰਜੋਤ ਸਿੰਘ ਬੈਂਸ

**Contd...........Front page**

ਅਸੀਂ ਉਨ੍ਹਾਂ ਲੋਕਾਂ ਲਈ ਬਰਾਬਰੀ ਅਤੇ ਮਾਣ-ਸਨਮਾਨ ਅਧਾਰਤ ਸਮਾਜ ਦਾ ਨਿਰਮਾਣ ਕਰ ਰਹੇ ਹਾਂ ਜੋ ਸਾਡੇ ਕਸਬਿਆਂ ਅਤੇ ਸ਼ਹਿਰਾਂ ਨੂੰ ਸਾਫ਼-ਸੁਥਰਾ ਰੱਖਣ ਲਈ ਅਣਥੱਕ ਮਿਹਨਤ ਕਰਦੇ ਹਨ। ਮੰਤਰੀ ਨੇ ਕਿਹਾ ਕਿ ਇਹ ਫੈਸਲੇ ਕਰਮਚਾਰੀ ਯੂਨੀਅਨਾਂ ਦੇ ਪ੍ਰਤੀਨਿਧੀਆਂ ਨਾਲ ਵਿਆਪਕ ਸਲਾਹ-ਮਸ਼ਵਰੇ ਤੋਂ ਬਾਅਦ ਲਏ ਗਏ ਹਨ। ਉਨ੍ਹਾਂ ਕਿਹਾ, “ਅਸੀਂ ਕੱਲ੍ਹ ਕਈ ਯੂਨੀਅਨ ਆਗੂਆਂ ਨਾਲ ਵਿਆਪਕ ਵਿਚਾਰ-ਵਟਾਂਦਰਾ ਕੀਤਾ। ਅੱਜ, ਵਿੱਤ ਮੰਤਰੀ ਸ. ਹਰਪਾਲ ਸਿੰਘ ਚੀਮਾ ਅਤੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਦੀ ਕੈਬਨਿਟ ਸਬ-ਕਮੇਟੀ ਨੇ ਸਫਾਈ ਕਰਮਚਾਰੀ ਯੂਨੀਅਨਾਂ ਦੇ ਪ੍ਰਤੀਨਿਧੀਆਂ ਨਾਲ ਵੱਖ-ਵੱਖ ਮੀਟਿੰਗਾਂ ਕੀਤੀਆਂ। ਇਸ ਦੌਰਾਨ ਸਾਰੇ ਪ੍ਰਮੁੱਖ ਮੁੱਦਿਆਂ ’ਤੇ ਸਹਿਮਤੀ ਬਣੀ ਅਤੇ ਬਾਕੀ ਛੋਟੇ ਮੁੱਦਿਆਂ ਨੂੰ ਵੀ ਆਉਣ ਵਾਲੇ ਦਿਨਾਂ ਵਿੱਚ ਹੱਲ ਕਰ ਦਿੱਤਾ ਜਾਵੇਗਾ। ਸਾਰੇ ਸਫਾਈ ਕਰਮਚਾਰੀਆਂ ਨੂੰ ਵਡੇਰੇ ਜਨਤਕ ਹਿੱਤ ਵਿੱਚ ਸੇਵਾਵਾਂ ’ਤੇ ਵਾਪਸ ਆਉਣ ਦੀ ਅਪੀਲ ਕਰਦਿਆਂ, ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ, ÷ਮੈਂ ਸਾਰੀਆਂ ਕਰਮਚਾਰੀ ਯੂਨੀਅਨਾਂ ਨੂੰ ਖਾਸ ਕਰਕੇ ਮਾਨਸੂਨ ਦੇ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਹੜਤਾਲ ਵਾਪਸ ਲੈਣ ਦੀ ਬੇਨਤੀ ਕਰਦਾ ਹਾਂ ਤਾਂ ਜੋ ਪਾਣੀ ਤੋਂ ਪੈਦਾ ਹੋਣ ਵਾਲੀਆਂ ਅਤੇ ਵੈਕਟਰ ਬੋਰਨ ਬਿਮਾਰੀਆਂ ਦੇ ਫੈਲਾਅ ਨੂੰ ਰੋਕਿਆ ਜਾ ਸਕੇ। ਸਰਕਾਰ ਪਹਿਲਾਂ ਹੀ ਸਫਾਈ ਸੇਵਕਾਂ ਅਤੇ ਸੀਵਰਮੈਨਾਂ ਦੇ ਹੱਕ ਵਿੱਚ ਵੱਡੇ ਫੈਸਲੇ ਲੈ ਚੁੱਕੀ ਹੈ। ਹੁਣ ਇਹ ਸਾਡੀ ਸਮੂਹਿਕ ਜ਼ਿੰਮੇਵਾਰੀ ਹੈ ਕਿ ਅਸੀਂ ਆਪਣੇ ਬਾਜ਼ਾਰਾਂ, ਸ਼ਹਿਰਾਂ, ਹਸਪਤਾਲਾਂ, ਸਕੂਲਾਂ, ਗੁਰਦੁਆਰਿਆਂ, ਮੰਦਰਾਂ ਅਤੇ ਸਾਰੀਆਂ ਜਨਤਕ ਥਾਵਾਂ ਨੂੰ ਸਾਫ਼-ਸੁਥਰਾ ਅਤੇ ਸੁਰੱਖਿਅਤ ਰੱਖੀਏ। ਮੈਂ ਹਰ ਸਫਾਈ ਸੇਵਕ ਅਤੇ ਸੀਵਰਮੈਨ ਨੂੰ ਦਿਲੋਂ ਅਪੀਲ ਕਰਦਾ ਹਾਂ ਕਿ ਉਹ ਕੰਮ ’ਤੇ ਵਾਪਸ ਆਉਣ ਅਤੇ ਪੰਜਾਬ ਦੇ ਲੋਕਾਂ ਦੇ ਹਿੱਤ ਲਈ ਆਪਣੀ ਵਡਮੁੱਲੀ ਸੇਵਾ ਜਾਰੀ ਰੱਖਣ।


**NAME CHANGE**
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.



**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.



**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



**NAME CHANGE**
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**PUBLIC NOTICE**
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.
**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.



**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.



**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.



**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.



**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose



**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.



**PUBLIC NOTICE**
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.
**Shyam Sharma (Adv)**

**PUBLIC NOTICE**
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

**NAME CHANGE**
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

**NAME CHANGE**
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

**NAME CHANGE**
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

**NAME CHANGE**
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.



**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.



**NAME CHANGE**
I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.



**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.



**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9,
ROHINI, NEW DELHI

# ਥਾਣਾ ਘਨੌਰ ਦੀ ਪੁਲਿਸ ਵੱਲੋਂ ਅੰਨੇ ਕਤਲ ਦੀ ਗੁੱਥੀ ਨੂੰ ਸੁਲਝਾ 2 ਦੋਸ਼ੀਆਨ ਕਾਬੂ



ਪਟਿਆਲਾ, 28 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਵਰੁਣ ਸ਼ਰਮਾ, ਆਈ.ਪੀ.ਐਸ, ਐਸ.ਐਸ.ਪੀ ਪਟਿਆਲਾ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ, ਸਵਰਨਜੀਤ ਕੌਰ, ਐਸ.ਪੀ, ਪੀ.ਬੀ.ਆਈ ਪਟਿਆਲਾ ਦੀਆਂ ਹਦਾਇਤਾ ਅਨੁਸਾਰ, ਦਲਜੀਤ ਸਿੰਘ ਵਿਰਕ ਪੀ.ਪੀ.ਐਸ ਉਪ ਕਪਤਾਨ ਪੁਲਿਸ ਸਰਕਲ ਘਨੌਰ ਅਤੇ ਐਸ.ਆਈ ਗੁਰਮੁੱਖ ਸਿੰਘ ਮੁੱਖ ਅਫਸਰ ਥਾਣਾ ਘਨੌਰ, ਏ.ਐਸ.ਆਈ. ਗੁਰਵਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਮਿਤੀ 20.7.2026 ਨੂੰ ਇੱਕ ਟੈਲੀਫੋਨ ਰਜਿੰਦਰਾ ਹਸਪਤਾਲ ਪਟਿਆਲਾ ਥਾਣਾ ਮੌਸੂਲ ਹੋਇਆ ਕਿ ਮਜ਼ਰੂਬਸੁਖਵਿੰਦਰ ਸਿੰਘ ਉਮਰ ਕਰੀਬ 45 ਸਾਲ, ਜੋਂ ਛੱਤ ਤੋ ਡਿੱਗਣ ਕਰਕੇ ਰਜਿੰਦਰਾ ਹਸਪਤਾਲ ਪਟਿਆਲਾ ਦਾਖਲ ਹੈ। ਮਿਤੀ 20.7.2026 ਨੂੰ ਹੀ ਇੱਕ ਟੈਲੀਫੋਨ ਜੀ.ਐਮ.ਸੀ.ਐਚ ਸੈਕਟਰ 32 ਚੰਡੀਗੜ੍ਹ ਤੋਂ ਇਤਲਾਹ ਮਿਲੀ ਸੀ ਮਜਰੂਬ ਸੁਖਵਿੰਦਰ ਸਿੰਘ ਉਕਤ ਸਿਰ ਦੀ ਸੱਟ ਲੱਗਣ ਕਾਰਨ ਇਲਾਜ ਲਈ ਆਇਆ ਸੀ। ਜਿਸ ਦੀ ਦੌਰਾਨੇ ਇਲਾਜ ਮੌਤ ਹੋ ਗਈ ਹੈ। ਜਿਸ ਤੇ ਦਲਜੀਤ ਸਿੰਘ ਵਿਰਕ ਪੀ.ਪੀ.ਐਸ ਉਪ ਕਪਤਾਨ ਪੁਲਿਸ ਸਰਕਲ ਘਨੌਰ ਦੀ ਹਦਾਇਤ ਮੁਤਾਬਿਕ, ਐਸ.ਆਈ. ਗੁਰਮੁੱਖ ਸਿੰਘ ਮੁੱਖ ਅਫਸਰ ਥਾਣਾ ਘਨੌਰ ਦੀ ਯੋਗ ਅਧੀਨ ਸ:ਥ ਗੁਰਵਿੰਦਰ ਸਿੰਘ ਨੇ ਜੀ.ਐਮ.ਸੀ.ਐਚ ਸੈਕਟਰ 32 ਚੰਡੀਗੜ੍ਹ ਪੁੱਜ ਕੇ ਮ੍ਰਿਤਕ ਸੁਖਵਿੰਦਰ ਸਿੰਘ ਦੀ ਲਾਸ਼ ਦਾ ਮੁਲਾਹਜਾ ਕੀਤਾ ਅਤੇ ਮ੍ਰਿਤਕ ਦੇ ਲੱਗੀਆ ਸੱਟਾ ਸਬੰਧੀ ਜਾਇਜਾ ਲਿਆ ਗਿਆ ਅਤੇ ਡਾਕਟਰ ਸਾਹਿਬ ਪਾਸੋਂ ਲਾਸ਼ ਦਾ ਪੋਸਟਮਾਰਟਮ ਕਰਵਾਇਆ ਗਿਆ, ਜੋ ਮਾਮਲਾ ਸ਼ੱਕੀ ਜਾਪਦਾ ਹੋਣ ਕਰਕੇ ਸ:ਥ ਗੁਰਵਿੰਦਰ ਸਿੰਘ ਵੱਲੋਂ ਮੋਤੀ ਰਾਮ ਪਿੰਡ ਡੰਡਿਆਣਾ, ਥਾਣਾ ਸਦਰ ਅੰਬਾਲਾ, ਜਿਲ੍ਹਾ ਅੰਬਾਲਾ, ਹਰਿਆਣਾ ਦੇ ਬਿਆਨ ਪਰ ਮ੍ਰਿਤਕ ਸੁਖਜਿੰਦਰ ਸਿੰਘ ਦੀ ਪਤਨੀ ਹਰਜੀਤ ਕੌਰ ਵਾਸੀ ਪਿੰਡ ਹਰੀਮਾਜਰਾ ਅਤੇ ਸ਼ਿੰਦਰ ਸਿੰਘ ਪਿੰਡ ਹਰੀਮਾਜਰਾ ਦੇ ਖਿਲਾਫ ਮੁਕੱਦਮਾ ਨੰਬਰ 69 ਮਿਤੀ 21.07.2026 ਅ/ਧ 103(1), 61(2) ਬੀ.ਐਨ.ਐਸ ਥਾਣਾ ਘਨੌਰ ਰਜਿਸਟਰ ਕਰਕੇ ਤਫਤੀਸ ਅਮਲ ਵਿੱਚ ਲਿਆਦੀ। ਦੌਰਾਨੇ ਤਫਤੀਸ਼ ਇਹ ਗੱਲ ਸਾਹਮਣੇ ਆਈ ਕਿ ਮ੍ਰਿਤਕ ਸੁਖਜਿੰਦਰ ਕੌਰ ਦੀ ਪਤਨੀ ਹਰਜੀਤ ਕੌਰ ਦੇ ਸ਼ਿੰਦਰ ਸਿੰਘ ਨਾਲ ਨਜਾਇਜ ਸਬੰਧ ਸਨ, ਜੋ ਸ਼ਿੰਦਰ ਸਿੰਘ, ਮ੍ਰਿਤਕ ਸੁਖਜਿੰਦਰ ਸਿੰਘ ਦੇ ਘਰ ਆਉਦਾ ਜਾਦਾ ਰਹਿੰਦਾ ਸੀ, ਜਿਸ ਕਰਕੇ ਸੁਖਜਿੰਦਰ ਸਿੰਘ ਅਤੇ ਹਰਜੀਤ ਕੌਰ ਦੀ ਆਪਸ ਵਿੱਚ ਤਕਰਾਰਬਾਜੀ ਰਹਿੰਦੀ ਸੀ। ਜਿਸ ਕਰਕੇ ਸ਼ਿੰਦਰ ਸਿੰਘ ਅਤੇ ਹਰਜੀਤ ਕੌਰ ਨੇ ਆਪਸ ਵਿੱਚ ਰਲ ਕੇ ਸੋਚੀ ਸਮਝੀ ਸਾਜਿਸ਼ ਤਹਿਤ ਮਿਤੀ 19/20.7.2026 ਦੀ ਦਰਮਿਆਨੀ ਰਾਤ ਨੂੰ ਸੁਖਜਿੰਦਰ ਸਿੰਘ ਦੇ ਸਿਰ ਵਿੱਚ ਹਥੋੜੇ ਮਾਰ ਮਾਰ ਕੇ ਉਸਦਾ ਕਤਲ ਕਰ ਦਿੱਤਾ ਸੀ। ਦਲਜੀਤ ਸਿੰਘ ਵਿਰਕ ਪੀ.ਪੀ.ਐਸ. ਉਪ ਕਪਤਾਨ ਪੁਲਿਸ ਘਨੌਰ ਦੀਆਂ ਹਦਾਇਤਾਂ ਅਨੁਸਾਰ ਮਿਤੀ 23.07.2026 ਨੂੰ ਥਾਣਾ ਘਨੌਰ ਦੀ ਪੁਲਿਸ ਵੱਲੋਂ ਮੁਕੱਦਮਾ ਉਕਤ ਦੇ ਦੋਸ਼ੀਆਨ ਹਰਜੀਤ ਕੌਰ ਅਤੇ ਸਿੰਦਰ ਸਿੰਘ ਉਕਤਾਨ ਨੂੰ ਹਸਬ ਜਾਬਤਾ ਅਨੁਸਾਰ ਗ੍ਰਿਫਤਾਰ ਕੀਤਾ ਗਿਆ। ਜਿਹਨਾਂ ਨੂੰ ਅੱਜ ਮਿਤੀ 24.07.2026 ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾਵੇਗਾ।

# ਡਾ. ਐਸ.ਪੀ. ਸਿੰਘ ਓਬਰਾਏ ਵੱਲੋਂ ਪੰਜਾਬੀ ਯੂਨੀਵਰਸਿਟੀ ਦੇ ਭਾਈ ਘਨੱਈਆ ਹੈਲਥ ਸੈਂਟਰ ਨੂੰ ਅਤਿ-ਆਧੁਨਿਕ ਮੈਡੀਕਲ ਉਪਕਰਨ ਭੇਟ

ਪਟਿਆਲਾ, 28 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸੰਸਥਾਪਕ ਅਤੇ ਪ੍ਰਸਿੱਧ ਸਮਾਜਸੇਵੀ ਡਾ. ਐਸ.ਪੀ. ਸਿੰਘ ਓਬਰਾਏ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਭਾਈ ਘਨੱਈਆ ਹੈਲਥ ਸੈਂਟਰ ਨੂੰ ਹੀਮੈਟੋਲੋਜੀ ਐਨਾਲਾਈਜ਼ਰ (ਸੈਲ ਕਾਊਂਟਰ), ਏਅਰ ਕੰਡੀਸ਼ਨਰ ਅਤੇ ਹੋਰ ਲੋੜੀਂਦੇ ਅਤਿ-ਆਧੁਨਿਕ ਮੈਡੀਕਲ ਉਪਕਰਨ ਭੇਟ ਕੀਤੇ।

ਨਵੇਂ ਮੈਡੀਕਲ ਉਪਕਰਨਾਂ ਦਾ ਰਸਮੀ ਉਦਘਾਟਨ ਡਾ. ਐਸ.ਪੀ. ਸਿੰਘ ਓਬਰਾਏ, ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਅਤੇ ਸਨੀ ਓਬਰਾਏ ਵਿਵੇਕ ਸਦਨ ਸਕਿਲਡ ਯੂਨੀਵਰਸਿਟੀ, ਸ੍ਰੀ ਅਨੰਦਪੁਰ ਸਾਹਿਬ ਦੇ ਵਾਈਸ ਚਾਂਸਲਰ ਡਾ. ਸਰਬਜਿੰਦਰ ਸਿੰਘ ਵੱਲੋਂ ਕੀਤਾ ਗਿਆ।

ਇਸ ਮੌਕੇ ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਨੇ ਡਾ. ਐਸ.ਪੀ. ਸਿੰਘ ਓਬਰਾਏ ਦਾ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਦਿੱਤੀ ਗਈ ਇਹ ਉਦਾਰ ਸਹਾਇਤਾ ਭਾਈ ਘਨੱਈਆ ਹੈਲਥ ਸੈਂਟਰ ਦੀਆਂ ਸਿਹਤ ਸੇਵਾਵਾਂ ਨੂੰ ਹੋਰ ਮਜ਼ਬੂਤ ਬਣਾਏਗੀ। ਉਨ੍ਹਾਂ ਨੇ ਸੀਨੀਅਰ ਮੈਡੀਕਲ ਅਫ਼ਸਰ ਡਾ. ਰੇਜੀਨਾ ਮੈਨੀ ਅਤੇ ਹੈਲਥ ਸੈਂਟਰ ਦੇ ਸਮੂਹ ਸਟਾਫ਼ ਦੀ ਇਮਾਨਦਾਰੀ, ਸਮਰਪਣ ਅਤੇ 24 ਘੰਟੇ ਸੇਵਾ ਨਿਭਾਉਣ ਦੀ ਭਰਪੂਰ ਸ਼ਲਾਘਾ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਨੇ ਸਮਾਗਮ ਵਿੱਚ ਸ਼ਮੂਲੀਅਤ ਕਰਨ ਲਈ ਡਾ. ਸਰਬਜਿੰਦਰ ਸਿੰਘ ਦਾ ਵੀ ਧੰਨਵਾਦ ਕੀਤਾ।

ਡਾ. ਰੇਜੀਨਾ ਮੈਨੀ ਨੇ ਦੱਸਿਆ ਕਿ ਹੈਲਥ ਸੈਂਟਰ ਵਿੱਚ ਵਰਤੇ ਜਾ ਰਹੇ ਕੁਝ ਲੈਬ ਉਪਕਰਨ ਗੈਰ-ਕਾਰਜਸ਼ੀਲ ਹੋ ਚੁੱਕੇ ਸਨ, ਜਿਸ ਕਾਰਨ ਜਾਂਚ ਸੇਵਾਵਾਂ ਪ੍ਰਭਾਵਿਤ ਹੋ ਰਹੀਆਂ ਸਨ। ਉਨ੍ਹਾਂ ਕਿਹਾ ਕਿ ਡਾ. ਐਸ.ਪੀ. ਸਿੰਘ ਓਬਰਾਏ ਵੱਲੋਂ ਭੇਟ ਕੀਤੇ ਗਏ ਨਵੇਂ ਉਪਕਰਨ ਵਿਦਿਆਰਥੀਆਂ, ਕਰਮਚਾਰੀਆਂ ਅਤੇ ਯੂਨੀਵਰਸਿਟੀ ਪਰਿਵਾਰ ਨੂੰ ਲਗਾਤਾਰ ਅਤੇ ਉੱਚ ਪੱਧਰੀ ਡਾਇਗਨੋਸਟਿਕ ਅਤੇ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਉਣਗੇ।

ਉਨ੍ਹਾਂ ਨੇ ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਦਾ ਲਗਾਤਾਰ ਹੌਸਲਾ-ਅਫ਼ਜ਼ਾਈ ਅਤੇ ਹਰ ਪੱਖੋਂ ਸਹਿਯੋਗ ਦੇਣ ਲਈ ਵਿਸ਼ੇਸ਼ ਧੰਨਵਾਦ ਕੀਤਾ। ਨਾਲ ਹੀ ਡਾ. ਸਰਬਜਿੰਦਰ ਸਿੰਘ ਅਤੇ ਸਮਾਗਮ ਵਿੱਚ ਹਾਜ਼ਰ ਸਾਰੀਆਂ ਸ਼ਖ਼ਸੀਅਤਾਂ ਦਾ ਵੀ ਆਭਾਰ ਪ੍ਰਗਟਾਇਆ। ਉਨ੍ਹਾਂ ਨੇ ਪ੍ਰੋਗਰਾਮ ਦੀ ਸਫਲਤਾ ਲਈ ਹੈਲਥ ਸੈਂਟਰ ਦੇ ਸਮੂਹ ਸਟਾਫ਼ ਦੀ ਟੀਮ ਭਾਵਨਾ ਅਤੇ ਮਿਹਨਤ ਦੀ ਵੀ ਖੁੱਲ੍ਹ ਕੇ ਸ਼ਲਾਘਾ ਕੀਤੀ। ਇਸ ਮੌਕੇ ਡਾ. ਦਲਜੀਤ ਸਿੰਘ ਗਿੱਲ (ਸਲਾਹਕਾਰ, ਸਿਹਤ ਸੇਵਾਵਾਂ, ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਰਜਿ.), ਸਰਦਾਰ ਸੁਰਿੰਦਰ ਸਿੰਘ (ਪ੍ਰਧਾਨ, ਪਟਿਆਲਾ ਇਕਾਈ, ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ), ਵਾਈਸ ਚਾਂਸਲਰ ਦੀ ਪਤਨੀ ਡਾ. ਸੁਖਜੀਤ ਕੌਰ, ਕੰਟਰੋਲਰ ਆਫ਼ ਇਗਜ਼ਾਮੀਨੇਸ਼ਨਜ਼ ਡਾ. ਮਨੀਸ਼ ਕਪੂਰ, ਐਗਜ਼ੈਕਟਿਵ ਇੰਜੀਨੀਅਰ, ਡੀਨ, ਡਾਇਰੈਕਟਰ ਅਤੇ ਯੂਨੀਵਰਸਿਟੀ ਦੇ ਹੋਰ ਕਈ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ।




# ਰਸੂਲਪੁਰ ਸੈਦਾਂ ਕ੍ਰਿਕਟ ਟੂਰਨਾਮੈਂਟ 'ਚ ਰਜਿੰਦਰ ਵਿਰਕ ਦਾ ਵਿਸ਼ੇਸ ਸਨਮਾਨ



ਸਨੌਰ,28 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਰਸੂਲਪੁਰ ਸੈਦਾਂ ਵਿਖੇ ਕਰਵਾਏ ਗਏ ਸ਼ਾਨਦਾਰ ਕ੍ਰਿਕਟ ਟੂਰਨਾਮੈਂਟ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੀਨੀਅਰ ਮੀਤ ਪ੍ਰਧਾਨ ਰਜਿੰਦਰ ਵਿਰਕ ਦਾ ਵਿਸ਼ੇਸ ਸਨਮਾਨ ਕੀਤਾ ਗਿਆ। ਇਸ ਮੌਕੇ ਰਜਿੰਦਰ ਸਿੰਘ ਵਿਰਕ, ਸੀਨੀਅਰ ਮੀਤ ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਅਤੇ ਉਹਨਾਂ ਦੀ ਟੀਮ ਵੱਲੋਂ ਕਲੱਬ ਮੈਂਬਰਾਂ, ਮੈਨੇਜਮੈਂਟ ਕਮੇਟੀ ਅਤੇ ਖ਼ਾਸ ਕਰਕੇ ਨੌਜਵਾਨਾਂ ਵੱਲੋਂ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕਰਦਿਆਂ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ।

ਸਮੂਹ ਪਤਵੰਤਿਆਂ ਅਤੇ ਹਾਜ਼ਰ ਸੰਗਤ ਦੀ ਮੌਜੂਦਗੀ ਵਿੱਚ ਟੂਰਨਾਮੈਂਟ ਵਿੱਚ ਭਾਗ ਲੈਣ ਵਾਲੀਆਂ ਟੀਮਾਂ ਦਾ ਹੌਸਲਾ ਵਧਾਇਆ ਗਿਆ। 36 ਟੀਮਾਂ ਵਿੱਚੋਂ ਜੇਤੂ ਟੀਮ ਅਤੇ ਉਪ ਜੇਤੂ ਟੀਮਾਂ ਨੂੰ ਜੇਤੂ ਕੱਪ ਅਤੇ ਨਕਦ ਇਨਾਮ ਭੇਟ ਕੀਤੇ ਗਏ। ਇਸ ਤੋਂ ਇਲਾਵਾ ਮੈਨ ਆਫ਼ ਦ ਮੈਚ ਅਤੇ ਮੈਨ ਆਫ਼ ਦ ਸੀਰੀਜ਼ ਨੂੰ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਧਾਨ ਰਜਿੰਦਰ ਵਿਰਕ ਨੇ ਕਿਹਾ ਨੌਜਵਾਨਾਂ ਦੀ ਇਹ ਖੇਡ ਭਾਵਨਾ ਅਤੇ ਏਕਤਾ ਹੀ ਸਾਡੇ ਸਮਾਜ ਦੀ ਅਸਲ ਤਾਕਤ ਹੈ। ਆਓ, ਖੇਡਾਂ ਨੂੰ ਹੋਰ ਪ੍ਰੋਤਸਾਹਿਤ ਕਰਕੇ ਨਸ਼ਾ-ਮੁਕਤ ਅਤੇ ਤੰਦਰੁਸਤ ਪੰਜਾਬ ਦੀ ਸਿਰਜਣਾ ਵਿੱਚ ਆਪਣਾ ਯੋਗਦਾਨ ਪਾਈਏ।

# ਲਾਇਨਜ਼ ਕਲੱਬ ਨਾਭਾ ਦੇ ਅਹੁਦੇਦਾਰਾਂ ਵੱਲੋਂ ਵਿਧਾਇਕ ਦੇਵ ਮਾਨ ਨਾਲ ਕੀਤੀ ਮੀਟਿੰਗ

ਨਾਭਾ, 28 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਲਾਇਨਜ਼ ਕਲੱਬ ਨਾਭਾ ਦੇ ਅਹੁਦੇਦਾਰਾਂ ਵੱਲੋਂ ਅੱਜ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦੇ ਦਫ਼ਤਰ ਵਿਖੇ ਸ਼ਿਸ਼ਟਾਚਾਰ ਮੁਲਾਕਾਤ ਕੀਤੀ ਗਈ। ਇਸ ਮੌਕੇ ਲਾਇਨਜ਼ ਕਲੱਬ ਨਾਭਾ ਦੇ ਪ੍ਰਧਾਨ ਅਮਰੀਕ ਸਿੰਘ ਗਿੱਲ, ਵਾਈਸ ਪ੍ਰਧਾਨ ਸੋਮ ਨਾਥ ਢੱਲ,ਕੈਸ਼ੀਅਰ ਭਗਵੰਤ ਸਿੰਗਲਾ,ਰਮਨ ਸਿੰਗਲਾ,ਨਗਰ ਕੌਂਸਲ ਨਾਭਾ ਦੇ ਵਾਈਸ ਪ੍ਰਧਾਨ ਕਮਲ ਕੁਮਾਰ ਰਾਜੂ ਅਤੇ ਅਨਮੋਲ ਸਿੰਘ ਹਾਜ਼ਰ ਸਨ,ਮੁਲਾਕਾਤ ਦੌਰਾਨ ਲਾਇਨਜ਼ ਕਲੱਬ ਵੱਲੋਂ ਚਲਾਈਆਂ ਜਾ ਰਹੀਆਂ ਲੋਕ ਭਲਾਈ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਪ੍ਰਧਾਨ ਅਮਰੀਕ ਸਿੰਘ ਗਿੱਲ ਨੇ ਦੱਸਿਆ ਕਿ ਲਾਇਨਜ਼ ਕਲੱਬ ਨਾਭਾ ਹਮੇਸ਼ਾ ਸਮਾਜ ਸੇਵਾ ਦੇ ਕਾਰਜਾਂ ਵਿੱਚ ਅਗਵਾਈ ਕਰਦਾ ਆ ਰਿਹਾ ਹੈ। ਕਲੱਬ ਵੱਲੋਂ ਸਮੇਂ-ਸਮੇਂ 'ਤੇ ਅੱਖਾਂ ਦੇ ਮੁਫ਼ਤ ਜਾਂਚ ਕੈਂਪ, ਸਕੂਲਾਂ ਵਿੱਚ ਵਾਟਰ ਕੂਲਰ ਲਗਾਉਣ, ਲੋੜਵੰਦ ਪਰਿਵਾਰਾਂ ਦੀ ਸਹਾਇਤਾ ਅਤੇ ਹੋਰ ਭਲਾਈ ਦੇ ਕਾਰਜ ਕੀਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਵਾਤਾਵਰਨ ਦੀ ਸੰਭਾਲ ਅਤੇ ਹਰਿਆਵਲੀ ਨੂੰ ਉਤਸ਼ਾਹਿਤ ਕਰਨ ਲਈ ਕਲੱਬ ਵੱਲੋਂ ਨਵੇਂ ਪੌਦੇ ਲਗਾਉਣ ਦੀ ਵਿਸ਼ੇਸ਼ ਮੁਹਿੰਮ ਵੀ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਵੱਖ-ਵੱਖ ਥਾਵਾਂ 'ਤੇ ਵੱਡੇ ਪੱਧਰ 'ਤੇ ਰੁੱਖ ਲਗਾਏ ਜਾਣਗੇ।

ਇਸ ਮੌਕੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਲਾਇਨਜ਼ ਕਲੱਬ ਨਾਭਾ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਦੀ ਸ਼ਲਾਘਾ ਕਰਦਿਆਂ ਭਵਿੱਖ ਵਿੱਚ ਹਰ ਸੰਭਵ ਸਹਿਯੋਗ ਦਾ ਭਰੋਸਾ ਦਿੱਤਾ। ਕਲੱਬ ਦੇ ਅਹੁਦੇਦਾਰਾਂ ਨੇ ਵੀ ਸਮਾਜ ਭਲਾਈ ਅਤੇ ਲੋਕ ਸੇਵਾ ਦੇ ਕੰਮਾਂ ਵਿੱਚ ਮਿਲ ਕੇ ਹੋਰ ਵਧੀਆ ਢੰਗ ਨਾਲ ਕੰਮ ਕਰਨ ਦੀ ਵਚਨਬੱਧਤਾ ਪ੍ਰਗਟਾਈ ਇਸ ਮੌਕੇ ਉਨਾਂ ਦੇ ਨਾਲ ਤੇਜਿੰਦਰ ਸਿੰਘ ਖਹਿਰਾ ਡਾਇਰੈਕਟਰ , ਧਰਮਿੰਦਰ ਸਿੰਘ ਸੁਖੇਵਾਲ ਸੀਨੀਅਰ ਆਗੂ , ਸਿਮਰਨ ਅੜਕ ਚੌਹਾਨ, ਭੁਪਿੰਦਰ ਸਿੰਘ ਕੱਲਰ ਮਾਜਰੀ ਵਾਇਸ ਚੇਅਰਮੈਨ ?, ਸੁਖਦੀਪ ਸਿੰਘ ਖਹਿਰਾ , ਜਸਵੀਰ ਸਿੰਘ ਵਜੀਦਪੁਰ ਅਤੇ ਹੋਰ ਅਹੁਦੇਦਾਰਾਂ ਮੌਜੂਦ ਸਨ।




# ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਮੁੱਖ ਮੰਤਰੀ ਤੀਰਥ ਯਾਤਰਾ ਨੂੰ ਦਿਖਾਈ ਹਰੀ ਝੰਡੀ



ਪਟਿਆਲਾ, 28 ਜੁਲਾਈ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਵਲੋਂ ਪੰਜਾਬ ਸਰਕਾਰ ਦੀ ਵਿਰਾਸਤ ਸੇਵਾ ਸੰਗਠਨ ਵੱਲੋਂ ਚਲ ਰਹੀ ਮੁੱਖ ਮੰਤਰੀ ਤੀਰਥ ਯਾਤਰਾ ਪਟਿਆਲਾ ਸ਼ਹਿਰ ਦੇ ਮਾਡਲ ਟਾਊਨ ਅਤੇ ਢਿੱਲੋਂ ਕਾਲੋਨੀ ਤੋ ਅੱਜ ਰਵਾਨਾ ਕੀਤੀ ਗਈ। ਇਸ ਮੌਕੇ ਹਲਕਾ ਕੋਆਰਡੀਨੇਟਰ ਹਰਵਿੰਦਰ ਪਾਲ ਸਿੰਘ ਵਿੰਟੀ, ਬਲਾਕ ਪ੍ਰਧਾਨ ਰਜਿੰਦਰ ਮੋਹਨ, ਜੁਆਇੰਟ ਸਕੱਤਰ ਸਟੇਟ ਵੀਮੈਨ ਵਿੰਗ ਮੋਨਿਕਾ ਸ਼ਰਮਾ, ਵਾਰਡ ਨੰਬਰ 58 ਦੇ ਐੱਮ.ਸੀ. ਗੁਰਜੀਤ ਸਿੰਘ ਸਾਹਨੀ ਅਤੇ ਵਾਰਡ ਨੰਬਰ 39 ਦੇ ਇੰਚਾਰਜ ਜਯੋਤੀ ਹਾਜਰ ਸਨ।

ਇਸ ਮੌਕੇ ਸੰਗਤਾਂ ਯਾਤਰਾ ਦੌਰਾਨ ਬਹੁਤ ਉਤਸ਼ਾਹ ਵਿਚ ਸਨ। ਸਰਕਾਰ ਦੇ ਇਸ ਵਿਸੇਸ਼ ਉਪਰਾਲੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਐਮ.ਐਲ.ਏ. ਪਟਿਆਲਾ ਅਜੀਤਪਾਲ ਸਿੰਘ ਕੋਹਲੀ ਦਾ ਧੰਨਵਾਦ ਕੀਤਾ। ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਦੱਸਿਆ ਕਿ ਇਹ ਯਾਤਰਾ ਤਿੰਨ ਦਿਨ ਲਈ ਹੈ, ਜਿਥੇ ਕਿ ਵਧੀਆ ਹੋਟਲ ਵਿਚ ਖਾਣਾ ਅਤੇ ਰਹਿਣ ਦਾ ਪ੍ਰਬੰਧ ਹੁੰਦਾ ਹੈ। ਇਹ ਜਲਿਆਂ ਵਾਲਾ ਬਾਗ, ਰਾਮ ਤੀਰਥ ਮੰਦਰ, ਦੁਰਗਿਆਣਾ ਮੰਦਰ, ਅਤੇ ਵਾਹਗਾ ਬਾਰਡਰ ਵੀ ਜਾਂਦੀ ਹੈ। ਇਸ ਤੀਰਥ ਯਾਤਰਾ ਦਾ ਸਾਰਾ ਖਰਚ ਪੰਜਾਬ ਸਰਕਾਰ ਵੱਲੋਂ ਕੀਤਾ ਜਾ ਰਿਹਾ ਹੈ ਕਿਸੇ ਵੀ ਸ਼ਰਧਾਲੂ ਤੋਂ ਕੋਈ ਪੈਸਾ ਨਹੀਂ ਲਿਆ ਜਾ ਰਿਹਾ ਉਹਨਾਂ ਦੱਸਿਆ ਕਿ ਹੁਣ ਤੱਕ ਅਣਗਿਣਤ ਸ਼ਰਧਾਲੂ ਤੀਰਥ ਯਾਤਰਾ ਕਰ ਚੁੱਕੇ ਹਨ ਅਤੇ ਲੱਖਾਂ ਸ਼ਰਧਾਲੂ ਲਗਾਤਾਰ ਸਬੰਧਤ ਇਲਾਕੇ ਦੇ ਆਗੂਆਂ ਨਾਲ ਸੰਪਰਕ ਕਰ ਰਹੇ ਹਨ ਜਿਨਾਂ ਨੂੰ ਇਹ ਯਾਤਰਾ ਕਰਵਾਈ ਜਾ ਰਹੀ ਹੈ ਉਹਨਾਂ ਦੱਸਿਆ ਸਰਕਾਰ ਨੇ ਇਸ ਉਪਰਾਲੇ ਦਾ ਸੂਬਾ ਵਾਸੀਆਂ ਵੱਲੋਂ ਸਹਿਯੋਗ ਕਰਨ ਦੇ ਨਾਲ ਨਾਲ ਧੰਨਵਾਦ ਵੀ ਕੀਤਾ ਜਾ ਰਿਹਾ ਹੈ।

ਇਸ ਮੌਕੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਹ ਯੋਜਨਾ ਧਾਰਮਿਕ ਆਸਥਾ ਨਾਲ ਜੁੜੇ ਲੋਕਾਂ ਲਈ ਇੱਕ ਵੱਡਾ ਉਪਰਾਲਾ ਹੈ। ਇਸ ਯੋਜਨਾ ਰਾਹੀਂ ਸ਼ਰਧਾਲੂਆਂ ਨੂੰ ਵੱਖ-ਵੱਖ ਪਵਿੱਤਰ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਹਰ ਵਰਗ ਦੀ ਭਲਾਈ ਲਈ ਵਚਨਬੱਧ ਹੈ ਅਤੇ ਲੋਕਾਂ ਨੂੰ ਸੁਵਿਧਾਵਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ।

ਵਿਧਾਇਕ ਕੋਹਲੀ ਨੇ ਯਾਤਰਾ 'ਤੇ ਜਾ ਰਹੇ ਸ਼ਰਧਾਲੂਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਉਨ੍ਹਾਂ ਦੀ ਸੁਖਦ ਅਤੇ ਮੰਗਲਮਈ ਯਾਤਰਾ ਦੀ ਕਾਮਨਾ ਕੀਤੀ। ਸ਼ਰਧਾਲੂਆਂ ਨੇ ਵੀ ਪੰਜਾਬ ਸਰਕਾਰ ਅਤੇ ਵਿਧਾਇਕ ਕੋਹਲੀ ਦਾ ਧੰਨਵਾਦ ਕਰਦਿਆਂ ਇਸ ਉਪਰਾਲੇ ਦੀ ਪ੍ਰਸ਼ੰਸਾ ਕੀਤੀ।

# ਗੁੰਮਸ਼ੁਦਾ ਬੱਚੀ ਦੇ ਪਰਿਵਾਰ ਬਾਰੇ ਜਾਣਕਾਰੀ ਦੇਣ ਦੀ ਅਪੀਲ, 24 ਅਗਸਤ ਤੱਕ ਕਰੋ ਸੰਪਰਕ

ਪਟਿਆਲਾ, 28 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਬਾਲ ਸੁਰੱਖਿਆ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਇੱਕ ਗੁੰਮਸ਼ੁੱਦਾ ਬੱਚੀ ਮੀਨੂੰ ਜੋ ਕਿ ਮੰਦਬੁਧੀ ਹੈ ਅਤੇ ਪਿਛਲੇ ਕਾਫੀ ਸਮੇਂ ਤੋਂ ਆਲ ਇੰਡੀਆ ਪਿੰਗਲਾ ਆਸ਼ਰਮ, ਪਟਿਆਲਾ ਵਿਖੇ ਰਹਿ ਰਹੀ ਸੀ। ਜਿਸਦੀ ਮੌਜੂਦਾ ਸਮੇਂ ਵਿੱਚ ਉਮਰ ਤਕਰੀਬਨ 15 ਸਾਲ ਹੈ। ਬੱਚੀ ਦਾ ਰੰਗ ਸਾਵਲਾ ਹੈ। ਇਸ ਬੱਚੀ ਦੇ ਵਾਰਸਾ ਦੀ ਬਹੁਤ ਭਾਲ ਕੀਤੀ ਗਈ ਹੈ ਪਰੰਤੂ ਇਸ ਬੱਚੀ ਦਾ ਕੋਈ ਵੀ ਜਾਣਕਾਰ ਦਾ ਪਤਾ ਨਹੀ ਲਗਿਆ ਹੈ। ਇਸ ਲਈ ਹੁਣ ਇਹ ਆਖਰੀ ਜਨਤਕ ਸੂਚਨਾ ਦਿੱਤੀ ਜਾਣੀ ਹੈ ਕਿ ਜੇਕਰ ਇਸ ਬੱਚੀ ਦੇ ਪਰਿਵਾਰ ਬਾਰੇ ਕੋਈ ਵੀ ਜਾਣਕਾਰੀ ਮਿਲਦੀ ਹੈ ਤਾਂ ਦਫਤਰ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ, ਪਟਿਆਲਾ, ਕਮਰਾ ਨੰ. 150 ਬਲਾਕ ਸੀ ਐਕਸਟੈਂਸ਼ਨ ਮਿਨੀ ਸਕੱਤਰੇਤ ਪਟਿਆਲਾ, ਫੋਨ ਨੰ. 0175-2353523, ਈ ਮੇਲ.- dcpo.patiala@gmail.com ਅਤੇ 1098 ਚਾਈਲਡ ਹੈਲਪ ਲਾਈਨ ਪਟਿਆਲਾ ਤੇ ਮਿਤੀ 24-8-2026 ਤੱਕ ਸੰਪਰਕ ਕੀਤਾ ਜਾਵੇ।

# ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਸੁਰਜੀਤ ਸਿੰਘ ਰੱਖੜਾ ਨੇ ਸ਼ਰਧਾਲੂਆਂ ਦੀਆਂ ਬੱਸਾਂ ਕੀਤੀਆਂ ਰਵਾਨਾ



ਸਮਾਣਾ, 28 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਸਾਬਕਾ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸੁਰਜੀਤ ਸਿੰਘ ਰੱਖੜਾ ਵੱਲੋਂ ਅੱਜ ਹਲਕਾ ਸਮਾਣਾ ਦੇ ਪਿੰਡ ਸਦਰਪੁਰਾ, ਲਲੋਛੀ ਅਤੇ ਤਰੋੜਾ ਖੁਰਦ ਤੋਂ ਪੰਜਾਬ ਸਰਕਾਰ ਦੀ 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' ਤਹਿਤ ਸ਼ਰਧਾਲੂਆਂ ਦੀਆਂ ਬੱਸਾਂ ਨੂੰ ਹਰੀ ਝੰਡੀ ਦੇ ਕੇ ਵੱਖ-ਵੱਖ ਪਵਿੱਤਰ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਰਵਾਨਾ ਕੀਤਾ ਗਿਆ। ਇਸ ਮੌਕੇ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਸੂਬਾ ਵਾਸੀਆਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਉਨ੍ਹਾਂ ਨੂੰ ਮੁਫ਼ਤ ਅਤੇ ਸਨਮਾਨ ਨਾਲ ਤੀਰਥ ਯਾਤਰਾ ਦੀ ਸਹੂਲਤ ਪ੍ਰਦਾਨ ਕਰ ਰਹੀ ਹੈ।

# ਅਰਬਨ ਅਸਟੇਟ ਦੀਆਂ ਸੀ.ਐਮ. ਦੀ ਯੋਗਸ਼ਾਲਾ ਕਲਾਸਾਂ ਨੂੰ ਭਰਵਾਂ ਹੁੰਗਾਰਾ



ਪਟਿਆਲਾ, 28 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਸੀ.ਐਮ. ਦੀ ਯੋਗਸ਼ਾਲਾ ਤਹਿਤ ਅਰਬਨ ਅਸਟੇਟ ਫੇਸ-2 ਅਤੇ ਫੇਸ-3, ਪਟਿਆਲਾ ਵਿਖੇ ਚੱਲ ਰਹੀਆਂ ਮੁਫ਼ਤ ਯੋਗ ਕਲਾਸਾਂ ਨੂੰ ਇਲਾਕਾ ਵਾਸੀਆਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਨ੍ਹਾਂ ਕਲਾਸਾਂ ਵਿੱਚ ਸ਼ਾਮਲ ਹੋ ਰਹੇ ਲੋਕਾਂ ਨੇ ਦੱਸਿਆ ਕਿ ਨਿਯਮਿਤ ਯੋਗ ਅਭਿਆਸ ਨਾਲ ਉਨ੍ਹਾਂ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਕਾਫ਼ੀ ਲਾਭ ਮਿਲਿਆ ਹੈ।

ਯੋਗ ਇੰਸਟ੍ਰਕਟਰ ਗੁਰਦੀਪ ਸਿੰਘ ਨੇ ਦੱਸਿਆ ਕਿ ਯੋਗ ਸਿਰਫ਼ ਇੱਕ ਕਸਰਤ ਨਹੀਂ, ਸਗੋਂ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਦਾ ਸਾਧਨ ਹੈ। ਨਿਯਮਿਤ ਯੋਗ ਨਾਲ ਸਰੀਰ ਤੰਦਰੁਸਤ, ਮਨ ਸ਼ਾਂਤ ਅਤੇ ਜੀਵਨ ਵਿੱਚ ਸਕਾਰਾਤਮਕਤਾ ਆਉਂਦੀ ਹੈ।

ਅਰਬਨ ਅਸਟੇਟ ਫੇਸ-2 ਦੀ ਭਾਗੀਦਾਰ ਨੀਰਜਾ ਮਾਥੁਰ ਨੇ ਦੱਸਿਆ ਕਿ ਯੋਗ ਕਰਨ ਨਾਲ ਉਨ੍ਹਾਂ ਦੀ ਸ਼ੂਗਰ ਕੰਟਰੋਲ ਵਿੱਚ ਆਈ ਹੈ ਅਤੇ ਫਰੋਜ਼ਨ ਸ਼ੋਲਡਰ ਤੇ ਹਾਈ ਬਲੱਡ ਪ੍ਰੈਸ਼ਰ ਵਿੱਚ ਵੀ ਕਾਫ਼ੀ ਰਾਹਤ ਮਿਲੀ ਹੈ। ਉਨ੍ਹਾਂ ਕਿਹਾ ਕਿ ਤਿੰਨ ਸਾਲਾਂ ਦੇ ਯੋਗ ਅਭਿਆਸ ਨਾਲ ਉਨ੍ਹਾਂ ਦੀਆਂ ਦਵਾਈਆਂ ਦੀ ਗਿਣਤੀ ਵੀ ਕਾਫ਼ੀ ਘੱਟ ਹੋ ਗਈ ਹੈ।

ਇਸੇ ਤਰ੍ਹਾਂ ਅਰਬਨ ਅਸਟੇਟ ਫੇਸ-3 ਦੀ ਆਸ਼ਾ ਰਾਣੀ (73) ਨੇ ਦੱਸਿਆ ਕਿ ਯੋਗ ਨਾਲ ਉਨ੍ਹਾਂ ਨੂੰ ਸਾਇਟਿਕਾ ਅਤੇ ਹਾਈ ਬਲੱਡ ਪ੍ਰੈਸ਼ਰ ਦੀ ਸਮੱਸਿਆ ਤੋਂ ਰਾਹਤ ਮਿਲੀ ਹੈ। ਉਨ੍ਹਾਂ ਕਿਹਾ ਕਿ ਯੋਗਸ਼ਾਲਾ ਨੇ ਨਾ ਸਿਰਫ਼ ਸਿਹਤ ਸੁਧਾਰੀ ਹੈ, ਸਗੋਂ ਸਮਾਜਿਕ ਤੌਰ 'ਤੇ ਵੀ ਉਨ੍ਹਾਂ ਨੂੰ ਲੋਕਾਂ ਨਾਲ ਜੋੜਿਆ ਹੈ, ਜਿਸ ਨਾਲ ਇਕੱਲੇਪਣ ਅਤੇ ਮਾਨਸਿਕ ਤਣਾਅ ਵਿੱਚ ਕਮੀ ਆਈ ਹੈ।

ਜ਼ਿਲ੍ਹਾ ਕੋਆਰਡੀਨੇਟਰ ਰਮਨਜੀਤ ਕੌਰ ਨੇ ਦੱਸਿਆ ਕਿ ਜਿਹੜੇ ਨਾਗਰਿਕ ਆਪਣੇ ਮੁਹੱਲੇ ਵਿੱਚ ਸੀ.ਐਮ. ਦੀ ਯੋਗਸ਼ਾਲਾ ਸ਼ੁਰੂ ਕਰਵਾਉਣਾ ਚਾਹੁੰਦੇ ਹਨ, ਉਹ 25 ਮੈਂਬਰੀ ਸਮੂਹ ਬਣਾ ਕੇ ਟੋਲ-ਫਰੀ ਨੰਬਰ 76694-00500 'ਤੇ ਮਿਸ ਕਾਲ ਦੇ ਸਕਦੇ ਹਨ ਜਾਂ ?https://cmdiyogshala.punjab.gov.in 'ਤੇ ਲਾਗਇਨ ਕਰਕੇ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।

# ਸਫ਼ਾਈ ਕਰਮਚਾਰੀਆਂ 'ਤੇ ਪੁਲਿਸ ਵੱਲੋਂ ਲਾਠੀਚਾਰਜ ਗੈਰ ਮਨੁੱਖੀ ਵਰਤਾਰਾ: ਵਨੀਤ ਝੜੌਦੀ

ਮਾਛੀਵਾੜਾ ਸਾਹਿਬ, 28 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਬੀਤੇ ਦਿਨੀ ਬਰਨਾਲੇ ਦੀ ਧਰਤੀ 'ਤੇ ਭਗਵੰਤ ਮਾਨ ਦੀ ਸਰਕਾਰ ਵਲੋਂ ਆਪਣੀਆਂ ਹੱਕੀ ਮੰਗਾਂ ਲਈ ਸ਼ਾਂਤਮਈ ਢੰਗ ਨਾਲ ਆਵਾਜ਼ ਚੁੱਕਦੇ ਸਫ਼ਾਈ ਕਰਮਚਾਰੀਆਂ 'ਤੇ ਜੋ ਪੁਲਸ ਦੇ ਡੰਡੇ ਨਾਲ ਜਬਰ ਢਾਹਿਆ, ਇਸ ਗੈਰ-ਮਨੁੱਖੀ ਵਰਤਾਰੇ ਦੀ ਜਿੰਨੀ ਨਿੰਦਾ ਕੀਤੀ ਜਾਵੇ ਘੱਟ ਹੈ।



ਇਨਾ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਮਾਛੀਵਾੜਾ ਸਾਹਿਬ ਤੋਂ ਕਾਂਗਰਸੀ ਆਗੂ ਵਨੀਤ ਕੁਮਾਰ ਝੜੌਦੀ ਨੇ ਕਿਹਾ ਕਿ ਭਗਵੰਤ ਮਾਨ ਵਲੋਂ ਔਰਤਾਂ ਤੇ ਬੱਚਿਆਂ ਨੂੰ ਵੀ ਨਾ ਬਖਸ਼ਿਆ ਜਾਣਾ ਜਿੱਥੇ ਜ਼ੁਲਮ ਦਾ ਸਿਖ਼ਰ ਹੈ, ਉੱਥੇ ਹੀ 'ਅੱਤ ਤੇ ਖ਼ੁਦਾ ਦਾ ਵੈਰ' ਦੇ ਰੱਬੀ ਸਿਧਾਂਤ ਅਨੁਸਾਰ ਝਾੜੂ ਵਾਲਿਆਂ ਦੇ ਪਤਨ ਵੱਲ ਇਸ਼ਾਰਾ ਵੀ ਹੈ। ਉਨ੍ਹਾਂ ਕਿਹਾ ਕਿ ਇਸ ਜਬਰ ਦਾ ਸ਼ਿਕਾਰ ਹੋਏ ਸਾਰੇ ਸਫ਼ਾਈ ਕਰਮਚਾਰੀਆਂ ਨੂੰ ਚੋਣਾਂ ਤਕ ਇਸ ਜ਼ੁਲਮ ਨੂੰ ਯਾਦ ਰੱਖਿਆਂ ਜਾਵੇਗਾ ਅਤੇ ਇਸਦਾ ਜਬਾਬ ਦਿੱਤਾ ਜਾਵੇਗਾ ਉਨ੍ਹਾਂ ਸਰਕਾਰ ਵਲੋਂ ਸਫਾਈ ਕਰਮਚਾਰੀਆਂ 'ਤੇ ਕੀਤੇ ਤਸ਼ੱਦਦ ਦੀ ਨਿਖੇਧੀ ਕਰਦਿਆਂ ਸਬੰਧਿਤ ਪੁਲਸ ਅਫਸਰਾਂ ਨੂੰ ਨੌਕਰੀ ਤੋਂ ਬਰਖਾਸਤ ਕਰਨ ਦੀ ਮੰਗ ਕੀਤੀ ਅਤੇ ਸਫ਼ਾਈ ਸੇਵਕਾਂ ਦੀਆਂ ਜਾਇਜ਼ ਮੰਗਾਂ ਨੂੰ ਮੰਨਣ ਦੀ ਅਪੀਲ ਕੀਤੀ।

# ਝਾੜੂ ਦੇ ਕਸਟੋਡੀਅਮ 'ਤੇ ਤਸੱਦਦ ਦੇ ਵਿਰੋਧ ਵਿੱਚ ਪੰਜਾਬ ਸਰਕਾਰ ਦਾ ਫੂਕਿਆ ਪੁੱਤਲਾ

ਪਟਿਆਲਾ, 28 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਇੱਥੇ ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ (1680) ਵਲੋਂ ਡਿਪਟੀ ਕਮਿਸ਼ਨਰ ਦਫਤਰ ਵਿਖੇ ਗੇਟ ਰੈਲੀ ਕਰਕੇ ਝਾੜੂ ਵਾਲੀ ਸਰਕਾਰ ਦਾ ਪੁੱਤਲਾ ਫੂਕਿਆ ਗਿਆ। ਇਹ ਰੋਸ ਬਰਨਾਲਾ ਵਿਖੇ ਮਿਊਂਸਿਪਲ ਕਰਮੀਆਂ, ਸਫਾਈ ਸੇਵਕਾਂ, ਆਦਿ ਦਰਜਾ ਚਾਰ ਮੁਲਾਜਮਾਂ ਤੇ ਲਾਠੀਚਾਰਜ ਕਰਕੇ ਅੰਨੇ ਤਸੱਦਦ ਵਿਰੁੱਧ, ਪਿੱਟ ਸਿਆਪਾ ਕੀਤਾ ਗਿਆ। ਜਿਹਨਾਂ ਨੇ ਔਰਤਾਂ ਮੁਲਾਜਮਾਂ ਤੇ ਵੀ ਭਾਰੀ ਤਸੱਦਦ ਕਰਵਾਇਆ ਤੇ ਗੁੰਡਾਗਰਦੀ ਦਾ ਨੰਗਾ ਨਾਚ ਕੀਤਾ ਇਸ ਦੀ ਅੱਜ ਜ਼ੋਰਦਾਰ ਨਿੰਦਾ ਕੀਤੀ ਤੇ ਮੰਗ ਕੀਤੀ ਕਿ ਅੰਨੇ ਤਸੱਦਦ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਸਤ ਕਾਰਵਾਈ ਕੀਤੀ ਜਾਵੇ ਤੇ ਗੰਭੀਰ ਸੱਟਾਂ ਦਾ ਸ਼ਿਕਾਰ ਹੋਈਆਂ ਔਰਤਾਂ ਤੇ ਮੁਲਾਜਮਾਂ ਨੂੰ ਇਲਾਜ ਲਈ ਘੱਟੋ—ਘੱਟ 50—50 ਹਜਾਰ ਰੁਪਏ ਫੌਰੀ ਤੌਰ ਤੇ ਦਿੱਤੇ ਜਾਣ, ਆਗੂਆਂ ਨੇ ਕਿਹਾ ਕਿ ਮਿਤੀ 28 ਜੁਲਾਈ ਨੂੰ ਸਿਹਤ ਮੰਤਰੀ ਦੇ ਹਲਕੇ ਵਿਖੇ ਮੁੜ ਰੈਲੀ ਕੀਤੀ ਜਾਵੇਗੀ।

ਰੈਲੀ ਨੂੰ ਦਰਸ਼ਨ ਸਿੰਘ ਲੁਬਾਣਾ, ਰਾਮ ਲਾਲ ਰਾਮਾ, ਰਾਜੇਸ਼ ਕੁਮਾਰ ਗੋਲੂ, ਅਜੈ ਕੁਮਾਰ ਸਿੱਪਾ, ਅਰੁਣ ਕੁਮਾਰ, ਨੀਸ਼ਾ ਰਾਣੀ, ਹਰਬੰਸ ਵਰਮਾ, ਸੁਭਾਸ਼, ਰਾਜੇਸ਼ ਕੁਮਾਰ, ਕ੍ਰਿਸ਼ਨ ਘੱਗਾ, ਜ਼ਸਵੀਰ ਸਿੰਘ ਪੈਨਸ਼ਨਰ, ਸੁਨੀਲ ਕੁਮਾਰ (ਸੋਨੂੰ), ਰਾਕੇਸ਼ ਕੁਮਾਰ, ਸੁਨੀਲ ਦੱਤ, ਰਾਮ ਜ਼ੋਧਾ, ਵਿਜੈ ਕੁਮਾਰ, ਗੁਰਿੰਦਰ ਸਿੰਘ ਗੁਰੀ, ਹਰਭਜਨ ਸਿੰਘ, ਸੂਰਜ, ਸੁਨੀਲ ਕੁਮਾਰ, ਸੁਸ਼ਮਾ, ਕਵਿਤਾ, ਰਾਣੀ, ਦੁਰਗਾ, ਭੁਪਿੰਦਰ ਸਿੰਘ, ਪ੍ਰਦੀਪ ਕੁਮਾਰ (ਰਾਜਾ), ਬੋਬੀ, ਭਾਮ ਚੰਦਰ, ਮੁਖਤਿਆਰ, ਸੀਮਾ, ਜਸਵੰਤ ਸਿੰਘ ਆਦਿ ਨੇ ਸੰਬੋਧਨ ਕੀਤਾ।



# ਅਨੁਸੂਚਿਤ ਜਾਤੀ ਦੇ ਉਮੀਦਵਾਰਾਂ ਲਈ ਮੁਫ਼ਤ ਡੇਅਰੀ ਸਿਖਲਾਈ ਕੋਰਸ ਦੀ ਕਾਊਂਸਲਿੰਗ 28 ਜੁਲਾਈ ਨੂੰ

ਮਲੇਰਕੋਟਲਾ, 28 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀ ਨਾਲ ਸਬੰਧਤ ਉਮੀਦਵਾਰਾਂ ਨੂੰ ਸਵੈ-ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਅਤੇ ਡੇਅਰੀ ਧੰਦੇ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਵਿਸ਼ੇਸ਼ ਮੁਫ਼ਤ ਡੇਅਰੀ ਸਿਖਲਾਈ ਕੋਰਸ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਸੁਰਿੰਦਰ ਸਿੰਘ ਨੇ ਦੱਸਿਆ ਕਿ ਪੰਜਾਬ ਡੇਅਰੀ ਵਿਕਾਸ ਬੋਰਡ ਵੱਲੋਂ ਡੇਅਰੀ ਸਿਖਲਾਈ ਅਤੇ ਵਿਸਥਾਰ ਕੇਂਦਰ, ਸੰਗਰੂਰ ਵਿਖੇ 3 ਅਗਸਤ ਤੋਂ ਦੋ ਹਫ਼ਤਿਆਂ ਦਾ ਵਿਸ਼ੇਸ਼ ਡੇਅਰੀ ਸਿਖਲਾਈ ਕੋਰਸ ਸ਼ੁਰੂ ਕੀਤਾ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਇਸ ਕੋਰਸ ਲਈ ਉਮੀਦਵਾਰਾਂ ਦੀ ਕਾਊਂਸਲਿੰਗ ਅਤੇ ਚੋਣ 28 ਜੁਲਾਈ ਨੂੰ ਸਵੇਰੇ 10 ਵਜੇ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ, ਮਾਲੇਰਕੋਟਲਾ ਦੇ ਦਫ਼ਤਰ ਵਿਖੇ ਕੀਤੀ ਜਾਵੇਗੀ। ਸਿਖਲਾਈ ਪ੍ਰਾਪਤ ਕਰਨ ਵਾਲੇ ਹਰ ਯੋਗ ਉਮੀਦਵਾਰ ਨੂੰ ਸਰਕਾਰ ਵੱਲੋਂ 3500 ਰੁਪਏ ਦਾ ਵਜ਼ੀਫ਼ਾ ਵੀ ਦਿੱਤਾ ਜਾਵੇਗਾ।

ਡਿਪਟੀ ਡਾਇਰੈਕਟਰ ਨੇ ਦੱਸਿਆ ਕਿ ਸਿਖਲਾਈ ਦੌਰਾਨ ਦੁਧਾਰੂ ਪਸ਼ੂਆਂ ਦੀ ਖਰੀਦ, ਉਨ੍ਹਾਂ ਦੀ ਸਾਂਭ-ਸੰਭਾਲ, ਖੁਰਾਕ, ਨਸਲ ਸੁਧਾਰ, ਡੇਅਰੀ ਪ੍ਰਬੰਧਨ ਅਤੇ ਮੰਡੀਕਰਨ ਸਬੰਧੀ ਆਧੁਨਿਕ ਤਕਨੀਕਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਸਿਖਲਾਈ ਪੂਰੀ ਕਰਨ ਤੋਂ ਬਾਅਦ ਲਾਭਪਾਤਰੀਆਂ ਨੂੰ 2, 5 ਅਤੇ 10 ਪਸ਼ੂਆਂ ਦੀਆਂ ਡੇਅਰੀ ਇਕਾਈਆਂ ਸਥਾਪਤ ਕਰਨ ਲਈ ਬੈਂਕ ਕਰਜ਼ਾ ਉਪਲਬਧ ਕਰਵਾਇਆ ਜਾਂਦਾ ਹੈ, ਜਿਸ 'ਤੇ ਪੰਜਾਬ ਸਰਕਾਰ ਵੱਲੋਂ 33 ਫੀਸਦੀ ਵਿੱਤੀ ਸਹਾਇਤਾ ਵੀ ਪ੍ਰਦਾਨ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਚਾਹਵਾਨ ਉਮੀਦਵਾਰ ਕਾਊਂਸਲਿੰਗ ਸਮੇਂ ਆਪਣੇ ਨਾਲ ਘੱਟੋ-ਘੱਟ ਪੰਜਵੀਂ ਪਾਸ ਦਾ ਸਰਟੀਫਿਕੇਟ, ਅਨੁਸੂਚਿਤ ਜਾਤੀ ਸਰਟੀਫਿਕੇਟ, ਆਧਾਰ ਕਾਰਡ, ਬੈਂਕ ਖਾਤੇ ਦੀ ਕਾਪੀ ਅਤੇ ਇੱਕ ਪਾਸਪੋਰਟ ਸਾਈਜ਼ ਫੋਟੋ ਲਾਜ਼ਮੀ ਲੈ ਕੇ ਆਉਣ। ਉਮੀਦਵਾਰ ਦੀ ਉਮਰ 18 ਤੋਂ 55 ਸਾਲ ਹੋਣੀ ਚਾਹੀਦੀ ਹੈ ਅਤੇ ਉਹ ਪੰਜਾਬ ਦੇ ਪਿੰਡ ਦਾ ਵਸਨੀਕ ਹੋਵੇ। ਇਹ ਸਕੀਮ ਪੁਰਸ਼ਾਂ ਅਤੇ ਮਹਿਲਾਵਾਂ ਦੋਵਾਂ ਲਈ ਹੈ, ਪਰੰਤੂ ਮਹਿਲਾ ਉਮੀਦਵਾਰਾਂ ਵਿੱਚ ਕੇਵਲ ਵਿਆਹੀਆਂ ਔਰਤਾਂ ਹੀ ਯੋਗ ਹੋਣਗੀਆਂ।

ਵਧੇਰੇ ਜਾਣਕਾਰੀ ਲਈ ਦਫ਼ਤਰ ਦੇ ਮੋਬਾਈਲ ਨੰਬਰ 62849-61498 ਅਤੇ 98788-60929 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਨੀਟ 2026 ਵਿੱਚ ਪਟਿਆਲਾ ਜ਼ਿਲ੍ਹੇ ਨੇ ਇਕ ਵਾਰ ਫ਼ਿਰ ਮਾਰੀ ਬਾਜ਼ੀ, ਪੰਜਾਬ ਭਰ ਵਿੱਚੋਂ ਰਿਹਾ ਮੋਹਰੀ

ਪਟਿਆਲਾ, 28 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਦੂਰਦਰਸ਼ੀ ਸੋਚ ਸਦਕਾ ਨੀਟ 2026 ਦੀ ਪ੍ਰੀਖਿਆ ਵਿੱਚ ਪਟਿਆਲਾ ਜ਼ਿਲ੍ਹਾ ਇੱਕ ਵਾਰ ਫਿਰ ਪੂਰੇ ਪੰਜਾਬ ਵਿੱਚੋਂ ਮੋਹਰੀ ਬਣ ਕੇ ਉੱਭਰਿਆ ਹੈ। ਦੇਸ਼ ਪੱਧਰ 'ਤੇ ਕਰਵਾਈ ਗਈ ਇਸ ਵੱਕਾਰੀ ਪ੍ਰੀਖਿਆ ਵਿੱਚ ਪਟਿਆਲਾ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਦੇ ਕੁੱਲ 101 ਵਿਦਿਆਰਥੀਆਂ ਨੇ ਸਫਲਤਾ ਹਾਸਲ ਕਰਕੇ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ ਹੈ।



ਜ਼ਿਲ੍ਹਾ ਸਿੱਖਿਆ ਅਫ਼ਸਰ ਪਟਿਆਲਾ ਸ਼ਾਲੂ ਮਹਿਰਾ ਨੇ ਸਫ਼ਲ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਇਸ ਉਪਲਬਧੀ ਦਾ ਸਿਹਰਾ ਵਿਦਿਆਰਥੀਆਂ ਦੀ ਮਿਹਨਤ, ਮਾਪਿਆਂ ਦੇ ਸਹਿਯੋਗ ਅਤੇ ਅਧਿਆਪਕਾਂ ਦੀ ਸੁਚੱਜੀ ਅਗਵਾਈ ਨੂੰ ਦਿੱਤਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿਦਿਆਰਥੀਆਂ ਦੀ ਤਿਆਰੀ ਅਤੇ ਮਾਰਗਦਰਸ਼ਨ ਵਿੱਚ ਸਾਇੰਸ ਪੀ ਡੀ ਐਮ, ਜਿਲ੍ਹਾ ਨੋਡਲ ਲੈਕਚਰਾਰ, ਸਕੂਲ ਪ੍ਰਿੰਸੀਪਲਾਂ, ਰੀਸੋਰਸ ਪਰਸਨ, ਸਾਥੀ ਟੀਮ ਅਤੇ ਸਾਇੰਸ ਲੈਕਚਰਾਰ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ।

ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਪਟਿਆਲਾ ਡਾ. ਰਵਿੰਦਰਪਾਲ ਸਿੰਘ ਨੇ ਸਫਲ ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੇ ਮੈਰਿਟ ਅੰਕਾ ਬਾਰੇ ਜਾਣਕਾਰੀ ਲਈ,ਉਨ੍ਹਾਂ ਨੂੰ ਵਧੀਆ ਸੰਸਥਾ ਚੁਣਨ ਅਤੇ ਹੋਰ ਵੱਧ ਚੜ੍ਹ ਕੇ ਮਿਹਨਤ ਕਰਨ ਲਈ ਕਿਹਾ। ਇਸ ਮੌਕੇ ਸਾਥੀ ਟੀਮ ਦੇ ਮੈਂਬਰ ਪੀਡੀਐਮ ਸੰਦੀਪ ਕੁਮਾਰ ਪ੍ਰਿੰਸੀਪਲ, ਮਨਦੀਪ ਕੌਰ ਅੰਟਾਲ ਪ੍ਰਿੰਸੀਪਲ, ਸੁਧੀਰ ਕੁਮਾਰ ਪ੍ਰਿੰਸੀਪਲ, ਦੀਪਕ ਕੁਮਾਰ ਲੈਕਚਰਾਰ ਮੈਥ ਅਤੇ ਦੌਲਤ ਰਾਮ ਜ਼ਿਲ੍ਹਾ ਨੋਡਲ ਲੈਕਚਰਾਰ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ ਖੁਸ਼ੀ ਮਨਾਈ। ਜ਼ਿਲ੍ਹਾ ਨੋਡਲ ਲੈਕਚਰਾਰ ਦੌਲਤ ਰਾਮ ਨੇ ਦੱਸਿਆ ਕਿ ਪਿਛਲੇ ਸਾਲ ਜ਼ਿਲ੍ਹੇ ਦੇ 71 ਵਿਦਿਆਰਥੀਆਂ ਨੇ ਇਹ ਪ੍ਰੀਖਿਆ ਪਾਸ ਕੀਤੀ ਸੀ, ਜਦਕਿ ਇਸ ਸਾਲ ਇਹ ਗਿਣਤੀ ਵੱਧ ਕੇ 101 ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿੱਚੋਂ 56 ਵਿਦਿਆਰਥੀ ਨਾਨ ਸਕੂਲ ਆਫ ਐਮੀਨੈਂਸ ਸਕੂਲਾਂ ਨਾਲ ਸਬੰਧਤ ਹਨ, 23 ਵਿਦਿਆਰਥੀ ਸਕੂਲ ਆਫ ਐਮੀਨੈਂਸ ਅਤੇ 22 ਵਿਦਿਆਰਥੀ ਮੈਰੀਟੋਰੀਅਸ ਸਕੂਲ ਪਟਿਆਲਾ ਨਾਲ ਸੰਬਧਤ ਹਨ।

ਜਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸਿੱਖਿਆ ਪਟਿਆਲਾ ਸ਼ਾਲੂ ਮਹਿਰਾ ਨੇ ਜ਼ਿਲ੍ਹੇ ਦੇ ਉੱਚ ਦਰਜਾ ਹਾਸਿਲ ਕਰਨ ਵਾਲੇ 9 ਵਿਦਿਆਰਥੀਆਂ ਨੂੰ ਮੈਡਲ ਪਾ ਕੇ ਸਨਮਾਨਿਤ ਕੀਤਾ। ਸਨਮਾਨਿਤ ਵਾਲੇ ਵਿਦਆਰਥੀਆਂ ਵਿੱਚ ਨਿਸ਼ਾ ਕੌਰ ਐਮਿਨੇਂਸ ਸਕੂਲ ਭੁਨਰਹੇਰੀ, ਰਾਜਵੰਸ਼ ਆਹਲੂਵਾਲੀਆ ਮਲਟੀਪਰਪਜ਼ ਪਟਿਆਲ਼ਾ, ਅੰਸ਼ੁਲ ਜਿੰਦਲ ਅਤੇ ਯਾਸ਼ਿਕਾ ਸਿੰਗਲਾ ਸੋਈ ਸਮਾਣਾ, ਆਦਰਸ਼ ਗੌਤਮ ਮੈਰੀਟੋਰੀਅਸ ਸਕੂਲ ਪਟਿਆਲਾ, ਸਹਿਜਪ੍ਰੀਤ ਕੌਰ ਲੜਕੀਆਂ ਨਾਭਾ ਅਤੇ ਨਵਰਾਜ ਸਿੰਘ ਕਲਿਆਣ ਸਕੂਲ ਸ਼ਾਮਿਲ ਹਨ। ਸਕੂਲ ਆਫ ਐਮੀਨੈਂਸ ਭੁੰਨਰਹੇੜੀ ਸਕੂਲ ਦੀ ਨਿਸ਼ਾ ਕੌਰ ਨੇ 539 ਅੰਕ ਹਾਸਲ ਕਰਕੇ ਜ਼ਿਲ੍ਹੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ।

ਪੀਡੀਐਮ ਸੰਦੀਪ ਕੁਮਾਰ ਨੇ ਦੱਸਿਆ ਕਿ ਪੂਰੇ ਪੰਜਾਬ ਵਿੱਚ ਸਰਕਾਰੀ ਸਕੂਲਾਂ ਦੇ ਕੁੱਲ 881 ਵਿਦਿਆਰਥੀਆਂ ਨੇ ਨੀਟ 2026 ਪ੍ਰੀਖਿਆ ਪਾਸ ਕੀਤੀ ਹੈ, ਜਿਨ੍ਹਾਂ ਵਿੱਚੋਂ 101 ਵਿਦਿਆਰਥੀ ਇਕੱਲੇ ਪਟਿਆਲਾ ਜ਼ਿਲ੍ਹੇ ਨਾਲ ਸਬੰਧਤ ਹਨ। ਉਨ੍ਹਾਂ ਕਿਹਾ ਕਿ ਇਹ ਜ਼ਿਲ੍ਹੇ ਲਈ ਮਾਣ ਵਾਲੀ ਪ੍ਰਾਪਤੀ ਹੈ।

ਪੀਡੀਐਮ ਸੁਧੀਰ ਕੁਮਾਰ ਜੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨੀਟ ਦੀ ਤਿਆਰੀ 'ਸਾਥੀ' ਪ੍ਰੋਗਰਾਮ ਤਹਿਤ ਸਾਥੀ ਐਪ ਰਾਹੀਂ ਆਈਆਈਟੀ ਕਾਨਪੁਰ ਦੀ ਟੀਮ ਵੱਲੋਂ ਕਰਵਾਈ ਜਾਂਦੀ ਹੈ। ਵਿਦਿਆਰਥੀ ਆਪਣੇ ਅਧਿਆਪਕਾਂ ਦੀ ਅਗਵਾਈ ਹੇਠ ਆਨਲਾਈਨ ਕਲਾਸਾਂ, ਮੌਕ ਟੈਸਟ, ਡੇਲੀ ਪ੍ਰਾਬਲਮ ਪ੍ਰੈਕਟਿਸ ਅਤੇ ਡਾਊਟ ਸੈਸ਼ਨਾਂ ਵਿੱਚ ਭਾਗ ਲੈ ਕੇ ਇਸ ਪ੍ਰੀਖਿਆ ਲਈ ਤਿਆਰੀ ਕਰਦੇ ਹਨ।

ਇਸ ਮੌਕੇ ਸਫ਼ਲ ਵਿਦਿਆਰਥੀਆਂ ਦੇ ਮਾਪੇ ਅਤੇ ਅਧਿਆਪਕ ਸੁਰੇਸ਼ ਕੁਮਾਰ, ਸੰਦੀਪ ਕੌਰ, ਹਰਦੀਪ ਕੌਰ ਅਤੇ ਮੰਜੂ ਬਾਲਾ ਵੀ ਹਾਜ਼ਰ ਸਨ, ਜਿਨ੍ਹਾਂ ਨੇ ਵਿਦਿਆਰਥੀਆਂ ਦੀ ਇਸ ਸ਼ਾਨਦਾਰ ਪ੍ਰਾਪਤੀ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ।

# ਕੁਝ ਕਹਿੰਦੀ ਐ ਤਸਵੀਰ...

• ਜਗਮੋਹਨ ਸਿੰਘ ਲੱਕੀ



*ਤੁਹਾਡੇ ਆਲੇ-ਦੁਆਲੇ ਬਹੁਤ ਕੁਝ ਅਜਿਹਾ ਹੈ, ਜਿਹੜਾ ਤੁਹਾਡੇ ਅੰਦਰ ਦੇ ਕਲਾਕਾਰ ਨੂੰ ਹਲੂਣਾ ਦਿੰਦਾ ਹੈ। ਉਸ ਨੂੰ ਕਲਾਤਮਕ ਨਜ਼ਰੀਏ ਤੋਂ ਦੇਖਣ ਅਤੇ ਉਸਨੂੰ ਕੈਮਰੇ ਦੀ ਅੱਖ 'ਚੋਂ ਲੰਘਾਉਣ ਦੀ ਕਲਾ ਦਾ ਨਾਂ ਹੀ ਹੈ ਫੋਟੋਗ੍ਰਾਫੀ। ਤੁਸੀਂ ਵੀ ਆਪਣੇ ਸੁਹਜ-ਸਵਾਦ ਦਾ ਨਮੂਨਾ ਕੌਮੀ ਪੱਤ੍ਰਿਕਾ ਦੇ ਪਾਠਕਾਂ ਨਾਲ ਸਾਂਝਾ ਕਰਨ ਲਈ ਆਪਣੀ ਖਿੱਚੀ ਬਿਹਤਰੀਨ ਤਸਵੀਰ ਸਾਨੂੰ ਜਲਦੀ ਆਪਣੇ ਪੂਰੇ ਸਿਰਨਾਵੇਂ ਸਮੇਤ ਭੇਜੋ।*

---

ਵਿਅੰਗ

# ਮਰਵਾ ਦਿੱਤਾ ਅੰਗਰੇਜ਼ੀ ਨੇ



• ਡਾ. ਫ਼ਕੀਰ ਚੰਦ ਸ਼ੁਕਲਾ
98153-59222

*ਸਾਡੇ ਪਿੰਡ ਦੀ ਕੁੜੀ ਲੰਡਨ 'ਚ ਵਿਆਹੀ ਹੋਈ ਸੀ। ਇਕ ਵਾਰ ਉਸ ਦਾ ਮੁੰਡਾ ਢਿੱਲਾ ਪੈ ਗਿਆ, ਉਹ ਅੰਗਰੇਜ਼ ਡਾਕਟਰ ਕੋਲ ਲੈ ਗਈ ਤੇ ਬਿਮਾਰੀ ਦੱਸਣ ਲੱਗੀ, 'ਜੀ, ਨਾ ਤਾਂ ਏਹ ਈਟਦਾ, ਨਾ ਡਰਿੰਕਦਾ, ਬਸ ਵੀਪਦਾ ਈ ਵੀਪਦਾ'...*



ਇਸੇ ਤਰ੍ਹਾਂ ਜੇ ਉਨ੍ਹਾਂ ਨਾਲ ਗੱਲ ਕਰਦਿਆਂ ਕੋਈ ਟੋਕ ਦਿੰਦਾ ਤਾਂ ਉਹ ਗੁੱਸੇ ਵਿਚ ਆਖਿਆ ਕਰਦੇ-'ਵੇਨ ਆਈ ਟੌਕ, ਹੀ ਟੌਕ, ਵਾਈ ਯੂ ਮਿਡਲ-ਮਿਡਲ ਟੌਕ' ਤੇ ਅਸੀਂ ਉਨ੍ਹਾਂ ਦੀ ਅੰਗਰੇਜ਼ੀ ਸਮਝ ਜਾਇਆ ਕਰਦੇ ਸਾਂ ਕਿ ਉਨ੍ਹਾਂ ਦੇ ਕਹਿਣ ਦਾ ਮਤਲਬ ਹੈ ਕਿ ਜਦੋਂ ਮੈਂ ਤੇ ਉਹ ਗੱਲਾਂ ਕਰ ਰਹੇ ਹਾਂ ਤਾਂ ਤੂੰ ਵਿਚਕਾਰ ਕਿਉਂ ਬੋਲਦਾ ਏਂ।

ਪਰ ਪਤਾ ਨਹੀਂ ਇਹ ਅੰਗਰੇਜ਼ ਡਾਕਟਰ ਕਿੱਥੋਂ ਦਾ ਪੜ੍ਹਿਆ ਹੋਇਆ ਸੀ ਜਿਸ ਨੂੰ ਮੇਰੀ ਗੱਲ ਹੀ ਸਮਝ ਨਹੀਂ ਆ ਰਹੀ ਸੀ। ਸਾਡੇ ਪਿੰਡ ਦੀ ਇਕ ਕੁੜੀ ਲੰਡਨ 'ਚ ਵਿਆਹੀ ਹੋਈ ਸੀ। ਇਕ ਵਾਰੀ ਉਸ ਦਾ ਮੁੰਡਾ ਥੋੜ੍ਹਾ ਢਿੱਲਾ ਪੈ ਗਿਆ। ਉਹ ਉਸ ਨੂੰ ਇਕ ਅੰਗਰੇਜ਼ ਡਾਕਟਰ ਕੋਲ ਲੈ ਗਈ ਤੇ ਉਸ ਦੀ ਬਿਮਾਰੀ ਦੱਸਣ ਲੱਗੀ, 'ਜੀ, ਨਾ ਤਾਂ ਏਹ ਈਟਦਾ, ਨਾ ਡਰਿੰਕਦਾ, ਬਸ ਵੀਪਦਾ ਈ ਵੀਪਦਾ।'

ਡਾਕਟਰ ਤੁਰੰਤ ਸਮਝ ਗਿਆ ਤੇ ਬੋਲਿਆ, 'ਨੋ ਈਟਿੰਗ, ਨੋ ਡਰਿੰਕਿੰਗ, ਆਲਵੇਜ਼ ਵੀਪਿੰਗ' ਤੇ ਉਸ ਨੇ ਚੈੱਕ ਕਰ ਕੇ ਦਵਾਈ ਦੇ ਦਿੱਤੀ। ਮੈਂ ਲਗਪਗ ਹਰ ਰੋਜ਼ ਪਰੈਸਟਨ ਵਿਖੇ ਡੈਰੀਬਨ ਲਾਇਬ੍ਰੇਰੀ ਵਿਚ ਜਾਇਆ ਕਰਦਾ ਸੀ। ਉੱਥੇ ਇਕ ਚੀਨੀ ਕੁੜੀ ਨਾਲ ਦੋਸਤੀ ਹੋ ਗਈ ਸੀ। ਕਿਸੇ ਕਾਰਨ ਮੈਂ 7-8 ਦਿਨ ਲਾਇਬ੍ਰੇਰੀ ਨਾ ਜਾ ਸਕਿਆ। ਜਦੋਂ ਗਿਆ ਤਾਂ ਉਹ ਚੀਨਣ ਮੈਨੂੰ ਵੇਖਦਿਆਂ ਸਾਰ ਹੀ ਬੋਲੀ, 'ਲੌਂਗ ਟਾਈਮ, ਨੋ ਸੀ'। ਪਹਿਲਾਂ ਤਾਂ ਮੇਰੇ ਕੁਝ ਪੱਲੇ ਨਾ ਪਿਆ ਪਰ ਜਦੋਂ ਮੈਂ ਆਪਣੇ ਗਿਆਨੀ ਜੀ ਦੀ ਅੰਗਰੇਜ਼ੀ ਨਾਲ ਮੇਲ ਕੀਤਾ ਤਾਂ ਤੁਰੰਤ ਸਾਰੀ ਗੱਲ ਸਮਝ ਆ ਗਈ ਕਿ ਉਸ ਦੇ ਕਹਿਣ ਦਾ ਮਤਲਬ ਸੀ ਕਿ ਲੰਮੇ ਸਮੇਂ ਤੋਂ ਵਿਖਾਈ ਨਹੀਂ ਦਿੱਤਾ। 'ਲੌਂਗ ਟਾਈਮ' ਯਾਨੀ ਲੰਮਾ ਸਮਾਂ ਅਤੇ 'ਨੋ ਸੀ', ਨਹੀਂ ਵੇਖਿਆ।

ਇਕ ਦਿਨ ਪੁਲਿਸ ਵੱਲੋਂ ਫੋਨ ਆਇਆ ਸੀ। ਸਵੈਨਸਟਨ ਰੋਡ 'ਤੇ ਕਿਸੇ ਵਾਕਿਫ਼ ਦਾ ਐਕਸੀਡੈਂਟ ਹੋ ਗਿਆ ਸੀ। ਅਸੀਂ ਤਿੰਨ ਜਣੇ ਉੱਥੇ ਜਾ ਪੁੱਜੇ। ਇਕ ਗੋਰੀ ਕੌਪਸ (ਸਿਪਾਹੀ) ਉਸ ਤੋਂ ਪੁੱਛਗਿੱਛ ਕਰ ਰਹੀ ਸੀ ਕਿ ਉਸ ਨੇ ਕਿਵੇਂ ਐਕਸੀਡੈਂਟ ਕਰ ਦਿੱਤਾ। ਪਰ ਸਾਡਾ ਐੱਮਐੱਸਸੀ ਪਾਸ ਨੌਜਵਾਨ ਉਸ ਨੂੰ ਸਮਝਾ ਨਹੀਂ ਪਾ ਰਿਹਾ ਸੀ। ਆਖ਼ਿਰਕਾਰ ਉਹ ਗੋਰੀ (ਸਿਪਾਹੀ) ਬੱਚਿਆਂ ਦੀਆਂ ਖੇਡਣ ਵਾਲੀਆਂ ਦੋ ਕਾਰਾਂ ਉਸ ਕੋਲ ਲੈ ਆਈ ਤੇ ਕਹਿਣ ਲੱਗੀ, 'ਇਹ ਦੋ ਕਾਰਾਂ ਨੇ, ਸਮਝ ਲੈ ਇਕ ਤੇਰੀ ਟੈਕਸੀ ਹੈ ਤੇ ਦੂਜੀ ਜਿਸ ਨਾਲ ਤੂੰ ਐਕਸੀਡੈਂਟ ਕੀਤੈ। ਹੁਣ ਮੈਨੂੰ ਸਮਝਾ ਤੂੰ ਇਹ ਐਕਸੀਡੈਂਟ ਕਿਵੇਂ ਕੀਤਾ?"

ਮੁੰਡੇ ਨੇ ਜਿਵੇਂ-ਤਿਵੇਂ ਸਮਝਾ ਦਿੱਤਾ। ਆਖ਼ਿਰ ਉਹ ਗੋਰੀ ਸਿਪਾਹੀ ਬੋਲੀ, 'ਵੇਖਣ ਨੂੰ ਤਾਂ ਤੂੰ ਪੜ੍ਹਿਆ-ਲਿਖਿਆ ਸਾਊ ਜਿਹਾ ਬੰਦਾ ਜਾਪਦੈ। ਫੇਰ ਟੈਕਸੀ ਗ਼ਲਤ ਮੋੜ ਕੇ ਏਹ ਐਕਸੀਡੈਂਟ ਕਿਵੇਂ ਕਰ ਦਿੱਤਾ?'

ਉਸ ਦੇ ਇੰਜ ਪੁੱਛਣ 'ਤੇ ਸਾਡੇ ਪੰਜਾਬੀ ਨੌਜਵਾਨ ਨੇ ਆਪਣੀ ਅੰਗਰੇਜ਼ੀ ਦੇ ਤਾਂ ਜਿਵੇਂ ਫੱਟੇ ਚੁੱਕ ਸੁੱਟੇ,'ਮੀ ਟਾਇਰ, ਸਰਕਲਜ਼ ਇਨ ਹੈੱਡ।'

ਉਸ ਗੋਰੀ ਨੂੰ ਤਾਂ ਕੀ ਪੱਲੇ ਪੈਣਾ ਸੀ, ਪਹਿਲਾਂ ਤਾਂ ਸਾਡੇ ਵੀ ਉੱਪਰੋਂ ਦੀ ਲੰਘ ਗਈ। ਆਖਿਰ ਨਾਲ ਗਏ ਬੰਦੇ ਨੇ ਗੋਰੀ ਨੂੰ ਸਮਝਾਇਆ ਕਿ ਉਸ ਦੇ ਕਹਿਣ ਦਾ ਮਤਲਬ ਹੈ, 'ਉਹ ਥੱਕਿਆ ਹੋਇਆ ਸੀ ਤੇ ਉਸ ਦਾ ਸਿਰ ਚਕਰਾ ਰਿਹਾ ਸੀ' ਤਾਂ ਉਹ ਗੋਰੀ ਵੀ ਮੁਸਕਰਾ ਪਈ ਸੀ।

ਇਕ ਸਾਡਾ ਇੰਜੀਨੀਅਰ ਵੀ ਐਥੇ ਆ ਕੇ ਸਕਿਉਰਟੀ ਦਾ ਕੰਮ ਕਰ ਰਿਹਾ ਸੀ। ਇਕ ਵਾਰੀ ਉਹ ਸਾਡੇ ਨਾਲ ਸੜਕ 'ਤੇ ਤੁਰਿਆ ਜਾ ਰਿਹਾ ਸੀ ਕਿ ਉਸ ਦਾ ਵਾਕਿਫ਼ ਇਕ ਅੰਗਰੇਜ਼ ਮਿਲ ਗਿਆ। ਅੰਗਰੇਜ਼ ਨੇ ਉਸ ਨੂੰ ਪੁੱਛਿਆ, 'ਹਾਊ ਆਰ ਯੂ ਗੋਇੰਗ ਬਡੀ, ਯਾਨੀ ਕਿਵੇਂ ਗੁਜ਼ਰ ਰਹੀ ਏ ਦੋਸਤ?' ਪਰ ਸਾਡੇ ਇੰਜੀਨੀਅਰ ਨੇ ਸਮਝ ਲਿਆ ਕਿ ਉਹ ਪੁੱਛ ਰਿਹਾ ਕਿ ਕੰਮ 'ਤੇ ਕਿਵੇਂ ਜਾਂਦੈ। ਉਸ ਤੁਰੰਤ ਆਖਿਆ, 'ਬਾਈ ਬੱਸ'। ਉਸ ਦਾ ਜਵਾਬ ਸੁਣ ਕੇ ਅੰਗਰੇਜ਼ ਤਾਂ ਜਿਵੇਂ ਡੌਰ-ਭੌਰ ਹੀ ਹੋ ਗਿਆ ਸੀ।

ਪਤਾ ਨਹੀਂ ਮੈਨੂੰ ਇਹ ਗੱਲਾਂ ਕਿਉਂ ਚੇਤੇ ਆਉਣ ਲੱਗੀਆਂ ਸਨ। ਇਹ ਵੀ ਹੋ ਸਕਦਾ ਹੈ ਕਿ ਮੈਂ ਆਪਣੇ ਆਪ ਨੂੰ ਹੌਸਲਾ ਦੇ ਰਿਹਾ ਹੋਵਾਂ ਕਿ ਫ਼ਿਕਰ ਨਾ ਕਰ, ਤੂੰ ਇਨ੍ਹਾਂ ਨਾਲੋਂ ਫੇਰ ਵੀ ਚੰਗਾ ਹੈਂ। ਇਹ ਲੋਕ ਤਾਂ ਇੰਡੀਆ ਤੋਂ ਅੰਗਰੇਜ਼ੀ ਦਾ ਟੈਸਟ ਆਈਲੈਟਸ ਪਾਸ ਕਰ ਕੇ ਐਥੇ ਆਏ ਹਨ। ਰੱਬ ਜਾਣੇ, ਇਹ ਟੈਸਟ ਕਿਵੇਂ ਪਾਸ ਕਰ ਲੈਂਦੇ ਹਨ।

ਡਾਕਟਰ ਨੂੰ ਮੇਰੀ ਅੰਗਰੇਜ਼ੀ ਦੀ ਸਮਝ ਨਹੀਂ ਪਈ ਜਾਪਦੀ ਸੀ। ਉਸ ਨੇ ਚੈੱਕਅੱਪ ਕਰਨ ਮਗਰੋਂ ਆਖਿਆ, 'ਇੰਜ ਤਾਂ ਕੋਈ ਐਬਨਾਰਮੇਲਟੀ ਨਹੀਂ ਜਾਪਦੀ। ਮੈਂ ਇਹ ਟੈਸਟ ਲਿਖ ਦਿੱਤੇ ਨੇ। ਇਨ੍ਹਾਂ ਦੀ ਰਿਪੋਰਟ ਆਉਣ ਮਗਰੋਂ ਹੀ ਮੈਂ ਕੋਈ ਇਲਾਜ ਕਰ ਸਕਾਂਗਾ'।

ਪਰ ਘਰ ਨੂੰ ਵਾਪਸ ਆਉਂਦਿਆਂ ਮੈਨੂੰ ਪਹਿਲਾਂ ਨਾਲੋਂ ਵੀ ਜ਼ਿਆਦਾ ਠੰਢ ਮਹਿਸੂਸ ਹੋਣ ਲੱਗੀ ਸੀ। ਸ਼ਾਇਦ ਇਸ ਕਰਕੇ ਵੀ, ਕਿਉਂਕਿ ਡਾਕਟਰ ਨੇ 55 ਡਾਲਰ ਲੈ ਲਏ ਸਨ। ਮੇਰੇ ਆਖਣ 'ਤੇ ਕਿ ਇਹ ਤਾਂ ਬਹੁਤ ਜ਼ਿਆਦਾ ਹਨ, ਉਸ ਸਪੱਸ਼ਟ ਕੀਤਾ ਸੀ,'ਵੀਹ ਮਿੰਟਾਂ ਤਕ 35 ਡਾਲਰ, ਵੀਹ ਤੋਂ ਵੱਧ ਸਮਾਂ ਲੱਗਣ 'ਤੇ 55 ਡਾਲਰ। ਪਰ ਤੁਸੀਂ ਤਾਂ ਲੋੜੋਂ ਵੱਧ ਸਮਾਂ ਲੈ ਲਿਆ।' ਡਾਕਟਰ ਜਿਵੇਂ 55 ਡਾਲਰ ਲੈ ਕੇ ਵੀ ਖ਼ੁਸ਼ ਨਹੀਂ ਜਾਪ ਰਿਹਾ ਸੀ।

ਮੈਂ ਸੋਚ ਰਿਹਾ ਸੀ ਕਿ ਜੇ ਅੰਗਰੇਜ਼ੀ ਦੇ ਵਾਜਿਬ ਲਫ਼ਜ਼ ਸੁੱਝ ਜਾਂਦੇ ਤਾਂ ਇੰਜ ਰਗੜਾ ਤਾਂ ਨਾ ਲੱਗਦਾ। ਇਸ ਨਾਲੋਂ ਤਾਂ ਚੰਗਾ ਹੁੰਦਾ 15-20 ਡਾਲਰਾਂ ਦੀ ਵਧੀਆ ਕਿਸਮ ਦੀ ਵਾਈਨ ਦੀ ਬੋਤਲ ਖ਼ਰੀਦ ਲੈਂਦਾ।

ਦੋ ਚਾਰ ਘੁੱਟ ਅੰਦਰ ਜਾਂਦਿਆਂ ਸਾਰ ਹੀ ਠੰਢ ਵੀ ਦੂਰ ਹੋ ਜਾਣੀ ਸੀ ਤੇ ਮਨ ਵਿਚ ਇਹ ਗਿਲਾ ਵੀ ਨਹੀਂ ਰਹਿਣਾ ਸੀ ਕਿ ਮਰਵਾ ਦਿੱਤਾ ਅੰਗਰੇਜ਼ੀ ਨੇ। ਕਿਉਂਕਿ ਦੋ ਘੁੱਟ ਲਾਉਣ ਮਗਰੋਂ ਤਾਂ ਅਨਪੜ੍ਹ ਬੰਦਾ ਵੀ ਅੰਗਰੇਜ਼ੀ ਬੋਲਣ ਲੱਗਦਾ ਐ, ਮੇਰੇ ਕੋਲ ਤਾਂ ਸੁੱਖ ਨਾਲ ਫੇਰ ਵੀ ਕਈ ਵੱਡੀਆਂ-ਵੱਡੀਆਂ ਡਿਗਰੀਆਂ ਹਨ। •

---

ਕਹਾਣੀ

# ਮੈਂ ਤੇਰੀ ਉਡੀਕ ਕਰਾਂਗੀ



• ਡਾ. ਅੰਮ੍ਰਿਤ ਅਦਲੱਖਾ
98146-52030



*ਰੂਪਾ ਨੇ ਉੱਚੀ ਪੜ੍ਹਾਈ ਕੀਤੀ ਹੋਈ ਸੀ ਤੇ ਉਸ ਦੀ ਪੱਕੀ ਸਰਕਾਰੀ ਨੌਕਰੀ ਸੀ। ਉਸ ਨੂੰ 50-60 ਹਜ਼ਾਰ ਰੁਪਏ ਮਹੀਨਾ ਤਨਖ਼ਾਹ ਮਿਲਦੀ ਸੀ। ਇਹ ਸਾਰੇ ਗੁਣ ਕਦੇ-ਕਦੇ ਕੁੜੀ ਵਾਸਤੇ ਚੰਗੇ ਰਿਸ਼ਤੇ ਦੀ ਭਾਲ 'ਚ ਰੁਕਾਵਟ ਬਣ ਜਾਂਦੇ ਹਨ, ਕਿਉਂਕਿ ਮੁੰਡਾ ਵੀ ਇਨ੍ਹਾਂ ਸਾਰੀਆਂ ਖ਼ੂਬੀਆਂ ਦਾ ਮਾਲਕ ਹੋਣਾ ਚਾਹੀਦਾ ਹੈ...*

ਰੂਪਾ ਦਾ ਸਿਰਫ਼ ਨਾਂ ਹੀ ਸੋਹਣਾ ਨਹੀਂ ਸੀ, ਉਹ ਸੱਚਮੁੱਚ ਹੀ ਬੜੀ ਹਸੀਨ ਸੀ। ਗੋਰਾ ਰੰਗ ਅਤੇ ਕੋਈ ਮੇਕਅੱਪ ਕੀਤੇ ਬਗ਼ੈਰ ਉਹ ਇੰਜ ਜਾਪਦੀ ਸੀ ਜਿਵੇਂ ਪਰੀਆਂ ਦੇ ਦੇਸ਼ ਤੋਂ ਅਪਸਰਾ ਉਤਰੀ ਹੋਵੇ। ਉਸ ਦੇ ਕੋਹ-ਕੋਹ ਲੰਮੇ ਵਾਲ ਤਾਂ ਨਹੀਂ ਸਨ, ਪਰ ਮੱਸਿਆ ਦੀ ਰਾਤ ਤੋਂ ਵੀ ਕਾਲੇ ਅਤੇ ਦਿਲ ਖਿੱਚਵੇਂ ਸਟਾਇਲ ਦੇ ਵਾਲਾਂ ਦੀ ਮਲਿਕਾ ਸੀ। ਆਮ ਮੁੰਡੇ-ਕੁੜੀਆਂ ਤਾਂ ਆਪਣੇ ਆਪ ਨੂੰ ਸੰਵਾਰਨ ਲਈ ਵੰਨ-ਸੁਵੰਨੇ ਕੱਪੜੇ ਪਾਉਂਦੇ ਹਨ, ਪਰ ਰੂਪਾ ਜੋ ਵੀ ਕੱਪੜਾ ਪਾਉਂਦੀ, ਉਸ ਕੱਪੜੇ ਨੂੰ ਸਜ਼ਾ ਦਿੰਦੀ ਸੀ। ਉਸ ਦਾ ਪਾਇਆ ਕੱਪੜਾ ਸ਼ਹਿਰ ਦਾ ਫੈਸ਼ਨ ਬਣ ਜਾਂਦਾ ਸੀ। ਉਸ ਦੇ ਹੋਸ਼ਾਂ ਦੀ ਚਰਚਾ ਗਲੀ-ਗਲੀ ਕੂਚੇ-ਕੂਚੇ ਸੀ। ਉਹ ਬੋਲਦੀ ਸੀ ਤਾਂ ਏਦਾਂ ਜਾਪਦਾ ਸੀ, ਜਿਵੇਂ ਕਿਸੇ ਨੇ ਸੁਰੀਲਾ ਸਾਜ਼ ਛੇੜ ਦਿੱਤਾ ਹੋਵੇ। ਪੜ੍ਹਾਈ ਵੀ ਉਸ ਨੇ ਉੱਚੀ ਕੀਤੀ ਹੋਈ ਸੀ ਅਤੇ ਉਸ ਦੀ ਪੱਕੀ ਸਰਕਾਰੀ ਨੌਕਰੀ ਸੀ, ਜਿਥੋਂ ਉਸ ਨੂੰ 50-60 ਹਜ਼ਾਰ ਰੁਪਏ ਮਹੀਨਾ ਤਨਖ਼ਾਹ ਮਿਲਦੀ ਸੀ ਪਰ ਇਹ ਸਾਰੇ ਗੁਣ ਕਦੇ-ਕਦੇ ਕਿਸੇ ਵੀ ਕੁੜੀ ਵਾਸਤੇ ਚੰਗੇ ਰਿਸ਼ਤੇ ਦੀ ਭਾਲ ਵਿਚ ਰੁਕਾਵਟ ਬਣ ਜਾਂਦੇ ਹਨ, ਕਿਉਂਕਿ ਮੁੰਡਾ ਵੀ ਇਨ੍ਹਾਂ ਸਾਰੀਆਂ ਖ਼ੂਬੀਆਂ ਦਾ ਮਾਲਕ ਹੋਣਾ ਚਾਹੀਦਾ ਹੈ ਅਤੇ ਸਾਡੇ ਸਮਾਜ ਵਿਚ ਜਾਤ-ਪਾਤ, ਊਚ-ਨੀਚ, ਟੇਵੇ ਤੇ ਜਨਮ-ਪੱਤਰੀਆਂ ਮਿਲਾਉਣ ਦਾ ਸਿਸਟਮ ਡੂੰਘੀਆਂ ਜੜ੍ਹਾਂ ਫੜਿਆ ਹੋਇਆ ਹੈ, ਜਿਨ੍ਹਾਂ ਗੱਲਾਂ ਦਾ ਕੋਈ ਮਹੱਤਵ ਨਹੀਂ ਹੋਣਾ ਚਾਹੀਦਾ। ਰੂਪਾ ਲਈ ਕਈ ਰਿਸ਼ਤੇ ਆਏ, ਲੇਕਿਨ ਕਿਸੇ ਨਾ ਕਿਸੇ ਵਜ੍ਹਾ ਕਾਰਨ ਉਸ ਨੂੰ ਕੋਈ ਪਸੰਦ ਨਾ ਆਇਆ ਤੇ ਵਕਤ ਲੰਘਦਾ ਗਿਆ। ਉਸ ਦੀ ਉਮਰ 26-27 ਸਾਲ ਹੋ ਚੱਲੀ ਸੀ ਅਤੇ ਕਈ ਵਾਰੀ ਉਸ ਦੇ ਫ਼ਿਕਰਮੰਦ ਮਾਂ-ਪਿਓ ਉਸ ਨੂੰ ਗੁੱਸੇ ਹੋਣ ਲੱਗ ਜਾਂਦੇ ਸਨ ਕਿ ਉਹ ਸਾਰੇ ਰਿਸ਼ਤਿਆਂ ਨੂੰ ਨਾਂਹ ਕਰੀ ਜਾ ਰਹੀ ਹੈ। ਕਦੇ-ਕਦੇ ਘਰਦਿਆਂ ਦੀਆਂ ਝਿੜਕਾਂ ਤੋਂ ਦੁਖੀ ਹੋ ਕੇ ਉਹ ਰੋਣ ਲੱਗਦੀ, ਪਰ ਆਪਣੇ ਮਨ ਦੀ ਹਾਲਤ ਕਿਹੜੀ ਸਹੇਲੀ ਨੂੰ ਦੱਸੇ, ਕਿਉਂ ਜੋ ਬੇਹੱਦ ਸੋਹਣੀ ਕੁੜੀ ਦੀਆਂ ਸਹੇਲੀਆਂ ਘੱਟ ਅਤੇ ਸੜਨ ਵਾਲੀਆਂ ਵੱਧ ਹੁੰਦੀਆਂ ਹਨ।

ਰੂਪਾ ਵਿਆਹ ਨੂੰ ਇੰਨਾ ਜ਼ਰੂਰੀ ਨਹੀਂ ਸਮਝਦੀ ਸੀ, ਜਿੰਨਾ ਉਸ ਦੇ ਮਾਪੇ ਅਤੇ ਉਹ ਆਪਣੇ ਜੋਬਨ ਨੂੰ ਸੰਭਾਲ ਕੇ ਰੱਖਣਾ ਸਿੱਖ ਗਈ ਸੀ ਅਤੇ ਹਰ ਪੈਰ ਸੋਚ-ਸਮਝ ਕੇ ਪੁੱਟਦੀ ਸੀ। ਇਕ ਵਾਰ ਆਪਣੇ ਭਰਾ ਦੀ ਸਲਾਹ 'ਤੇ ਉਸ ਨੇ ਇੰਟਰਨੈੱਟ 'ਤੇ ਰਿਸ਼ਤੇ ਕਰਾਉਣ ਵਾਲੀ ਸਾਈਟ ਸ਼ਾਦੀ ਡਾਟਕਾਮ ਜਾਂ ਮੈਟਰੀਮੋਨੀ ਡਾਟਕਾਮ ਬਗੈਰਾ ਵਿਚ ਆਪਣਾ ਨਾਂ ਦਰਜ ਕਰਾਇਆ ਅਤੇ ਆਪਣਾ ਵੇਰਵਾ ਤੇ ਫੋਟੋ ਉਨ੍ਹਾਂ ਸਾਈਟਾਂ 'ਤੇ ਅਪਲੋਡ ਕੀਤੀ। ਕਈ ਫਜ਼ੂਲ ਰਿਸ਼ਤੇ ਆਉਣ ਲੱਗੇ ਅਤੇ ਉਹ ਪ੍ਰੇਸ਼ਾਨ ਹੋ ਗਈ, ਪਰ ਇਕ ਵਾਰ ਵਲੈਤ ਤੋਂ ਇਕ ਅੰਗਰੇਜ਼ ਦੀ ਆਫ਼ਰ ਆਈ, ਜਿਸ ਨੇ ਆਪਣੇ ਆਪ ਨੂੰ ਹੱਡੀਆਂ ਦਾ ਡਾਕਟਰ ਦੱਸਿਆ ਅਤੇ ਇਹ ਵੀ ਬਿਆਨ ਕੀਤਾ ਕਿ ਉਸ ਦੇ ਮਾਪੇ ਕਈ ਸਾਲ ਭਾਰਤ ਰਹਿ ਚੁੱਕੇ ਹਨ ਅਤੇ ਉਹ ਵੀ ਇਥੋਂ ਦਾ ਹੀ ਜੰਮਪਲ ਹੈ। ਇਸ ਕਰਕੇ ਭਾਰਤੀ ਕੁੜੀ ਨਾਲ ਵਿਆਹ ਕਰਾਉਣ ਦਾ ਇੱਛਕ ਹੈ। ਜਿਹੜੀ ਫੋਟੋ ਉਸ ਨੇ ਭੇਜੀ, ਉਹ ਬੜੀ ਸੋਹਣੀ ਸੀ ਅਤੇ ਮਿੱਠੀਆਂ-ਮਿੱਠੀਆਂ ਗੱਲਾਂ ਕਰਨ ਲੱਗ ਪਿਆ। ਕਦੇ ਫੋਨ ਤੇ ਕਦੇ ਵ੍ਹਟਸਐਪ 'ਤੇ ਗੱਲਬਾਤ ਦਾ ਸਿਲਸਿਲਾ ਸ਼ੁਰੂ ਹੋ ਗਿਆ। ਉਸ ਨੇ ਆਪਣਾ ਨਾਂ ਮਾਰਕ ਦੱਸਿਆ ਤੇ ਕਿਹਾ ਕਿ ਉਹ ਛੇਤੀ ਹੀ ਭਾਰਤ ਆਵੇਗਾ ਤੇ ਉਸ ਨੂੰ ਮਿਲੇਗਾ। ਕੁਝ ਦਿਨਾਂ ਬਾਅਦ ਉਸ ਨੇ ਫੋਨ 'ਤੇ ਦੱਸਿਆ ਕਿ ਗਿਫ਼ਟ ਦੇ ਤੌਰ 'ਤੇ ਉਹ ਉਸ ਨੂੰ ਇਕ ਸੁੱਚੇ ਹੀਰੇ ਦਾ ਹਾਰ ਤੇ ਰੋਲੈਕਸ ਦੀ ਘੜੀ ਪਾਰਸਲ ਕਰ ਰਿਹਾ ਹੈ। ਇਨ੍ਹਾਂ ਦੋਵਾਂ ਚੀਜ਼ਾਂ ਦੀਆਂ ਫੋਟੋਆਂ ਵ੍ਹਟਸਐਪ 'ਤੇ ਭੇਜੀਆਂ ਅਤੇ ਆਖਿਆ ਕਿ ਰੂਪ ਇਹ ਗਿਫ਼ਟ ਮਿਲਣ 'ਤੇ ਇਤਲਾਹ ਦੇਵੇ। ਰੂਪਾ ਨੂੰ ਕੁਝ ਖ਼ੁਸ਼ੀ ਤੇ ਕੁਝ ਹੈਰਾਨੀ ਹੋਈ ਕਿ ਇੰਨਾ ਵੱਡਾ ਗਿਫ਼ਟ ਸ਼ੁਰੂ ਤੋਂ ਹੀ ਮਾਰਕ ਦੇ ਰਿਹਾ ਹੈ। ਉਹ ਆਪਣੇ ਆਪ ਨੂੰ ਅਸਮਾਨ ਦੇ ਨੇੜੇ ਤੇ ਧਰਤੀ ਤੋਂ ਦੂਰ ਸਮਝਣ ਲੱਗ ਪਈ। 2-3 ਦਿਨ ਬਾਅਦ ਉਸ ਨੂੰ ਇਕ ਲੜਕੀ ਦਾ ਫੋਨ ਆਇਆ। ਉਹ ਦਿੱਲੀ ਕਸਟਮ ਵਿਭਾਗ ਤੋਂ ਬੋਲ ਰਹੀ ਹੈ ਅਤੇ ਉਸ ਦਾ ਵਲੈਤ ਤੋਂ ਇਕ ਪਾਰਸਲ ਆਇਆ ਹੈ, ਜੋ ਬਹੁਤ ਮੁੱਲਵਾਨ ਹੋਣ ਕਰਕੇ ਕਸਟਮ ਡਿਊਟੀ ਦੇਣੀ ਪਵੇਗੀ ਅਤੇ ਇਹ ਰਕਮ 25 ਹਜ਼ਾਰ ਹੈ। ਇਹ ਰਕਮ ਦੱਸੇ ਗਏ ਬੈਂਕ ਖਾਤੇ ਵਿਚ ਟਰਾਂਸਫਰ ਕਰਨ ਵਾਸਤੇ ਦੱਸਿਆ, ਜੇ ਉਹ ਪਾਰਸਲ ਛੇਤੀ ਹਾਸਿਲ ਕਰਨਾ ਚਾਹੁੰਦੀ ਹੈ।

ਰੂਪ ਨੇ ਯਕੀਨ ਕਰਨ ਲਈ ਕਸਟਮ ਬਾਰੇ ਕੁਝ ਸਵਾਲ ਵੀ ਕੀਤੇ ਤਾਂ ਉਹ ਕੁੜੀ ਆਖਣ ਲੱਗੀ ਕਿ ਜੇ ਪੱਕਾ ਕਰਨਾ ਹੈ ਤਾਂ ਦਿੱਲੀ ਆ ਕੇ ਕਸਟਮ ਵਿਭਾਗ ਵਿਚ ਚੈੱਕ ਕਰ ਲਵੋ। ਰੂਪਾ ਨੇ ਆਪਣੇ ਬੈਂਕ ਮੈਨੇਜਰ ਨੂੰ 25 ਹਜ਼ਾਰ ਰੁਪਏ ਉਸ ਖਾਤੇ ਵਿਚ ਭੇਜਣ ਦੀ ਹਦਾਇਤ ਕੀਤੀ, ਪਰ ਫਿਰ ਵੀ ਉਸ ਦੇ ਮਨ ਵਿਚ ਸ਼ੱਕ ਸੀ। ਉਸ ਨੇ ਆਪਣੇ ਸ਼ਹਿਰ ਦੇ ਕਸਟਮ ਦੇ ਇਕ ਜਾਣੂ ਅਫ਼ਸਰ ਨੂੰ ਫੋਨ ਕੀਤਾ ਅਤੇ ਸਾਰੀ ਗੱਲ ਦੱਸੀ। ਉਸ ਅਫ਼ਸਰ ਨੇ ਥੋੜ੍ਹੀ ਦੇਰ ਬਾਅਦ ਚੈੱਕ ਕਰਕੇ ਦੱਸਿਆ ਕਿ ਕਸਟਮ ਵਿਭਾਗ ਵਿਚ ਇਸ ਤਰ੍ਹਾਂ ਪੈਸੇ ਮੰਗਵਾਉਣ ਦਾ ਕੋਈ ਸਿਸਟਮ ਨਹੀਂ ਹੈ ਅਤੇ ਦਿੱਲੀ ਤੋਂ ਵੀ ਉਸ ਨੇ ਪਤਾ ਕਰ ਲਿਆ ਕਿ ਇਹ ਸਭ ਫਰਾਡ ਸੀ। ਸ਼ੁਕਰ ਹੈ ਅਜੇ ਬੈਂਕ ਮੈਨੇਜਰ ਨੇ ਬਹੁਤੇ ਰੁਝੇਵੇਂ ਕਰਕੇ ਪੈਸੇ ਟਰਾਂਸਫਰ ਨਹੀਂ ਕੀਤੇ ਸਨ ਅਤੇ ਰੂਪਾ ਨੇ ਪੈਸੇ ਭੇਜਣ ਤੋਂ ਰੋਕ ਲਿਆ, ਨਹੀਂ ਤਾਂ ਬੈਠੇ ਬਿਠਾਏ 25 ਹਜ਼ਾਰ ਦਾ ਚੂਨਾ ਲੱਗ ਜਾਣਾ ਸੀ। ਬਾਅਦ ਵਿਚ ਜਾਂਚ ਤੋਂ ਪਤਾ ਲੱਗਾ ਕਿ ਉਹ ਅਕਾਊਂਟ ਨੰਬਰ ਕਿਸੇ ਪ੍ਰਾਈਵੇਟ ਬੰਦੇ ਦਾ ਸੀ ਅਤੇ ਮੋਬਾਈਲ ਨੰਬਰ ਵੀ ਕਸਟਮ ਵਿਭਾਗ ਦਾ ਨਹੀਂ ਸੀ, ਪਰ ਉਹ ਪੁਲਿਸ ਵਿਚ ਰਿਪੋਰਟ ਕਰਕੇ ਚੱਕਰਾਂ ਵਿਚ ਨਹੀਂ ਪੈਣਾ ਚਾਹੁੰਦੀ ਸੀ।

ਇਸੇ ਤਰ੍ਹਾਂ ਕੁਝ ਦਿਨ ਬੀਤ ਗਏ। ਇਕ ਸਵੇਰ ਉਸ ਦੀ ਮਾਂ ਨੇ ਇਕ ਸੋਹਣੇ ਮੁੰਡੇ ਦੀ ਫੋਟੋ ਵਿਖਾਈ ਤੇ ਦੱਸਿਆ ਕਿ ਇਹ ਚੰਗਾ ਰਿਸ਼ਤਾ ਲੱਭ ਗਿਆ ਹੈ ਅਤੇ ਮੁੰਡਾ ਦੰਦਾਂ ਦਾ ਡਾਕਟਰ ਹੈ। ਉਸ ਦਾ ਭਰਾ ਜਾ ਕੇ ਮੁੰਡਾ ਵੇਖ ਵੀ ਆਇਆ ਤੇ ਦੱਸਿਆ ਕਿ ਛੇਤੀ ਹੀ ਮੁੰਡਾ ਰੂਪਾ ਨੂੰ ਦੇਖਣ ਆਵੇਗਾ। ਮਿੱਥੇ ਸਮੇਂ 'ਤੇ ਮੁੰਡਾ ਆਇਆ। ਘਰ-ਬਾਰ ਦੀਆਂ ਗੱਲਾਂ ਹੋਈਆਂ ਤੇ ਬਾਅਦ ਵਿਚ ਫ਼ੈਸਲਾ ਹੋਇਆ ਕਿ ਮੁੰਡਾ-ਕੁੜੀ ਵੱਖਰੇ ਕਮਰੇ ਵਿਚ ਜਾ ਕੇ ਗੱਲ ਕਰ ਲੈਣ ਅਤੇ ਆਪਣੀ ਤਸੱਲੀ ਕਰ ਲੈਣ। ਰੂਪਾ ਸਾਰਾ ਸਮਾਂ ਉਸ ਮੁੰਡੇ ਦੀਆਂ ਹਰਕਤਾਂ ਗੌਰ ਨਾਲ ਦੇਖ ਰਹੀ ਸੀ। ਉਸ ਨੂੰ ਜਾਪਿਆ ਕਿ ਮੁੰਡਾ ਕੁਝ ਘਬਰਾਇਆ ਅਤੇ ਬੇਚੈਨ ਸੀ। ਦੂਜੇ ਕਮਰੇ ਵਿਚ ਜਦੋਂ ਇਕੱਲੇ ਬੈਠੇ ਤਾਂ ਰੂਪਾ ਨੇ ਨੋਟ ਕੀਤਾ ਕਿ ਅਤਿ ਦੀ ਗਰਮੀ ਵਿਚ ਉਸ ਨੇ ਪੂਰੀ ਬਾਂਹ ਦੀ ਕਮੀਜ਼ ਪਾਈ ਸੀ। ਰੂਪਾ ਨੇ ਥੋੜ੍ਹੀ ਦੇਰ ਲਈ ਏਸੀ ਬੰਦ ਕਰ ਦਿੱਤਾ ਤੇ ਚਾਹ ਵੀ ਆ ਗਈ।

ਰੂਪਾ ਨੇ ਚਾਹ ਦਾ ਕੱਪ ਡਾਕਟਰ ਨੂੰ ਫੜਾਇਆ। ਕੱਪ ਫੜਦਿਆਂ ਮੁੰਡੇ ਦੇ ਹੱਥ ਕੰਬ ਰਹੇ ਸਨ। ਰੂਪ ਦਾ ਸ਼ੱਕ ਹੋਰ ਵਧ ਗਿਆ ਕਿ ਮੁੰਡਾ ਕਿਤੇ ਨਸ਼ੇ ਤਾਂ ਨਹੀਂ ਕਰਦਾ ਤੇ ਸਲਾਹ ਦਿੱਤੀ ਕਿ ਗਰਮੀ ਕਾਰਨ ਉਹ ਆਪਣੀ ਕਮੀਜ਼ ਦੀਆਂ ਆਸਤੀਨ ਉਪਰ ਟੁੰਗ ਲਵੇ। ਉਹ ਮੁੰਡਾ ਸ਼ਸ਼ੋਪੰਜ ਵਿਚ ਪੈ ਗਿਆ। ਰੂਪਾ ਨੇ ਸਖ਼ਤੀ ਨਾਲ ਕਿਹਾ ਕਿ ਉਸ ਨੂੰ ਜਾਪਦਾ ਹੈ ਕਿ ਡਾਕਟਰ ਨਸ਼ੇ ਕਰਦਾ ਹੈ ਅਤੇ ਕਮੀਜ਼ ਦੀਆਂ ਆਸਤੀਨ ਉਪਰ ਕਰ ਕੇ ਵਿਖਾਉਣ ਦੀ ਡਿਮਾਂਡ ਕੀਤੀ। ਰੂਪਾ ਨੇ ਵੇਖਿਆ ਕਿ ਮੁੰਡੇ ਦੀਆਂ ਦੋਵੇਂ ਬਾਹਾਂ ਸੂਈਆਂ ਦੇ ਨਿਸ਼ਾਨ ਨਾਲ ਵਿੰਨ੍ਹੀਆਂ ਸਨ। ਰੂਪਾ ਨਸ਼ਿਆਂ ਬਾਰੇ ਲੇਖ ਵੀ ਲਿਖ ਚੁੱਕੀ ਸੀ ਤੇ ਕਈ ਨਸ਼ਾ ਛੁਡਾਊ ਕੇਂਦਰ ਵੀ ਵੇਖੇ ਸਨ। ਉਸ ਨੂੰ ਯਕੀਨ ਹੋ ਗਿਆ ਕਿ ਉਹ ਮੁੰਡਾ ਨਸ਼ੇ ਕਰਦਾ ਹੈ ਅਤੇ ਉਸ ਨੂੰ ਬਾਹਰ ਨਿਕਲਣ ਲਈ ਕਿਹਾ। ਉਹ ਮੁੰਡਾ ਹੱਥ ਜੋੜ ਕੇ ਖੜ੍ਹਾ ਹੋ ਗਿਆ ਤੇ ਕਹਿਣ ਲੱਗਾ,' ਰੂਪਾ ਜੀ ਇਹ ਗੱਲ ਕਿਸੇ ਨੂੰ ਨਾ ਦੱਸਣਾ, ਨਹੀਂ ਤਾਂ ਮੈਂ ਬਰਬਾਦ ਹੋ ਜਾਵਾਂਗਾ। ਮੈਂ ਜਦੋਂ ਦੀ ਤੁਹਾਡੀ ਫੋਟੋ ਵੇਖੀ, ਤੁਹਾਡੇ ਨਾਲ ਰਿਸ਼ਤਾ ਜੋੜਨ ਲਈ ਇੱਛਕ ਹੋ ਗਿਆ ਅਤੇ ਤੁਹਾਨੂੰ ਵੇਖ ਕੇ ਤੇ ਮਿਲ ਕੇ ਇੰਜ ਲੱਗਾ ਕਿ ਤੁਹਾਡੇ ਬਗ਼ੈਰ ਮੇਰੇ ਜੀਵਨ ਦਾ ਕੋਈ ਮਹੱਤਵ ਨਹੀਂ ਰਹਿ ਜਾਂਦਾ। ਮੈਂ ਨਸ਼ੇ ਛੱਡ ਦੇਵਾਂਗਾ, ਪਰ ਮੈਨੂੰ ਨਾਂਹ ਨਾ ਕਰੋ।' ਰੂਪ ਦਾ ਦਿਲ ਨਰਮ ਪੈ ਗਿਆ ਤੇ ਕਹਿਣ ਲੱਗੀ ਕਿ ਪਹਿਲਾਂ ਤੂੰ ਨਸ਼ੇ ਛੱਡ ਕੇ ਵਿਖਾ, ਮੈਂ ਤੇਰੀ ਉਡੀਕ ਕਰਾਂਗੀ ਅਤੇ ਅਗਲੇ ਦਿਨ ਹੀ ਉਸ ਨੇ ਉਸ ਨੂੰ ਤੇ ਉਸ ਦੇ ਦੋਸਤਾਂ ਨੂੰ ਸਰਕਾਰੀ ਨਸ਼ਾ ਛੁਡਾਊ ਕੇਂਦਰ ਵਿਚ ਦਾਖਲ ਕਰਾ ਦਿੱਤਾ। ਹੁਣ ਉਹ ਇੰਜ ਮਹਿਸੂਸ ਕਰ ਰਹੀ ਸੀ ਜਿਵੇਂ ਕੋਈ ਵੱਡੀ ਤੀਰਥ ਯਾਤਰਾ ਕਰ ਕੇ ਆਈ ਹੋਵੇ। •

---

ਅੱਜ ਜਨਮ ਦਿਵਸ 'ਤੇ ਵਿਸ਼ੇਸ਼

# ਮਹਾਨ ਲਾਇਬ੍ਰੇਰੀਅਨ

## ਸਿਆਲੀ ਰਾਮਾਮਰਿਤਾ ਰੰਗਾਨਾਥਨ

• ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ

ਸੰਸਾਰ ਦੇ ਸਭ ਖ਼ਜ਼ਾਨਿਆਂ ਤੋਂ ਉੱਤਮ ਗਿਆਨ ਦਾ ਖ਼ਜ਼ਾਨਾ ਹੈ, ਜਿਸ ਨੂੰ ਅਸੀਂ ਸਿਰਫ਼ ਆਪਣੀ ਮਿਹਨਤ ਨਾਲ ਹੀ ਹਾਸਿਲ ਕਰ ਸਕਦੇ ਹਾਂ। ਇਸ ਨੂੰ ਪ੍ਰਾਪਤ ਕਰਨ ਦੇ ਭੰਡਾਰ ਲਾਇਬ੍ਰੇਰੀਆਂ ਹਨ। ਪਰ ਉੱਥੇ ਮਨਪਸੰਦ ਵਿਸ਼ੇ ਦੀਆਂ ਕਿਤਾਬਾਂ ਚੁਣਨ ਲਈ ਸਾਨੂੰ ਰਾਹ ਦਸੇਰੇ ਦੀ ਲੋੜ ਪੈਂਦੀ ਹੈ ਤੇ ਉਸ ਨੂੰ ਲਾਇਬ੍ਰੇਰੀਅਨ ਜਾਂ ਕਿਤਾਬ ਘਰ ਦਾ ਮੁਖੀ ਆਖਦੇ ਹਨ। ਲਾਇਬ੍ਰੇਰੀਅਨ ਸ਼ਬਦ ਲਤੀਨੀ ਭਾਸ਼ਾ ਦੇ ਲਿਬਰੇਰੀਅਸ ਭਾਵ ਕਿਤਾਬਾਂ ਨਾਲ ਜੁੜਿਆ ਅਤੇ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਅਨ ਨੂੰ ਮਿਲਾ ਕੇ 17ਵੀਂ ਸਦੀ ਵਿਚ ਬਣਾਇਆ ਗਿਆ। ਕਿਤਾਬ ਘਰ ਦਾ ਮੁਖੀ ਸਾਨੂੰ ਕਿਤਾਬਾਂ ਲੱਭਣ ਦੇ ਨਾਲ ਉਥੇ ਦੀਆਂ ਹੋਰ ਖ਼ੂਬੀਆਂ ਬਾਰੇ ਵੀ ਜਾਣਕਾਰੀ ਦਿੰਦਾ ਹੈ, ਜਿਸ ਨੇ ਲਾਇਬ੍ਰੇਰੀ ਸਾਇੰਸ ਵਿਚ ਮਾਸਟਰੀ ਦੀ ਡਿਗਰੀ ਬਕਾਇਦਾ ਕਾਲਜ ਜਾਂ ਵਿਸ਼ਵ-ਵਿਦਿਆਲਿਆ ਤੋਂ ਪ੍ਰਾਪਤ ਕੀਤੀ ਹੁੰਦੀ ਹੈ।

12 ਅਗਸਤ ਨੂੰ ਭਾਰਤ ਵਿਚ ਲਾਇਬ੍ਰੇਰੀਅਨ ਦਿਵਸ, ਪੁਸਤਕਾਂ ਨੂੰ ਆਮ ਲੋਕਾਂ ਤਕ ਪਹੁੰਚਾਉਣ ਵਾਲੇ ਮਹਾਨ ਲਾਇਬ੍ਰੇਰੀਅਨ ਸਿਆਲੀ ਰਾਮਾਮਰਿਤਾ ਰੰਗਾਨਾਥਨ ਦੇ ਜਨਮ ਦਿਨ 'ਤੇ ਮਹਾਨ ਕੰਮ ਨੂੰ ਯਾਦ ਕਰਦਿਆਂ ਮਨਾਉਂਦੇ ਹਾਂ। ਉਨ੍ਹਾਂ ਨੂੰ ਭਾਰਤ ਦੇ ਪਹਿਲੇ ਸਰਬਉੱਚ ਲਾਇਬ੍ਰੇਰੀ ਸਾਇੰਸ ਦੀ ਸਿੱਖਿਆ ਦੇਣ ਵਾਲੀ ਸੰਸਥਾ ਇੰਡੀਆ ਸਕੂਲ ਆਫ਼ ਲਾਇਬ੍ਰੇਰੀਸ਼ਿਪ ਦੇ ਡਾਇਰੈਕਟਰ ਨਿਯੁਕਤ ਕੀਤਾ ਗਿਆ ਸੀ ਤੇ ਕਿਤਾਬ ਘਰਾਂ ਦੇ ਵਿਕਾਸ ਲਈ ਕੀਤੀਆਂ ਖੋਜਾਂ ਸਦਕਾ ਕੇਂਦਰ ਸਰਕਾਰ ਨੇ 1957 ਵਿਚ ਪਦਮਸ੍ਰੀ ਐਵਾਰਡ ਵੀ ਦਿੱਤਾ। ਐੱਸਆਰ ਰੰਗਾਨਾਥਨ ਦਾ ਜਨਮ 12 ਅਗਸਤ 1892 ਨੂੰ ਦੱਖਣੀ ਰਾਜ ਤਾਮਿਲਨਾਡੂ ਦੇ ਸਿਆਲੀ ਜ਼ਿਲ੍ਹਾ ਤਜਾਵੂਰ ਵਿਚ ਹੋਇਆ। ਗ਼ਰੀਬ ਕਿਸਾਨ ਪਰਿਵਾਰ ਅਤੇ ਕਮਜ਼ੋਰ ਸਿਹਤ ਦੇ ਹੁੰਦਿਆਂ ਵੀ ਦਸਵੀਂ ਚੰਗੇ ਅੰਕਾਂ ਨਾਲ ਪਾਸ ਕੀਤੀ। ਪੜ੍ਹਾਈ ਵਿਚ ਭਾਵੇਂ ਘੱਟ ਦਿਲਚਸਪੀ ਸੀ, ਪਰ ਘਰ ਦੇ ਹਾਲਾਤ ਕਾਰਨ ਗਣਿਤ ਨਾਲ ਬੀਏ ਤੇ ਐੱਮਏ ਕਰਨ ਤੋਂ ਬਾਅਦ ਸਰਕਾਰੀ ਕਾਲਜਾਂ ਵਿੱਚ ਹਿਸਾਬ ਤੇ ਸਾਇੰਸ ਪੜ੍ਹਾਉਣ ਲੱਗ ਪਏ ਤੇ ਕੁਝ ਸਾਲਾਂ ਬਾਅਦ ਹੀ ਗਣਿਤ ਵਿੱਚ ਸਫਲਤਾ ਹਾਸਿਲ ਕਰਕੇ ਮਦਰਾਸ, ਮੈਂਗਲੌਰ ਅਤੇ ਕੋਇੰਬਟੂਰ ਯੂਨੀਵਰਸਿਟੀ ਦੇ ਗਣਿਤ ਮਾਹਿਰਾਂ ਦੀ ਟੀਮ ਦਾ ਹਿੱਸਾ ਬਣੇ।



ਲਾਇਬ੍ਰੇਰੀਅਨ ਬਣਨ ਦਾ ਅਸਲ ਸਫ਼ਰ 1923 ਵਿਚ ਸ਼ੁਰੂ ਹੋਇਆ, ਜਦੋਂ ਮਦਰਾਸ ਯੂਨੀਵਰਸਿਟੀ ਨੇ ਆਪਣੀ ਕੈਂਪਸ ਲਾਇਬ੍ਰੇਰੀ ਵਿਚ ਕਿਤਾਬਾਂ ਦੀ ਵੰਡ ਤੇ ਦੇਖਭਾਲ ਲਈ ਲਾਇਬ੍ਰੇਰੀਅਨ ਦੀ ਅਸਾਮੀ ਸਥਾਪਤ ਕੀਤੀ, ਜਿਸ ਲਈ 900 ਵਿਅਕਤੀਆਂ ਨੇ ਅਰਜ਼ੀਆਂ ਦਿੱਤੀਆਂ, ਪਰ ਕਿਸੇ ਕੋਲ ਵੀ ਇਸ ਅਹੁਦੇ ਨੂੰ ਪ੍ਰਾਪਤ ਕਰਨ ਲਈ ਕੋਈ ਡਿਗਰੀ ਜਾਂ ਤਜਰਬਾ ਨਹੀਂ ਸੀ, ਪਰ ਰੰਗਾਨਾਥਨ ਦੇ ਕੁਝ ਖੋਜ ਪੱਤਰ ਚੋਣ ਕਮੇਟੀ ਨੂੰ ਸਬੰਧਤ ਕੰਮ ਲਈ ਢੁੱਕਵੇਂ ਲੱਗੇ। ਉਸ ਨੇ ਵੀ ਇਹ ਜਾਣਕਾਰੀ ਇਨਸਾਈਕਲੋਪੀਡੀਆ ਬਿਰਟਾਨਿਕਾ ਵਿੱਚੋਂ ਇੰਟਰਵਿਊ ਤੋਂ ਕੁਝ ਦਿਨ ਪਹਿਲਾਂ ਹੀ ਪ੍ਰਾਪਤ ਕੀਤੀ ਸੀ। ਉਨ੍ਹਾਂ 1924 'ਚ ਲਾਇਬ੍ਰੇਰੀਅਨ ਵਜੋਂ ਜੀਵਨ ਦਾ ਅਗਲਾ ਪੰਧ ਸ਼ੁਰੂ ਕੀਤਾ। ਲੰਡਨ ਜਾ ਕੇ ਉਨ੍ਹਾਂ ਸਮਕਾਲੀ ਪੱਛਮੀ ਲਾਇਬ੍ਰੇਰੀ ਸਾਇੰਸ ਦੀ ਸਿੱਖਿਆ ਪ੍ਰਾਪਤ ਕੀਤੀ ਅਤੇ ਆਪਣੇ ਗਣਿਤਕ ਦਿਮਾਗ਼ ਨੂੰ ਲਾਇਬ੍ਰੇਰੀ ਦੇ ਵਰਗੀਕਰਨ ਨੂੰ ਸੁਲਝਾਉਣ ਲਈ ਵਰਤਿਆ।

ਭਾਰਤ ਪਰਤਦਿਆਂ ਹੀ ਉਨ੍ਹਾਂ ਆਪਣੀ ਲਾਇਬ੍ਰੇਰੀ ਦਾ ਜ਼ਿੰਮਾ ਸੰਭਾਲਿਆ ਤੇ ਲਗਾਤਾਰ 20 ਸਾਲ ਨੌਕਰੀ ਕੀਤੀ। ਇਸੇ ਦੌਰਾਨ ਮਦਰਾਸ ਲਾਇਬ੍ਰੇਰੀ ਸੰਗਠਨ ਵੀ ਬਣਾਇਆ। ਨੌਕਰੀ ਸਮੇਂ ਵਿਚ ਉਨ੍ਹਾਂ ਦੀਆਂ ਪ੍ਰਮੁੱਖ ਕਿਤਾਬਾਂ ਪਹਿਲੀ ਕਿਤਾਬ ਸੰਨ 1931 ਵਿਚ 'ਕਿਤਾਬ ਘਰ ਦੇ ਪੰਜ ਮੁੱਖ ਕਾਨੂੰਨ' ਜਿਸ ਦੇ ਮੁੱਖ ਅੰਸ਼ 'ਕਿਤਾਬਾਂ ਵਰਤਣ ਲਈ ਹਨ, 'ਹਰ ਪਾਠਕ ਨੂੰ ਉਸ ਦੀ ਕਿਤਾਬ ਮਿਲਣੀ ਚਾਹੀਦੀ ਹੈ, ਹਰ ਕਿਤਾਬ ਨੂੰ ਉਸ ਦਾ ਪਾਠਕ ਮਿਲਣਾ ਚਹੀਦਾ ਹੈ, ਪਾਠਕਾਂ ਦਾ ਸਮਾਂ ਬਚਾਓ, ਲਾਇਬ੍ਰੇਰੀ ਲਗਾਤਾਰ ਬਦਲਦੀ ਹੋਈ ਸੰਸਥਾ ਹੈ' ਅਤੇ ਸੰਨ 1933 ਵਿਚ ਦੂਸਰੀ ਕਿਤਾਬ ਕੋਲਨ ਵਰਗੀਕਰਨ ਪ੍ਰਣਾਲੀ ਰਾਹੀਂ ਕਿਤਾਬ ਘਰਾਂ ਨੂੰ ਵਿਸਥਾਰ ਤੇ ਗੁਣਾਤਮਕ ਤਰਤੀਬ ਲਈ ਲਿਖੀਆਂ। ਉਨ੍ਹਾਂ 1945 ਵਿਚ ਬਨਾਰਸ ਹਿੰਦੂ ਯੂਨੀਵਰਸਿਟੀ ਵਾਰਾਨਸੀ ਵਿਚ ਲਾਇਬ੍ਰੇਰੀ ਸਾਇੰਸ ਦੇ ਪ੍ਰੋਫੈਸਰ ਵਜੋਂ ਆਖ਼ਰੀ ਨੌਕਰੀ ਕੀਤੀ। 1943 ਤੋਂ 53 ਤਕ ਭਾਰਤੀ ਲਾਇਬ੍ਰੇਰੀ ਸੰਗਠਨ ਦੇ ਪ੍ਰਧਾਨ ਰਹੇ। 1962 'ਚ ਬੰਗਲੌਰ ਵਿਖੇ ਬਣੀ ਭਾਰਤੀ ਅੰਕੜਾ ਵਿਗਿਆਨ ਸੰਸਥਾ ਉਨ੍ਹਾਂ ਦੀਆਂ ਮਹਾਨ ਪ੍ਰਾਪਤੀਆਂ ਵਿੱਚੋਂ ਇਕ ਹੈ, ਜਿਸ ਲਈ ਭਾਰਤ ਸਰਕਾਰ ਨੇ ਉਨ੍ਹਾਂ ਨੂੰ ਸੰਨ 1965 ਵਿਚ ਰਾਸ਼ਟਰੀ ਖੋਜਕਾਰ ਅਧਿਆਪਕ ਦੇ ਪੁਰਸਕਾਰ ਨਾਲ ਸਨਮਾਨਿਆ।

ਜ਼ਿੰਦਗੀ ਦੇ ਆਖ਼ਰੀ ਸਾਲ ਸਾਹ ਨਾਲੀ 'ਚ ਸੋਜ ਤੇ ਮਿਆਦੀ ਇਨਫੈਕਸ਼ਨ ਕਾਰਨ ਲੰਮਾ ਸਮਾਂ ਬੈੱਡ 'ਤੇ ਪਏ। ਇਸ ਭਿਆਨਕ ਬਿਮਾਰੀ ਨਾਲ ਜੂਝਦਿਆਂ ਅੰਤ 27 ਸਤੰਬਰ 1972 ਨੂੰ 80 ਸਾਲ ਦੀ ਉਮਰੇ ਲਾਇਬ੍ਰੇਰੀ ਦਾ ਇਹ ਮਹਾਨ ਖੋਜਾਰਥੀ ਕਿਤਾਬਾਂ ਤੇ ਮਨੁੱਖੀ ਦੁਨੀਆ ਨੂੰ ਅਲਵਿਦਾ ਆਖ ਗਿਆ। •

---

# ਪੁਸਤਕ ਚਰਚਾ

ਹੱਥਲੀ ਪੁਸਤਕ ਅਜੋਕੇ ਮਾਨਵ-ਜੀਵਨ ਸਬੰਧਾਂ ਅਤੇ ਮਾਨਵ ਦੇ ਵਿਹਾਰ ਬਾਰੇ ਬੜੇ ਵਿਸਤਾਰ ਨਾਲ ਚਰਚਾ ਕਰਦਾ ਹੈ। ਨਾਵਲ ਪੜ੍ਹ ਕੇ ਪਤਾ ਲੱਗਦਾ ਹੈ ਕਿ ਪੁਰਸ਼ ਦੀ ਬਿਰਤੀ ਔਰਤ ਨੂੰ ਲੈ ਕੇ ਬੜੀ ਹੋਰ ਤਰ੍ਹਾਂ ਦੀ ਹੈ। ਜਦੋਂ ਤਕ ਉਸ ਦੇ ਕਿਸੇ ਔਰਤ ਨਾਲ ਸਰੀਰਕ ਸਬੰਧ ਨਹੀਂ ਬਣਦੇ, ਓਨਾ ਚਿਰ ਉਹ ਉਸ ਲਈ ਜਾਨ ਦੇਣ ਤਕ ਜਾਂਦਾ ਹੈ, ਅਸਮਾਨੋਂ ਤਾਰੇ ਤੋੜ ਲਿਆਉਣ ਦੇ ਵਾਅਦੇ ਕਰਦਾ ਹੈ, ਉਸ ਨਾਲ ਜਨਮ-ਜਨਮ ਤਕ ਸਾਥ ਨਿਭਾਉਣ ਦੀਆਂ ਕਸਮਾਂ ਖਾਂਦਾ ਨਹੀਂ ਥੱਕਦਾ ਪਰ ਜਦੋਂ ਹੀ ਉਸ ਦਾ ਮਤਲਬ ਨਿਕਲ ਜਾਂਦਾ ਹੈ, ਉਹ ਅੱਖਾਂ ਫੇਰਨ ਲੱਗਿਆਂ ਦੇਰ ਨਹੀਂ ਲਾਉਂਦਾ। ਉਹ ਤਾਂ ਆਪਣੇ ਮਾੜੇ ਜਿਹੇ ਫ਼ਾਇਦੇ ਲਈ ਮਗਰੋਂ ਉਸ ਔਰਤ ਨੂੰ ਬੁਰੀ ਤਰ੍ਹਾਂ ਬਦਨਾਮ ਕਰਨ 'ਤੇ ਉਤਾਰੂ ਵੀ ਹੋ ਜਾਂਦਾ ਹੈ, ਜਿਸ ਨੇ ਉਸ ਨੂੰ ਆਪਣਾ ਰੱਬ ਸਮਝ ਕੇ ਆਪਣਾ ਸਭ ਕੁਝ ਭੇਟ ਕਰ ਦਿੱਤਾ ਹੁੰਦਾ ਹੈ।

ਹੱਥਲਾ ਨਾਵਲ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀਆਂ ਦੇ ਇਥੋਂ ਦੇ ਪੰਜਾਬੀ ਜੀਵਨ ਪ੍ਰਤੀ ਨਕਾਰਾਤਮਕ ਨਜ਼ਰੀਏ, ਖ਼ੁਦ ਵਿਦੇਸ਼ਾਂ ਵਿਚ ਔਖੇ ਹੋ ਕੇ ਡੰਗ-ਟਪਾਈ ਕਰਨਾ, ਉਨ੍ਹਾਂ ਦਾ ਅਤਿ ਬਿਜ਼ੀ ਸ਼ਡਿਊਲ, ਏਧਰੋਂ ਵਿਆਹ ਕੇ ਲਿਆਂਦੀਆਂ ਹੋਈਆਂ ਕੂੰਜਾਂ ਰੂਪੀ ਧੀਆਂ ਨਾਲ ਬਦਸਲੂਕੀ ਕਰਨਾ ਆਦਿ ਬਾਰੇ ਵਿਸਤਾਰ ਨਾਲ ਚਰਚਾ ਕਰਦਾ ਹੈ। ਮਰਦ ਆਪ ਤਾਂ ਰਿਸ਼ਤਿਆਂ ਨੂੰ ਹਰ ਖੁੱਲ੍ਹ ਮਾਣਨਾ ਚਾਹੁੰਦਾ ਹੈ ਤੇ ਵਿਦੇਸ਼ਾਂ ਵਿਚ ਰਹਿੰਦਾ ਪੰਜਾਬੀ ਇਸ ਨੂੰ 'ਆਧੁਨਿਕਤਾ' ਦਾ ਚਿੰਨ੍ਹ ਮੰਨਦਾ ਹੈ ਪਰ ਅਜਿਹੀ ਖੁੱਲ੍ਹ ਔਰਤ ਵਾਸਤੇ ਕਦਾਚਿਤ ਨਹੀਂ। ਭਾਂਬੜ ਮਚ ਜਾਂਦੇ ਹਨ। ਨਾਵਲਕਾਰ ਦੀ ਸ਼ੈਲੀ ਮੌਲਿਕ ਅਤੇ ਵਿਸ਼ੇਸ਼ ਹੈ। ਘਟਨਾਵਾਂ ਦੀ ਗੋਂਦ ਬੜੀ ਪਿਆਰੀ ਹੈ। ਵਿਚ-ਵਿਚ ਆਏ ਸ਼ੇਅਰ ਕਥਾ ਨੂੰ ਬੜੇ ਸੁਚੱਜੇ ਢੰਗ ਨਾਲ ਅੱਗੇ ਤੋਰਦੇ ਹਨ ਭਾਵੇਂ ਉਹ ਬਹੁਤੇ ਪਾਇਦਾਰ ਤਾਂ ਨਹੀਂ ਆਖੇ ਜਾ ਸਕਦੇ।ਵਾਤਾਵਰਨ ਚਿਤ੍ਰਣ ਕਮਾਲ ਦਾ ਹੈ। ਪਾਤਰਾਂ ਦੇ ਮੂੰਹੋਂ ਅਖਵਾਏ ਗਏ ਸ਼ਬਦ ਉਨ੍ਹਾਂ ਦੀ ਸ਼ਖ਼ਸੀਅਤ ਅਨੁਸਾਰ ਬੜੇ ਢੁੱਕਵੇਂ ਹਨ। ਪੂਰੀ ਕਥਾ ਨੂੰ ਬੜੇ ਹੀ ਸੁਚੱਜੇ ਅਤੇ ਕਲਾਤਮਕ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਨਾਵਲ ਦਾ ਅੰਤ ਸੁਖਾਂਤਕ ਹੈ ਤੇ ਇਸ ਤਰ੍ਹਾਂ ਜਾਪਦਾ ਹੈ ਜਿਵੇਂ ਰੂਹ ਤਕ ਜ਼ਖ਼ਮੀ ਮੁੱਖ ਪਾਤਰਾ 'ਖ਼ੁਸ਼ਪ੍ਰੀਤ' ਦੀ ਰੂਹ ਨੂੰ ਡਾਹਢਾ ਸਕੂਨ ਮਿਲਿਆ ਹੋਵੇ। ਕੁਝ ਥਾਵਾਂ 'ਤੇ ਕਥਾ ਨੂੰ ਬੇਲੋੜਾ ਲਮਕਾਅ ਦਿੱਤਾ ਗਿਆ ਹੈ। ਪੰਜਾਬੀ ਨਾਵਲ ਖੇਤਰ ਵਿਚ ਇਸ ਚੰਗੇ ਨਾਵਲ ਨੂੰ ਜੀ ਆਇਆਂ।

• ਬਲਵੀਰ ਮੰਨਣ




| | | | |
|---|---|---|---|
| ਪੁਸਤਕ : | ਚਹੁੰ ਪੈਰਾਂ ਦਾ ਸਫ਼ਰ (ਨਾਵਲ) | ਪੰਨੇ : | 300 |
| ਲੇਖਕ : | ਪ੍ਰਕਾਸ਼ ਸੋਹਲ | ਮੁੱਲ : | 395/- |
| ਪ੍ਰਕਾਸ਼ਕ : | ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ। | | |

ਹਰਨੇਕ ਸਿੰਘ ਬੱਧਣੀ ਪਰਵਾਸੀ ਕਹਾਣੀਕਾਰਾਂ ਵਿਚ ਇਕ ਚਰਚਿਤ ਨਾਂ ਹੈ। ਹੱਥਲਾ ਕਹਾਣੀ ਸੰਗ੍ਰਹਿ ਵੀਰਾਂ ਉਸ ਦੀ ਚੌਥੀ ਪੁਸਤਕ ਹੈ। ਇਸ ਤੋਂ ਪਹਿਲਾਂ ਉਸ ਦੇ ਦੋ ਕਹਾਣੀ ਸੰਗ੍ਰਹਿ 'ਵੀਰਾਂ' ਉਸ ਦੀ ਚੌਥੀ ਪੁਸਤਕ ਹੈ। ਇਸ ਤੋਂ ਪਹਿਲਾਂ ਉਸ ਦੇ ਦੋ ਕਹਾਣੀ ਸੰਗ੍ਰਹਿ 'ਅਜੀਬ ਰਿਸ਼ਤਾ' ਅਤੇ 'ਨਹੀਓਂ ਲੱਭਣੇ ਲਾਲ ਗੁਆਚੇ' ਦੋ ਕਹਾਣੀ ਸੰਗ੍ਰਹਿ ਅਤੇ 'ਵਤਨ ਦੀ ਮਿੱਟੀ ਉਦਾਸ ਹੈ' ਗੀਤ/ਗਜ਼ਲ/ਕਵਿਤਾ ਸੰਗ੍ਰਹਿ ਨੇ ਪੰਜਾਬੀ ਪਾਠਕਾਂ ਦੇ ਦਰ 'ਤੇ ਦਸਤਕ ਦਿੱਤੀ ਹੈ। 'ਵੀਰਾਂ' ਉਸ ਦਾ ਤੀਸਰਾ ਕਹਾਣੀ ਸੰਗ੍ਰਹਿ ਹੈ। ਸਿਰਫ਼ ਛੇ ਸਾਲਾਂ ਵਿਚ ਚਾਰ ਪੁਸਤਕਾਂ ਦੀ ਪ੍ਰਕਾਸ਼ਨਾ ਲੇਖਕ ਦੀ ਲਿਖਣ ਸਮਰਥਾ ਵੱਲ ਧਿਆਨ ਖਿੱਚਦੀ ਹੈ। 'ਵੀਰਾਂ' ਕਹਾਣੀ ਸੰਗ੍ਰਹਿ ਵਿਚ ਸ਼ਾਮਲ 11 ਕਹਾਣੀਆਂ ਨੂੰ ਪੜ੍ਹਨ ਉਪਰੰਤ ਪਾਠਕ ਮਹਿਸੂਸ ਕਰਦਾ ਹੈ ਕਿ ਕਿੱਸਾਗੋਈ ਸ਼ੈਲੀ ਵਿਚ ਲਿਖੀਆਂ ਇਹ ਕਹਾਣੀਆਂ ਘਟਨਾ ਪ੍ਰਧਾਨ ਹਨ। ਇਨ੍ਹਾਂ 'ਚ ਰਵਾਨਗੀ ਅਤੇ ਰੌਚਕਤਾ ਇੰਨੀ ਹੈ ਕਿ ਕਹਾਣੀ ਦਾ ਪਹਿਲਾ ਵਾਕ ਪਾਠਕ ਨੂੰ ਆਪਣੇ ਨਾਲ ਜੋੜ ਲੈਂਦਾ ਹੈ ਅਤੇ ਆਖਰੀ ਵਾਕ ਤਕ ਉਂਗਲ ਛੱਡਣ ਦੀ ਢਿੱਲ ਨਹੀਂ ਦਿੰਦਾ।

ਵੀਰਾਂ, ਬਦਲੇ ਦੀ ਅੱਗ, ਮਜਬੂਰੀ, ਰੁਕਣਾ ਜ਼ਿੰਦਗੀ ਨਹੀਂ, ਅਟੱਲ ਨਿਯਮ, ਤਰਸ, ਦਿਲ ਦਰਿਆ ਸਮੁੰਦਰੋਂ ਡੂੰਘੇ, ਕਾਂ ਅਤੇ ਜਲੇਬੀ, ਰਿਸ਼ਤਿਆਂ ਦੀ ਮੌਤ, ਸ਼ੌਂਕ ਤੇ ਥੱਥਾ ਬੰਦਾ ਲੰਬੀਆਂ ਕਹਾਣੀਆਂ ਹਨ। ਕਹਾਣੀਆਂ ਵਿਚ ਮੌਕਾ ਮੇਲ, ਨਾਟਕੀ ਘਟਨਾ ਚੱਕਰ, ਕਹਾਣੀ ਨੂੰ ਇੱਛਤ ਦਿਸ਼ਾ ਵੱਲ ਲਿਜਾਣ ਦਾ ਵਲ਼ ਲੇਖਕ ਪਾਸ ਹੈ। ਇਹ ਕਹਾਣੀਆਂ ਭਾਰਤੀ ਅਤੇ ਪਰਵਾਸ ਦੇ ਸਮਾਜਕ, ਧਾਰਮਿਕ, ਰਾਜਨੀਤਕ ਤੇ ਆਰਥਿਕ ਤੇ ਸੱਭਿਆਚਾਰਕ ਮਸਲਿਆਂ ਦੀਆਂ ਪਰਤਾਂ ਫਰੋਲਦੀਆਂ ਹਨ। ਵੀਰਾਂ ਦੀ ਵੀਰਾਂ ਹੋਵੇ ਜਾਂ ਬਦਲੇ ਦੀ ਅੱਗ ਦੀ ਸਵੀਟੀ ਹੋਵੇ ਜਾਂ ਵੀਰਾਂ, ਮਜਬੂਰੀ ਦੀ ਜਸਜੀਤ ਹੋਵੇ, ਅਜਿਹੇ ਕਈ ਨਾਰੀ ਪਾਤਰਾਂ ਨਾਲ ਹੋ ਰਹੇ ਅਨਿਆਂ, ਸ਼ੋਸ਼ਣ ਅਤੇ ਵੇਦਨਾ ਦੀ ਸੰਵੇਦਨਾ ਮਿਲਦੀ ਹੈ। ਕਈ ਕਹਾਣੀਆਂ ਦੇ ਪਾਤਰਾਂ ਦੇ ਨਾਂ ਹੀ ਨਹੀਂ ਕਥਾਨਕ ਦੀ ਜ਼ਮੀਨ ਵੀ ਮਿਲਦੀ ਜੁਲਦੀ ਲੱਗਦੀ ਹੈ ਅਤੇ ਇਹ ਕਥਾਵਾਂ ਇਕ ਦੂਸਰੇ ਦੀਆਂ ਪੂਰਕ ਵੀ ਮਹਿਸੂਸ ਹੁੰਦੀਆਂ ਹਨ। ਹਰਨੇਕ ਸਿੰਘ ਦਾ ਹਥਲਾ ਕਹਾਣੀ ਸੰਗ੍ਰਹਿ ਆਪਣੀ ਰੌਚਕਤਾ ਕਾਰਨ ਪੜ੍ਹਨਯੋਗ ਹੈ।




| | | | |
|---|---|---|---|
| ਪੁਸਤਕ : | ਵੀਰਾਂ | ਪੰਨੇ : | 112 |
| ਲੇਖਕ : | ਹਰਨੇਕ ਸਿੰਘ ਬੱਧਣੀ | ਮੁੱਲ : | 150/- |
| ਪ੍ਰਕਾਸ਼ਕ : | ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ। | | |

ਨਵੀਂ ਪੀੜ੍ਹੀ ਅੰਦਰ ਦੇਸ਼ ਪ੍ਰੇਮ, ਸਮਾਜ ਸੇਵਾ, ਕੁਰਬਾਨੀ ਦੀ ਭਾਵਨਾ, ਆਦਰਸ਼ ਲੀਡਰਸ਼ਿਪ ਆਦਿ ਕਦਰਾਂ-ਕੀਮਤਾਂ ਲਈ ਅਮਰ ਸਨਾਤਨੀ ਰਿਸ਼ੀ ਪ੍ਰੰਪਰਾ ਨੂੰ ਗਤੀਸ਼ੀਲ ਰੱਖਣ ਦੇ ਉਦੇਸ਼ ਨਾਲ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਨੇ 'ਰਿਸ਼ੀ ਚਰਿੱਤਰ' ਨਾਂ ਦੀ ਪੁਸਤਕ ਲੜੀ ਦਾ ਕਾਰਜ ਆਰੰਭਿਆ ਹੈ। ਇਸੇ ਲੜੀ 'ਚ ਕ੍ਰਾਂਤੀਕਾਰੀ ਯੋਧਾ ਰਾਮਪ੍ਰਸਾਦ ਬਿਸਮਿਲ ਨਾਂ ਦੀ ਪੁਸਤਕ ਪੰਜਾਬੀ ਦੇ ਪ੍ਰਸਿੱਧ ਕਥਾ ਲੇਖਕ ਪ੍ਰੇਮ ਗੋਰਖੀ ਵੱਲੋਂ ਲਿਖੀ ਗਈ ਹੈ। ਇਹ ਨਵ-ਪ੍ਰਕਾਸ਼ਿਤ ਪੁਸਤਕ 24 ਚੈਪਟਰਾਂ 'ਚ ਵੰਡੀ ਗਈ ਹੈ। ਜਦੋਂ ਮੈਂ ਆਰੀਆ ਸਮਾਜੀ ਬਣਿਆ, ਕ੍ਰਾਂਤੀਕਾਰੀ ਜੀਵਨ ਦੀ ਨੀਂਹ, ਅੰਦਰਲਾ ਰਾਜ, ਹਥਿਆਰਾਂ ਵੱਲ ਕਦਮ, ਮੀਂਹ ਵਾਲੀ ਰਾਤ, ਚੰਦਰ ਸ਼ੇਖ਼ਰ ਦੀ ਸਮੱਸਿਆ, ਕ੍ਰਾਂਤੀਕਾਰੀਆਂ 'ਚ ਦਾਖਲਾ, ਜਦੋਂ ਦਿਨ ਬਦਲਦੇ ਹਨ, ਔਖੇ ਵੇਲੇ ਬਿਸਮਿਲ ਦੇ, ਨੋਟ ਬਣਾਉਣ ਦੀ ਕਲਾ, ਕਾਕੋਰੀ ਵਿਖੇ ਡਾਕਾ, ਦਿਲ ਕੰਬਾਊ ਖ਼ਬਰਾਂ, ਗ੍ਰਿਫ਼ਤਾਰੀਆਂ ਦੀ ਹਨੇਰੀ, ਬਿਸਮਿਲ ਘਿਰ ਗਿਆ, ਜੇਲ੍ਹ ਦਾ ਜਿਊਣਾ, ਮੁਕੱਦਮੇ ਦਾ ਅੰਤਿਮ ਦੌਰ, ਅਸ਼ਫਾਕ ਦੀ ਮਿਲਣ ਕਥਾ, ਪ੍ਰਜਾਤੰਤਰ, ਕ੍ਰਾਂਤੀਕਾਰੀਆਂ ਲਈ ਕੰਮ, ਰਾਮਪ੍ਰਸਾਦ ਬਿਸਮਿਲ ਦੇ ਖ਼ਤ, ਇਕ ਦ੍ਰਿੜ ਇਨਸਾਨ ਸੀ ਬਿਸਮਿਲ, ਬਿਸਮਿਲ ਦੀ ਮਾਂ, ਬਿਸਮਿਲ ਨੇ ਦੱਸੀਆਂ ਅੰਤਿਮ ਪਲਾਂ ਦੀਆਂ ਗੱਲਾਂ, ਰਾਮਪ੍ਰਸਾਦ ਬਿਸਮਿਲ ਦੀ ਸ਼ਾਇਰੀ ਆਦਿ ਚੈਪਟਰਾਂ ਵਿਚ ਰਾਮਪ੍ਰਸਾਦ ਬਿਸਮਿਲ ਦੇ ਜਨਮ, ਪਰਿਵਾਰਕ ਪਿਛੋਕੜ, ਬਚਪਨ ਤੇ ਜਵਾਨੀ ਵਿਚ ਕ੍ਰਾਂਤੀਕਾਰੀ ਯੋਧੇ ਦੇ ਜਨਮ ਅਤੇ ਸ਼ਹੀਦ ਹੋਣ ਤਕ ਦੀ ਜਾਣਕਾਰੀ ਦਿੱਤੀ ਗਈ ਹੈ।

ਪੁਸਤਕ ਦੀ ਭਾਸ਼ਾ ਇਕਦਮ ਸਰਲ ਹੈ। ਇਕ ਹੰਢੇ ਹੋਏ ਕਥਾ ਲੇਖਕ ਵੱਲੋਂ ਸਿਰਜਿਆ ਬਿਰਤਾਂਤ ਅਤੇ ਘਟਨਾ ਜੋੜ ਕੇ ਕਥਾਨਕ ਵਿਚ ਰਵਾਨਗੀ ਪੈਦਾ ਕੀਤੀ ਗਈ ਹੈ ਕਿ ਪਾਠਕ ਪੁਸਤਕ ਪੜ੍ਹਨੀ ਸ਼ੁਰੂ ਕਰ ਕੇ ਅੰਤ ਤਕ ਪੁੱਜ ਕੇ ਹੀ ਸਾਹ ਲੈਂਦਾ ਹੈ। ਇਸ ਪੁਸਤਕ 'ਚ ਤਿੰਨ ਇਨਕਲਾਬੀਆਂ ਸ੍ਰ. ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਸਿੰਘ ਬਾਰੇ ਤਾਂ ਸਾਹਿਤ ਵੱਡੀ ਮਾਤਰਾ 'ਚ ਉਪਲੱਬਧ ਹੈ। ਲੇਕਿਨ ਉਪਰੋਕਤ ਕ੍ਰਾਂਤੀਕਾਰੀਆਂ ਦੇ ਜੀਵਨ ਬਾਰੇ ਬਹੁਤ ਘੱਟ ਸਾਹਿਤ ਪੜ੍ਹਨ ਨੂੰ ਮਿਲਦਾ ਹੈ।




| | | | |
|---|---|---|---|
| ਪੁਸਤਕ : | ਕ੍ਰਾਂਤੀਕਾਰੀ ਯੋਧਾ ਰਾਮਪ੍ਰਸਾਦ ਬਿਸਮਿਲ (ਜੀਵਨੀ) | ਪੰਨੇ : | 112 |
| ਲੇਖਕ : | ਪ੍ਰੇਮ ਗੋਰਖੀ | ਮੁੱਲ : | 150/- |
| ਪ੍ਰਕਾਸ਼ਕ : | ਹਰਿਆਣਾ ਪੰਜਾਬੀ ਸਾਹਿਤ ਅਕਾਦਮੀ, ਪੰਚਕੂਲਾ। | | |

ਜੋਗਿੰਦਰ ਸਿੰਘ ਪ੍ਰਿੰਸੀਪਲ ਪੰਜਾਬੀ ਵਾਰਤਕ ਦਾ ਸਿਰਕੱਢ ਹਸਤਾਖ਼ਰ ਹੈ। ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਵੱਲੋਂ 'ਹਰਿਆਣੇ ਦਾ ਹਾਸਿਲ' ਨਾਂ ਦੀ ਪੁਸਤਕ ਲੜੀ ਹੇਠ ਹਰਿਆਣਾ ਵੱਸਦੇ ਇਸ ਉੱਚ ਕੋਟੀ ਦੇ ਪ੍ਰਪੱਕ ਵਾਰਤਾਕਾਰ ਦੀ ਪੁਸਤਕ 'ਹੋਸ਼ਾਂ ਨਾਲੋਂ ਮਸਤੀ ਚੰਗੀ' ਪ੍ਰਕਾਸ਼ਿਤ ਕਰਨ ਦਾ ਮਾਣ ਖੱਟਿਆ ਹੈ। ਇਸ ਤੋਂ ਪਹਿਲਾਂ ਲੇਖਕ ਦੀਆਂ 'ਅੱਧੀ ਵਾਟ ਦਾ ਸਾਥ', 'ਜੇ ਤੂੰ ਅਕਲ ਲਤੀਫ਼', 'ਧੀਆਂ ਬਚਾਓ' ਤੇ 'ਧੀਆਂ ਸਾਡੀ ਸ਼ਾਨ' ਆਦਿ ਪੁਸਤਕਾਂ ਨੂੰ ਪਾਠਕਾਂ ਵੱਲੋਂ ਬਹੁਤ ਪਸੰਦ ਕੀਤਾ ਗਿਆ ਹੈ। ਹੱਥਲੀ ਪੁਸਤਕ ਵਿਚ ਲੇਖਕ ਦੇ ਵੱਖੋ-ਵੱਖਰੇ ਸਮੇਂ ਅਤੇ ਪੱਤਰ-ਪੱਤ੍ਰਕਾਵਾਂ ਵਿਚ ਛਪੇ ਲੇਖ ਸ਼ਾਮਿਲ ਕੀਤੇ ਗਏ ਹਨ। 'ਗੁਰੂਦੇਵ ਮਾਤਾ ਗੁਰੂਦੇਵ ਪਿਤਾ' ਤੋਂ ਸ਼ੁਰੂ ਕਰਕੇ 'ਸੁਹਾਵਣੀ ਬਣਾਓ ਜ਼ਿੰਦਗੀ ਦੀ ਸ਼ਾਮ' ਤਕ ਸਾਰੇ ਹੀ ਲੇਖ ਉੱਚਤਮ ਜੀਵਨ ਆਦਰਸ਼ ਅਪਨਾਉਣ ਲਈ ਪ੍ਰੇਰਿਤ ਕਰਨ ਵਾਲੇ ਅਤੇ ਮਨੁੱਖੀ ਕਦਰਾਂ-ਕੀਮਤਾਂ ਨਾਲ ਉਤਪੋਤ ਹਨ।

ਨੌਵੇਂ ਦਹਾਕੇ 'ਚ ਪ੍ਰਵੇਸ਼ ਕਰ ਚੁੱਕੇ ਇਸ ਪ੍ਰੌਢ ਵਿਦਵਾਨ ਕੋਲ ਲੰਮਾ ਤੇ ਡੂੰਘਾ ਜੀਵਨ ਅਨੁਭਵ ਹੈ। ਜਿਥੇ ਉਸ ਨੇ ਦੁਨੀਆ ਦੇ ਮਹਾਨ ਗ੍ਰੰਥਾਂ ਨੂੰ ਪੜ੍ਹਿਆ ਹੈ, ਜ਼ਿੰਦਗੀ ਦੀ ਪਾਠਸ਼ਾਲਾ ਵਿਚ ਓਨਾ ਹੀ ਗੁੜ੍ਹਿਆ ਹੈ। ਆਪਣਾ ਸਾਰਾ ਅਰਜਿਤ ਲੇਖਕ ਨਵੀਂ ਨਸਲ ਨੂੰ ਸੌਂਪ ਜਾਣਾ ਚਾਹੁੰਦਾ ਹੈ। ਬਕੌਲ ਸ਼ਾਇਰ ਛੋੜ ਜਾਤਾ ਤੂੰ ਇਕ ਵਿਰਸਾ-ਏ-ਅਦਬ, ਅਗਲੀ ਨਸਲੋਂ ਕੇ ਕਾਮ ਆਏਗਾ।' ਦਰਅਸਲ ਇਕ ਲੇਖਕ ਹੀ ਹੈ, ਜੋ ਵਿਦਾ ਹੋਣ ਮਗਰੋਂ ਵੀ ਸਾਲਾਂ-ਸ਼ਤਾਬਦੀਆਂ ਤਕ ਆਪਣੀਆਂ ਕਿਰਨਾਂ ਰਾਹੀਂ ਲੋਕ ਸੇਵਾ ਕਰਦਾ ਰਹਿੰਦਾ ਹੈ, ਚਾਨਣ ਮੁਨਾਰਾ ਬਣਿਆ ਰਹਿੰਦਾ ਹੈ। ਜੋਗਿੰਦਰ ਸਿੰਘ ਪ੍ਰਿੰਸੀਪਲ ਉਨ੍ਹਾਂ ਲਾਸਾਨੀ ਸ਼ਖ਼ਸੀਅਤਾਂ ਵਿੱਚੋਂ ਇਕ ਹੈ। ਉਨ੍ਹਾਂ ਦੀਆਂ ਲਿਖਤਾਂ ਨੂੰ ਸਧਾਰਨ ਪਾਠਕਾਂ ਤੋਂ ਲੈ ਕੇ ਅਕਾਦਮਿਕ ਮਾਨਤਾ ਮਿਲੀ ਹੈ।

ਲੇਖਕ ਦੀ ਭਾਸ਼ਾ ਗੁੰਦਵੀਂ ਹੈ। ਕਾਵਿਕ ਤੇ ਮੁਹਾਵਰੇਦਾਰ ਸ਼ੈਲੀ ਹੈ। ਛੋਟੇ-ਛੋਟੇ ਵਾਕ ਪਰ ਡੂੰਘੇ ਅਰਥ ਸਮੇਟੇ ਹੋਏ ਹਨ। ਕਿਸੇ ਸਭਾ-ਸੈਮੀਨਾਰ ਵਿਚ ਕੋਟ ਕੀਤੇ ਜਾਣ ਦੀ ਸਲਾਹੀਅਤ ਰੱਖਦੇ ਹਨ ਤੇ ਪਾਠਕਾਂ ਦੇ ਮਨਾਂ ਅੰਦਰ ਉਤਰ ਕੇ ਅਜਿਹੀ ਗੂੰਜ ਪੈਦਾ ਕਰਦੇ ਹਨ, ਜਿਸ ਨਾਲ ਪਾਠਕ ਨਾ ਸਿਰਫ਼ ਕੀਲਿਆ ਜਾਂਦਾ ਹੈ, ਸਗੋਂ ਉਸ ਮਸਤੀ ਦੇ ਆਲਮ 'ਚ ਆ ਜਾਂਦਾ ਹੈ, ਜਿਹੜੀ ਹੋਸ਼ਾਂ ਨਾਲੋਂ ਚੰਗੀ ਤੇ ਅਰਥ ਭਰਪੂਰ ਹੁੰਦੀ ਹੈ। ਅਜਿਹੀਆਂ ਕਿਤਾਬਾਂ ਨਵੀਂ ਪੀੜ੍ਹੀ ਦੇ ਰੂਬਰੂ ਕਰਨ ਦਾ 'ਹਰਿਆਣਾ ਸਾਹਿਤ ਅਕਾਦਮੀ' ਦਾ ਇਹ ਸ਼ਲਾਘਾਯੋਗ ਉਪਰਾਲਾ ਹੈ।

• ਧਰਮਪਾਲ ਸਾਹਿਲ




| | | | |
|---|---|---|---|
| ਪੁਸਤਕ : | ਹੋਸ਼ਾਂ ਨਾਲੋਂ ਮਸਤੀ ਚੰਗੀ (ਲੇਖ ਸੰਗ੍ਰਹਿ) | ਪੰਨੇ : | 271 |
| ਲੇਖਕ : | ਪ੍ਰਿੰ. ਜੋਗਿੰਦਰ ਸਿੰਘ | ਮੁੱਲ : | 350/- |
| ਪ੍ਰਕਾਸ਼ਕ : | ਹਰਿਆਣਾ ਪੰਜਾਬੀ ਸਾਹਿਤ ਅਕਾਦਮੀ, ਪੰਚਕੂਲਾ। | | |

## ਸੰਪਾਦਕੀ

# ਮਾਰੂਥਲ ਬਣਦਾ ਜਾ ਰਿਹਾ ਪੰਜਾਬ

ਇਸ ਸਮੇਂ ਪੰਜਾਬ ਮਾਰੂਥਲ ਬਣਨ ਵੱਲ ਵੱਧਦਾ ਜਾ ਰਿਹਾ ਹੈ ਕਿਉਂਕਿ ਇਸ ਸਮੇਂ ਪੂਰੇ ਦੇਸ਼ ਵਿੱਚੋਂ ਸਭ ਤੋਂ ਵੱਧ ਧਰਤੀ ਹੇਠਲੇ ਪਾਣੀ ਦੀ ਨਿਕਾਸੀ ਪੰਜਾਬ ਵਿੱਚ ਹੋ ਰਹੀ ਹੈ। ਕੇਂਦਰ ਸਰਕਾਰ ਨੇ ਸੂਬੇ ਦੇ 153 ਵਿੱਚੋਂ 111 ਬਲਾਕਾਂ ਨੂੰ ਖ਼ਤਰੇ ਦੇ ਨਿਸ਼ਾਨ ਤੋਂ ਪਾਰ ਐਲਾਨਿਆ ਹੈ, ਜਿਸ ਨੇ ਇਸ ਡੂੰਘੇ ਸੰਕਟ ’ਤੇ ਇੱਕ ਵਾਰ ਫਿਰ ਮੋਹਰ ਲਾ ਦਿੱਤੀ ਹੈ। ਇਸ ਮਾਮਲੇ ਵਿੱਚ ਸੰਗਰੂਰ ਜ਼ਿਲ੍ਹਾ ਸਭ ਤੋਂ ਅੱਗੇ ਹੈ। ਦਹਾਕਿਆਂ ਤੋਂ ਵੱਡੇ ਪੱਧਰ ਉੱਤੇ ਚੱਲ ਰਹੀ ਝੋਨੇ ਦੀ ਖੇਤੀ ਨੇ ਪਾਣੀ ਦੇ ਉਜਾੜੇ ਨੂੰ ਹੋਰ ਤੇਜ਼ ਕਰ ਦਿੱਤਾ ਹੈ ਜਿਸ ਕਰਕੇ ਇੱਥੇ ਪਾਣੀ ਦੀ ਖਪਤ ਸਭ ਤੋਂ ਵੱਧ ਹੈ। ਮਾਲੇਰਕੋਟਲਾ ਤੇ ਜਲੰਧਰ ਵੀ ਇਸ ਦੌੜ ਵਿੱਚ ਬਹੁਤਾ ਪਿੱਛੇ ਨਹੀਂ ਹਨ। ਰਿਪੋਰਟ ਮੁਤਾਬਿਕ ਧਰਤੀ ਹੇਠਲੇ ਪਾਣੀ ਦੀ ਸਭ ਤੋਂ ਵੱਧ ਨਿਕਾਸੀ ਵਾਲੇ ਬਲਾਕਾਂ ਵਿੱਚ ਲੁਧਿਆਣਾ ਪਹਿਲੇ ਨੰਬਰ ’ਤੇ ਹੈ ਜਿਸ ਤੋਂ ਬਾਅਦ ਜਲੰਧਰ, ਅੰਮ੍ਰਿਤਸਰ, ਪਟਿਆਲਾ, ਸੰਗਰੂਰ ਅਤੇ ਤਰਨ ਤਾਰਨ ਦਾ ਨਾਂ ਆਉਂਦਾ ਹੈ। ਦਹਾਕਿਆਂ ਦੀਆਂ ਤਾਕੀਦਾਂ ਅਤੇ ਚੇਤਾਵਨੀਆਂ ਦੇ ਬਾਵਜੂਦ ਪੰਜਾਬ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਪਾਣੀ ਦੇ ਪੱਧਰ ਦਾ ਇੰਨੀ ਤੇਜ਼ੀ ਨਾਲ ਹੇਠਾਂ ਡਿੱਗਣਾ ਸਾਡੀ ਖੇਤੀਬਾੜੀ ਨੀਤੀ ਦੀਆਂ ਵੱਡੀਆਂ ਖ਼ਾਮੀਆਂ ਨੂੰ ਜੱਗ-ਜ਼ਾਹਿਰ ਕਰਦਾ ਹੈ।

ਮੌਜੂਦਾ ਹਾਲਾਤ ਨੂੰ ਇੰਝ ਹੀ ਚੱਲਣ ਦੇਣਾ ਨਾ ਸਿਰਫ਼ ਸੂਬੇ ਦੇ ਵਾਤਾਵਰਨ ਦੇ ਸੰਤੁਲਨ ਲਈ ਖ਼ਤਰਾ ਹੈ ਸਗੋਂ ਦੇਸ਼ ਦੀ ਲੰਮੇ ਸਮੇਂ ਦੀ ਖ਼ੁਰਾਕੀ ਸੁਰੱਖਿਆ ਨੂੰ ਵੀ ਦਾਅ ’ਤੇ ਲਾਉਂਦਾ ਹੈ। ਬਦਲਾਅ ਦਾ ਖ਼ਾਕਾ ਅਤੇ ਇਸ ਦੀਆਂ ਮੁੱਖ ਦਿਸ਼ਾਵਾਂ ਅਕਸਰ ਹੀ ਤਿਆਰ ਕੀਤੀਆਂ ਜਾਂਦੀਆਂ ਰਹੀਆਂ ਹਨ। ਪਰ ਖ਼ਾਮੀ ਇਹ ਹੈ ਕਿ ਇਹ ਯੋਜਨਾਵਾਂ ਲਾਗੂ ਹੋਣ ਦੇ ਪਰਖ-ਕਾਲ ’ਚ ਹੀ ਦਮ ਤੋੜ ਜਾਂਦੀਆਂ ਹਨ। ਫ਼ਸਲੀ ਚੱਕਰ ਬਦਲਣ, ਆਧੁਨਿਕ ਸੂਖਮ-ਸਿੰਚਾਈ (ਟਿੱਪਕ-ਸਿੰਚਾਈ) ਅਤੇ ਧਰਤੀ ਹੇਠਲੇ ਪਾਣੀ ਦੀ ਸਖ਼ਤ ਨਿਗਰਾਨੀ ਵਰਗੇ ਸੁਧਾਰ ਅਜੇ ਵੀ ਵੱਡੀਆਂ ਚੁਣੌਤੀਆਂ ਬਣੇ ਹੋਏ ਹਨ। ਪਾਣੀ ਦੇ ਅਹਿਮ ਭੰਡਾਰਾਂ ਦਾ ਸੁੱਕਣ ਕੰਢੇ ਪਹੁੰਚਣਾ ਇਸ ਗੱਲ ਦੀ ਮੰਗ ਕਰਦਾ ਹੈ ਕਿ ਬਦਲਵੀਆਂ ਫ਼ਸਲਾਂ ਨੂੰ ਉਤਸ਼ਾਹਿਤ ਕਰਨ ਵਾਲੀਆਂ ਨੀਤੀਆਂ ’ਤੇ ਬਿਨਾਂ ਕਿਸੇ ਦੇਰੀ ਦੇ ਮੁੜ-ਵਿਚਾਰ ਕੀਤਾ ਜਾਵੇ।

ਧਰਤੀ ਵਿੱਚੋਂ ਪਾਣੀ ਕੱਢਣਾ ਤਾਂ ਸੁਖਾਲਾ ਹੈ ਪਰ ਹੇਠਾਂ ਸੁੱਕ ਚੁੱਕੇ ਪਾਣੀ ਦੇ ਭੰਡਾਰਾਂ ਨੂੰ ਮੁੜ ਭਰਨਾ ਸੂਝਵਾਨ ਇੰਜੀਨੀਅਰਿੰਗ ਅਤੇ ਲੋਕਾਂ ਦੇ ਸਾਂਝੇ ਉੱਦਮ ਦੀ ਮੰਗ ਕਰਦਾ ਹੈ। ਇਹ ਸਭ ਆਪਸੀ ਵਚਨਬੱਧਤਾ ਤੋਂ ਬਿਨਾਂ ਸੰਭਵ ਨਹੀਂ ਹੈ ਪਰ ਅਫ਼ਸੋਸ ਕਿ ਇਸ ਪਾਸੇ ਕੋਈ ਗੰਭੀਰਤਾ ਨਜ਼ਰ ਨਹੀਂ ਆ ਰਹੀ। ਸਾਰਾ ਦੋਸ਼ ਕਿਸਾਨ ਦੇ ਸਿਰ ਮੜ੍ਹਨਾ ਬਹੁਤ ਸੌਖਾ ਹੈ ਜਦਕਿ ਸੱਚ ਇਹ ਹੈ ਕਿ ਉਹ ਖ਼ੁਦ ਬਦਲਾਅ ਲਿਆਉਣ ਲਈ ਸਭ ਤੋਂ ਵੱਧ ਕਾਹਲਾ ਹੈ ਪਰ ਉਸ ਕੋਲ ਲੋੜੀਂਦੇ ਸਾਧਨਾਂ ਦੀ ਘਾਟ ਹੈ। ਪਾਣੀ ਨੂੰ ਬਚਾਉਣਾ ਬਹੁਤ ਹੀ ਸੰਜਮ ਅਤੇ ਜ਼ਿੰਮੇਵਾਰੀ ਦੀ ਮੰਗ ਕਰਦਾ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਵਿੱਤੀ ਉਤਸ਼ਾਹ-ਸਬਸਿਡੀਆਂ ਅਤੇ ਹੋਰ ਰਿਆਇਤਾਂ ਦੀ ਨੀਤੀ ’ਤੇ ਮੁੜ-ਵਿਚਾਰ ਕਰਨ ਅਤੇ ਇਸ ਨਵੇਂ ਖੇਤੀ ਢਾਂਚੇ ਦੇ ਕੇਂਦਰ ਵਿੱਚ ਕਿਸਾਨ ਨੂੰ ਰੱਖਣ। ਇਸ ਦੇ ਨਾਲ ਹੀ ਇਹ ਵੀ ਬਹੁਤ ਜ਼ਰੂਰੀ ਹੈ ਕਿ ਸ਼ਹਿਰਾਂ ਦੇ ਸੀਵਰੇਜ ਅਤੇ ਕਾਰਖਾਨਿਆਂ ਦੇ ਜ਼ਹਿਰੀਲੇ ਪਾਣੀ ਨੂੰ ਸੋਧ ਕੇ ਉਸ ਦੀ ਸੁਚੱਜੀ ਵਰਤੋਂ ਕਿਵੇਂ ਕੀਤੀ ਜਾਵੇ। ਪਾਣੀ ਦੇ ਪ੍ਰਬੰਧਨ ਲਈ ਉੱਚ-ਮਿਆਰੀ ਨੀਤੀ ਤੋਂ ਘੱਟ ਕੁੱਝ ਵੀ ਮਨਜ਼ੂਰ ਨਹੀਂ ਹੋਣਾ ਚਾਹੀਦਾ।

# ਸਰਕਾਰੀ ਕੰਨਿਆ ਸਕੂਲ ਦੀਆਂ ਵਿਦਿਆਰਥਣਾਂ ਨੂੰ ਸਕੂਲ ਬੈਗ ਦੀ ਕੀਤੀ ਵੰਡ : ਸਮਸ਼ੇਰ ਸਿੰਘ



**ਸ੍ਰੀ ਆਨੰਦਪੁਰ ਸਾਹਿਬ, 28 ਜੁਲਾਈ -ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਗੁਣਵੱਤਾ ਭਰਪੂਰ ਸਿੱਖਿਆ ਅਤੇ ਲੋੜੀਂਦੀਆਂ ਸਹੂਲਤਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ ਚਲਾਈ ਜਾ ਰਹੀ ਮੁਹਿੰਮ ਤਹਿਤ ਅੱਜ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਸ੍ਰੀ ਅਨੰਦਪੁਰ ਸਾਹਿਬ ਵਿਖੇ ਸਰਕਾਰੀ ਸਕੂਲ ਦੀਆਂ ਵਿਦਿਆਰਥਣਾਂ ਨੂੰ ਸਕੂਲ ਬੈਗ ਵੰਡੇ ਗਏ। ਇਸ ਮੌਕੇ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਮਾਤਾ ਬਲਵਿੰਦਰ ਕੌਰ ਬੈਂਸ ਵਿਸ਼ੇਸ਼ ਤੌਰ ’ਤੇ ਸਮਾਗਮ ਵਿੱਚ ਸ਼ਾਮਲ ਹੋਏ।

ਸਮਾਗਮ ਦੌਰਾਨ ਜ਼ਿਲ੍ਹਾ ਸਿੱਖਿਆ ਅਫ਼ਸਰ (ਪ੍ਰਾਇਮਰੀ) ਰੂਪਨਗਰ ਸ਼ਮਸ਼ੇਰ ਸਿੰਘ ਅਤੇ ਬਲਵਿੰਦਰ ਕੌਰ ਬੈਂਸ ਵੱਲੋਂ ਸਰਕਾਰੀ ਕੰਨਿਆ ਸੀਨੀ.ਸੈਕੰਡਰੀ ਸਕੂਲ ਵਿਖੇ ਵਿਦਿਆਰਥਣਾਂ ਨੂੰ ਸਕੂਲ ਬੈਗ ਵੰਡੇ ਗਏ ਅਤੇ ਵਿਦਿਆਰਥਣਾਂ ਨੂੰ ਮਨ ਲਾ ਕੇ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ ਗਿਆ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਹਰ ਬੱਚੇ ਨੂੰ ਬਿਹਤਰ ਸਿੱਖਿਆ ਦੇ ਨਾਲ-ਨਾਲ ਆਧੁਨਿਕ ਸਹੂਲਤਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਯਤਨਸ਼ੀਲ ਹੈ, ਤਾਂ ਜੋ ਆਰਥਿਕ ਤੌਰ ’ਤੇ ਕਮਜ਼ੋਰ ਪਰਿਵਾਰਾਂ ਦੇ ਬੱਚਿਆਂ ਨੂੰ ਵੀ ਉੱਚ ਪੱਧਰੀ ਸਿੱਖਿਆ ਪ੍ਰਾਪਤ ਹੋ ਸਕੇ।

ਇਸ ਮੌਕੇ ਬਲਵਿੰਦਰ ਕੌਰ ਬੈਂਸ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਸਰਕਾਰੀ ਸਕੂਲਾਂ ਨੂੰ ਹਰ ਪੱਖੋਂ ਮਜ਼ਬੂਤ ਬਣਾਉਣਾ ਅਤੇ ਵਿਦਿਆਰਥੀਆਂ ਲਈ ਅਜਿਹਾ ਮਾਹੌਲ ਤਿਆਰ ਕਰਨਾ ਹੈ, ਜਿਸ ਨਾਲ ਉਹ ਆਤਮ-ਵਿਸ਼ਵਾਸ ਨਾਲ ਆਪਣੀ ਪੜ੍ਹਾਈ ਕਰ ਸਕਣ। ਉਨ੍ਹਾਂ ਕਿਹਾ ਕਿ ਸਿੱਖਿਆ ਦੇ ਖੇਤਰ ਵਿੱਚ ਕੀਤੇ ਜਾ ਰਹੇ ਸੁਧਾਰਾਂ ਦਾ ਲਾਭ ਸਿੱਧਾ ਵਿਦਿਆਰਥੀਆਂ ਨੂੰ ਮਿਲ ਰਿਹਾ ਹੈ ਅਤੇ ਸਰਕਾਰੀ ਸਕੂਲਾਂ ਪ੍ਰਤੀ ਲੋਕਾਂ ਦਾ ਭਰੋਸਾ ਲਗਾਤਾਰ ਵੱਧ ਰਿਹਾ ਹੈ। ਇਸ ਮੌਕੇ ਮੰਚ ਸੰਚਾਲਨ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਮਨਜੀਤ ਸਿੰਘ ਮਾਵੀ ਵੱਲੋਂ ਕੀਤਾ ਗਿਆ।

ਇਸ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਇੰਦਰਜੀਤ ਸਿੰਘ, ਸਿੱਖਿਆ ਕੋਆਰਡੀਨੇਟਰ ਦਇਆ ਸਿੰਘ, ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਮਨਜੀਤ ਸਿੰਘ ਮਾਵੀ, ਪ੍ਰਿੰਸੀਪਲ ਨੀਰਜ ਵਰਮਾ, ਪ੍ਰਿੰਸੀਪਲ ਚਰਨਜੀਤ ਸਿੰਘ, ਜਸਵਿੰਦਰ ਕੌਰ ਮੁੱਖ ਅਧਿਆਪਕ, ਗਗਨਦੀਪ ਜੋਲੀ ਡੀਪੂ ਮੈਨੇਜਰ ਰੂਪਨਗਰ, ਬੀਡੀਸੀ ਚੇਅਰਮੈਨ ਬਲਾਕ ਨੰਗਲ ਮਮਤਾ ਸ਼ਰਮਾ, ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਜਗਜੀਤ ਸਿੰਘ ਜੱਗੀ, ਸਰਪੰਚ ਸੁਮਿਤ ਭਾਰਤਵਾਜ, ਹਲਕਾ ਕੋਆਰਡੀਨੇਟਰ ਨਿਸ਼ਾਨ ਗੁਪਤਾ, ਸਰਪੰਚ ਜੀਤ ਰਾਮ ਰਿੰਕੂ, ਅਭੀਜੀਤ ਸਿੰਘ, ਸੁਦੇਸ਼ ਕੁਮਾਰੀ, ਸੁਪਰਡੈਂਟ ਮਲਕੀਤ ਸਿੰਘ ਭੱਠਲ, ਲਲਿਤ ਮੋਹਨ, ਸੀਐਚਟੀ ਸੁਨੀਤਾ, ਜਸਵੀਰ ਸਿੰਘ, ਸੀਮਾ ਜੱਸਲ, ਰਣਜੀਤ ਸਿੰਘ, ਚਰਨਜੀਤ ਬੰਗਾ, ਕੁਲਦੀਪ ਪਰਮਾਰ, ਮਨਿੰਦਰ ਸਿੰਘ ਰਾਣਾ, ਪਵਨ ਕੁਮਾਰ, ਬਲਵਿੰਦਰ ਸਿੰਘ ਲੋਧੀਪੁਰ, ਮੀਹਮਲ, ਅਮਨਪ੍ਰੀਤ ਕੌਰ, ਬਲਕਾਰ ਸਿੰਘ, ਅਮਨਦੀਪ ਸਿੰਘ, ਲਖਪਾਲ ਸਿੰਘ, ਸਮੇਤ ਵੱਡੀ ਗਿਣਤੀ ਵਿੱਚ ਪਤਵੰਤੇ ਹਾਜ਼ਰ ਸਨ।

# ਫਾਜ਼ਿਲਕਾ ਦੇ ਵਿਧਾਇਕ ਨੇ ਬੱਚਿਆਂ ਨੂੰ ਸਕੂਲ ਬੈਗ ਅਤੇ ਵਰਦੀਆਂ ਦੀ ਵੰਡ ਕੀਤੀ



**ਫਾਜ਼ਿਲਕਾ, 28 ਜੁਲਾਈ -ਕੌਮੀ ਪੱਤ੍ਰਿਕਾ ਬਿਊਰੋ-**
ਫਾਜ਼ਿਲਕਾ ਦੇ ਵਿਧਾਇਕ ਸ੍ਰੀ ਨਰਿੰਦਰਪਾਲ ਸਿੰਘ ਸਵਨਾ ਨੇ ਹਲਕੇ ਦੇ ਪਿੰਡ ਕਰਨੀਖੇੜਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿਖੇ ਸਕੂਲ ਦੇ ਬੱਚਿਆਂ ਨੂੰ ਸਕੂਲ ਬੈਗ ਅਤੇ ਵਰਦੀਆਂ ਦੀ ਵੰਡ ਕੀਤੀ ।

ਇਸ ਮੌਕੇ ਬੋਲਦਿਆਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਜੀ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਮਾਨ ਸਰਕਾਰ ਵੱਲੋਂ ਸਿੱਖਿਆ ਦਾ ਮਿਆਰ ਉੱਚਾ ਚੁੱਕਣ ਲਈ ਕੀਤੇ ਜਾ ਰਹੇ ਉਪਰਾਲਿਆਂ ਸਦਕਾ ਅੱਜ ਸਾਡੇ ਸਰਕਾਰੀ ਸਕੂਲਾਂ ਦੇ ਬੱਚੇ ਹਰ ਖੇਤਰ ਵਿੱਚ ਵੱਡੀਆਂ ਮੱਲਾਂ ਮਾਰ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਬਦਲਾਅ ਦੀ ਇੱਕ ਨਵੀਂ ਸਵੇਰ ਆਈ ਹੈ!

ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਆਧੁਨਿਕ ਕਲਾਸ ਰੂਮ ਵਿਦਿਆਰਥੀਆਂ ਨੂੰ ਡਿਜ਼ੀਟਲ ਅਤੇ ਇੰਟਰਐਕਟਿਵ ਢੰਗ ਨਾਲ ਪੜ੍ਹਾਈ ਕਰਨ ਵਿੱਚ ਮਦਦਗਾਰ ਸਾਬਤ ਹੋ ਰਹੇ ਹਨ! ਉਨ੍ਹਾਂ ਨੇ ਬੱਚਿਆਂ ਨੂੰ ਪੜ੍ਹਾਈ ਵੱਲ ਧਿਆਨ ਦੇਣ ਅਤੇ ਮਿਹਨਤ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਸਿੱਖਿਆ ਹੀ ਸਮਾਜ ਦੀ ਤਰੱਕੀ ਦੀ ਕੁੰਜੀ ਹੈ ਅਤੇ ਸਰਕਾਰ ਹਮੇਸ਼ਾ ਵਿਦਿਆਰਥੀਆਂ ਦੀ ਮਦਦ ਲਈ ਵਚਨਬੱਧ ਹੈ।

# ਗੁਰਦਾਸਪੁਰ ਜ਼ਿਲ੍ਹੇ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਤੇ ਵਿਸ਼ੇਸ਼ ਡਾਕੂਮੈਂਟਰੀ ਦਿਖਾਈ ਗਈ

**ਗੁਰਦਾਸਪੁਰ, 28 ਜੁਲਾਈ -ਕੌਮੀ ਪੱਤ੍ਰਿਕਾ ਬਿਊਰੋ-**
ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਦੇ ਸਮਰਪਿਤ ਪੰਜਾਬ ਸਰਕਾਰ ਵੱਲੋਂ ਪਿੰਡ ਮਾਹਲ ਨੰਗਲ, ਚੌਪੜਾ , ਅਟਵਾਲ, ਬਜੀਦਪੁਰ, ਬੱਲ ਵਿੱਚ 30 ਮਿੰਟ ਦੀ ਵਿਸ਼ੇਸ਼ ਡਾਕੂਮੈਂਟਰੀ ਦਿਖਾਈ ਗਈ।

ਇਸ ਮੌਕੇ ਹਾਜ਼ਰ ਲੋਕਾਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ, ਫਲਸਫੇ, ਆਪਸੀ ਭਾਈਚਾਰੇ, ਮਨੁੱਖਤਾ ਅਤੇ ਸਮਾਜਿਕ ਸਦਭਾਵਨਾ ਬਾਰੇ ਦਿੱਤੇ ਸੰਦੇਸ਼ ਤੋਂ ਲੋਕਾਂ ਨੂੰ ਜਾਣੂ ਕਰਵਾਇਆ ਗਿਆ ।ਪੰਜਾਬ ਸਰਕਾਰ ਦੇ ਇਸ ਉਪਰਾਲੇ ਤਹਿਤ ਗੁਰਦਾਸਪੁਰ ਜ਼ਿਲੇ ਵਿੱਚ 4 ਵੈਨਾਂ ਰਾਹੀ ਪਿੰਡਾਂ ਵਿੱਚ ਇਹ ਡਾਕੂਮੈਂਟਰੀ ਦਿਖਾਈ ਜਾ ਰਹੀ ਹੈ। ਇਸ ਮੌਕੇ ਪਿੰਡਾਂ ਦੇ ਸਰਪੰਚਾਂ, ਪੰਚਾਇਤ ਨੁਮਾਇੰਦਿਆਂ, ਨੌਜਵਾਨਾਂ, ਮਹਿਲਾਵਾਂ, ਬਜ਼ੁਰਗਾਂ ਅਤੇ ਪਿੰਡ ਵਾਸੀਆਂ ਵਲੋਂ ਸ਼ਰਧਾ, ਸਤਿਕਾਰ ਅਤੇ ਉਤਸ਼ਾਹ ਨਾਲ ਡਾਕੂਮੈਂਟਰੀ ਦੇਖੀ ਜਾ ਰਹੀ ਹੈ। ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਇਸ ਵਿਸ਼ੇਸ਼ ਮੁਹਿੰਮ ਦੀ ਸ਼ਲਾਘਾ ਕਰਦਿਆਂ ਪਿੰਡਾਂ ਦੇ ਵਸਨੀਕਾਂ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਪਹਿਲਕਦਮੀਆਂ ਰਾਹੀਂ ਨੌਜਵਾਨ ਪੀੜ੍ਹੀ ਨੂੰ ਮਹਾਨ ਗੁਰੂਆਂ ਦੇ ਜੀਵਨ, ਵਿਚਾਰਾਂ ਅਤੇ ਮਨੁੱਖੀ ਭਲਾਈ ਲਈ ਦਿੱਤੇ ਉਨ੍ਹਾਂ ਦੇ ਪ੍ਰੇਰਣਾਦਾਇਕ ਸੰਦੇਸ਼ਾਂ ਨੂੰ ਜਾਣਨ ਅਤੇ ਸਮਝਣ ਦਾ ਮੌਕਾ ਮਿਲ ਰਿਹਾ ਹੈ।

ਪਿੰਡ ਵਾਸੀਆਂ ਨੇ ਡਾਕੂਮੈਂਟਰੀ ਨੂੰ ਪ੍ਰੇਰਣਾਦਾਇਕ ਅਤੇ ਸਮਾਜ ਲਈ ਮਾਰਗਦਰਸ਼ਕ ਦੱਸਿਆ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਵੀ ਸ੍ਰੀ ਗੁਰੂ ਰਵਿਦਾਸ ਜੀ ਦੇ ਵਿਚਾਰ ਸਮਾਜਿਕ ਏਕਤਾ, ਭਾਈਚਾਰੇ, ਬਰਾਬਰੀ ਅਤੇ ਆਪਸੀ ਸਤਿਕਾਰ ਦੇ ਰਾਹ ’ਤੇ ਅੱਗੇ ਵਧਣ ਲਈ ਪ੍ਰੇਰਿਤ ਕਰਦੇ ਹਨ। ਉਨ੍ਹਾਂ ਨੇ ਸਮਾਜਿਕ ਸਦਭਾਵਨਾ ਅਤੇ ਬਰਾਬਰੀ ਨੂੰ ਹੋਰ ਮਜ਼ਬੂਤ ਕਰਨ ਲਈ ਅਜਿਹੀਆਂ ਜਨ-ਜਾਗਰੂਕਤਾ ਮੁਹਿੰਮਾਂ ਨੂੰ ਲਗਾਤਾਰ ਜਾਰੀ ਰੱਖਣ ਦੀ ਲੋੜ ’ਤੇ ਵੀ ਜ਼ੋਰ ਦਿੱਤਾ।

# ਪਹਿਲੀ ਜਮਾਤ ਤੋਂ ਮਿਲੇ ਸਹੀ ਮਾਰਗਦਰਸ਼ਨ, ਪਰਿਵਾਰ ਦੇ ਸਹਿਯੋਗ ਅਤੇ ਪ੍ਰਸ਼ਾਸਨ ਦੀ ਹੱਲਾਸ਼ੇਰੀ ਨੇ ਦਿੱਤੀ ਨਵੀਂ ਉਡਾਣ



**ਗੁਰਦਾਸਪੁਰ, 28 ਜੁਲਾਈ -ਕੌਮੀ ਪੱਤ੍ਰਿਕਾ ਬਿਊਰੋ-**
ਅੱਜ ਦੇ ਸਮੇਂ ਵਿੱਚ ਜਿੱਥੇ ਬਹੁਤ ਸਾਰੇ ਲੋਕ ਛੋਟੀਆਂ-ਛੋਟੀਆਂ ਮੁਸ਼ਕਲਾਂ ਨੂੰ ਆਪਣੀ ਮੰਜ਼ਿਲ ਦੇ ਰਾਹ ਦੀ ਰੁਕਾਵਟ ਮੰਨ ਕੇ ਹਾਰ ਮੰਨ ਲੈਂਦੇ ਹਨ, ਉੱਥੇ ਗੁਰਦਾਸਪੁਰ ਦੀ ਦਿਵਿਆਂਗ ਵਿਦਿਆਰਥਣ ਕਾਜਲ ਆਪਣੀ ਅਦਭੁੱਤ ਇੱਛਾ-ਸ਼ਕਤੀ, ਅਟੁੱਟ ਹੌਸਲੇ ਅਤੇ ਅਣਥੱਕ ਮਿਹਨਤ ਦੇ ਬਲਬੂਤੇ ਹਰ ਕਿਸੇ ਲਈ ਪ੍ਰੇਰਨਾ ਦਾ ਸਰੋਤ ਬਣ ਗਈ ਹੈ। ਡਾਕਟਰਾਂ ਵੱਲੋਂ 90 ਫੀਸਦੀ ਤੋਂ ਵੀ ਵੱਧ ਦਿਵਿਆਂਗ ਘੋਸ਼ਿਤ ਕੀਤੀ ਜਾ ਚੁੱਕੀ ਕਾਜਲ ਨੇ ਸਾਬਤ ਕਰ ਦਿੱਤਾ ਹੈ ਕਿ ਜੇਕਰ ਮਨ ਵਿੱਚ ਕੁਝ ਕਰ ਵਿਖਾਉਣ ਦਾ ਜਜ਼ਬਾ ਹੋਵੇ ਤਾਂ ਸਰੀਰਕ ਕਮਜ਼ੋਰੀ ਵੀ ਸਫ਼ਲਤਾ ਦੇ ਰਾਹ ਵਿੱਚ ਰੁਕਾਵਟ ਨਹੀਂ ਬਣ ਸਕਦੀ।

ਕਾਜਲ ਇਸ ਸਮੇਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਗੁਰਦਾਸਪੁਰ ਦੇ ਕਮਰਾ ਨੰਬਰ 218 ਵਿੱਚ ਬੈਠ ਕੇ ਭਾਰਤ ਦੀ ਸਭ ਤੋਂ ਵੱਕਾਰੀ ਅਤੇ ਚੁਣੌਤੀਪੂਰਨ ਪ੍ਰਤੀਯੋਗੀ ਪ੍ਰੀਖਿਆ ਯੂ.ਪੀ.ਐੱਸ.ਸੀ. ਦੀ ਆਨਲਾਈਨ ਤਿਆਰੀ ਕਰ ਰਹੀ ਹੈ। ਦੇਸ਼ ਦੀ ਸਰਵੱਚ ਸਿਵਲ ਸੇਵਾ ਵਿੱਚ ਆਪਣੀ ਥਾਂ ਬਣਾਉਣ ਦਾ ਉਸ ਦਾ ਸੁਪਨਾ ਅੱਜ ਉਸ ਦੀ ਲਗਨ ਅਤੇ ਮਿਹਨਤ ਦਾ ਕੇਂਦਰ ਬਣਿਆ ਹੋਇਆ ਹੈ।

ਕਾਜਲ ਦੇ ਇਸ ਪ੍ਰੇਰਣਾਦਾਇਕ ਸਫ਼ਰ ਵਿੱਚ ਡਿਪਟੀ ਕਮਿਸ਼ਨਰ ਗੁਰਦਾਸਪੁਰ ਅਦਿਤਿਆ ਉੱਪਲ ਵੱਲੋਂ ਮਿਲੇ ਹੌਸਲੇ ਅਤੇ ਸਹਿਯੋਗ ਨੇ ਉਸ ਦੇ ਆਤਮ-ਵਿਸ਼ਵਾਸ ਨੂੰ ਹੋਰ ਮਜ਼ਬੂਤ ਕੀਤਾ ਹੈ। ਇਸ ਦੇ ਨਾਲ ਹੀ, ਪਹਿਲੀ ਜਮਾਤ ਤੋਂ ਲੈ ਕੇ ਬੀ.ਸੀ.ਏ. ਤੱਕ ਹਰ ਪੜਾਅ ’ਤੇ ਉਸ ਦੀ ਹੌਸਲਾ ਅਫ਼ਜ਼ਾਈ ਕਰਦੇ ਹੋਏ ਸਹੀ ਦਿਸ਼ਾ ਦੇਣ ਵਾਲੇ ਸਾਬਕਾ ਜ਼ਿਲ੍ਹਾ ਗਾਈਡੈਂਸ ਕੌਂਸਲਰ ਅਤੇ ਮੌਜੂਦਾ ਜ਼ਿਲ੍ਹਾ ਹੈਰੀਟੇਜ ਸੋਸਾਇਟੀ ਦੇ ਪ੍ਰੋਗਰਾਮ ਅਫ਼ਸਰ ਪਰਮਿੰਦਰ ਸਿੰਘ ਸੈਣੀ ਦੇ ਨਿਰੰਤਰ ਮਾਰਗਦਰਸ਼ਨ ਨੇ ਉਸ ਨੂੰ ਇਸ ਮੁਕਾਮ ਤੱਕ ਪਹੁੰਚਾਉਣ ਵਿੱਚ ਅਹਿਮ ਯੋਗਦਾਨ ਪਾਇਆ ਹੈ। ਉਨ੍ਹਾਂ ਨੇ ਹਰ ਸਮੇਂ ਕਾਜਲ ਵਿੱਚ ਆਤਮ-ਵਿਸ਼ਵਾਸ ਜਗਾਇਆ ਅਤੇ ਉਸ ਨੂੰ ਵੱਡੇ ਸੁਪਨੇ ਦੇਖਣ ਅਤੇ ਉਨ੍ਹਾਂ ਨੂੰ ਸਾਕਾਰ ਕਰਨ ਲਈ ਪ੍ਰੇਰਿਤ ਕੀਤਾ।

ਜ਼ਿਲ੍ਹਾ ਬਾਲ ਭਲਾਈ ਕੌਂਸਲ, ਗੁਰਦਾਸਪੁਰ ਦੇ ਸਕੱਤਰ ਰਮੇਸ਼ ਮਹਾਜਨ ਨੇ ਦੱਸਿਆ ਕਿ ਕਾਜਲ ਨਾ ਸਿਰਫ਼ ਪੜ੍ਹਾਈ ਵਿੱਚ ਇੱਕ ਹੋਣਹਾਰ ਅਤੇ ਮਿਹਨਤੀ ਵਿਦਿਆਰਥਣ ਹੈ, ਸਗੋਂ ਉਸ ਨੇ ਜ਼ਿਲ੍ਹਾ ਬਾਲ ਭਲਾਈ ਕੌਂਸਲ ਵੱਲੋਂ ਕਰਵਾਏ ਗਏ ਰਾਸ਼ਟਰੀ ਪੱਧਰੀ ਮੁਕਾਬਲਿਆਂ ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਮੈਡਲ ਹਾਸਲ ਕਰਕੇ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਕਾਜਲ ਵਰਗੇ ਬੱਚੇ ਸਮਾਜ ਲਈ ਪ੍ਰੇਰਣਾ ਹਨ ਅਤੇ ਇਹ ਸਾਬਤ ਕਰਦੇ ਹਨ ਕਿ ਦ੍ਰਿੜ੍ਹ ਇਰਾਦੇ, ਸਕਾਰਾਤਮਕ ਸੋਚ ਅਤੇ ਨਿਰੰਤਰ ਮਿਹਨਤ ਨਾਲ ਹਰ ਚੁਣੌਤੀ ਨੂੰ ਮਾਤ ਦਿੱਤੀ ਜਾ ਸਕਦੀ ਹੈ।

ਅੱਜ ਮੌਜੂਦਾ ਜ਼ਿਲ੍ਹਾ ਗਾਈਡੈਂਸ ਕੌਂਸਲਰ ਮੁਕੇਸ਼ ਵਰਮਾ ਅਤੇ ਪਰਮਿੰਦਰ ਸਿੰਘ ਸੈਣੀ ਨੇ ਕਾਜਲ ਨਾਲ ਵਿਸ਼ੇਸ਼ ਮੁਲਾਕਾਤ ਕਰਕੇ ਉਸ ਦਾ ਹੌਸਲਾ ਵਧਾਇਆ ਅਤੇ ਯੂ.ਪੀ.ਐੱਸ.ਸੀ. ਦੀ ਤਿਆਰੀ ਲਈ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਨੇ ਕਿਹਾ ਕਿ ਕਾਜਲ ਦੀ ਜੀਵਨ ਯਾਤਰਾ ਉਨ੍ਹਾਂ ਹਜ਼ਾਰਾਂ ਨੌਜਵਾਨਾਂ ਲਈ ਪ੍ਰੇਰਨਾ ਹੈ ਜੋ ਛੋਟੀਆਂ-ਛੋਟੀਆਂ ਅਸਫ਼ਲਤਾਵਾਂ ਤੋਂ ਨਿਰਾਸ਼ ਹੋ ਜਾਂਦੇ ਹਨ। ਉਨ੍ਹਾਂ ਕਿਹਾ ਕਿ ਸਫ਼ਲਤਾ ਸਰੀਰਕ ਤਾਕਤ ਨਾਲ ਨਹੀਂ, ਸਗੋਂ ਮਜ਼ਬੂਤ ਇਰਾਦਿਆਂ, ਸਖ਼ਤ ਮਿਹਨਤ ਅਤੇ ਅਡੋਲ ਵਿਸ਼ਵਾਸ ਨਾਲ ਹਾਸਲ ਹੁੰਦੀ ਹੈ।

# ਸ਼ਾਮਚੁਰਾਸੀ ਹਲਕੇ ਦੇ ਹਰ ਲੋੜਵੰਦ ਤੱਕ ਸਹੂਲਤਾਂ ਪਹੁੰਚਾਉਣਾ ਸਾਡੀ ਤਰਜੀਹ-ਡਾ. ਰਵਜੋਤ ਸਿੰਘ



**ਹੁਸ਼ਿਆਰਪੁਰ, 28 ਜੁਲਾਈ -ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਦੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਅੱਜ ਵਿਧਾਨ ਸਭਾ ਹਲਕਾ ਸ਼ਾਮਚੁਰਾਸੀ ਦੇ ਤਿੰਨ ਪਿੰਡਾਂ ਬ੍ਰਹਮਜੀਤ, ਅਖਲਾਸਪੁਰ ਅਤੇ ਸੱਜਣਾ ਦੀ ਕਰਵਾਈ ਗਈ ਸਾਂਝੀ ਲੋਕ ਮਿਲਣੀ ਦੌਰਾਨ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਮੌਕੇ ’ਤੇ ਹੀ ਸਬੰਧਿਤ ਅਧਿਕਾਰੀਆਂ ਨੂੰ ਉਨ੍ਹਾਂ ਦੇ ਜਲਦ ਹੱਲ ਲਈ ਨਿਰਦੇਸ਼ ਦਿੱਤੇ। ਇਸ ਮੌਕੇ ਮੁੱਖ ਮੰਤਰੀ ਮੇਰੀ ਰਸੋਈ ਸਕੀਮ ਤਹਿਤ ਤਿੰਨਾਂ ਪਿੰਡਾਂ ਦੇ ਲੋੜਵੰਦ ਪਰਿਵਾਰਾਂ ਨੂੰ ਸਮਾਰਟ ਕਾਰਡ ਅਤੇ ਰਾਸ਼ਨ ਕਿੱਟਾਂ ਵੀ ਵੰਡੀਆਂ ਗਈਆਂ, ਤਾਂ ਜੋ ਹਰ ਯੋਗ ਪਰਿਵਾਰ ਤੱਕ ਸਰਕਾਰੀ ਸਹੂਲਤਾਂ ਦਾ ਲਾਭ ਪਾਰਦਰਸ਼ੀ ਅਤੇ ਸਿੱਧੇ ਤੌਰ ’ਤੇ ਪਹੁੰਚ ਸਕੇ। ਮੰਤਰੀ ਰਵਜੋਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਵੇਂ ਰਾਸ਼ਨ ਕਾਰਡ ਬਣਾਉਣ ਦੀ ਪ੍ਰਕ੍ਰਿਆ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਹੁਣ ਉਨ੍ਹਾਂ ਜ਼ਰੂਰਤਮੰਦ ਪਰਿਵਾਰਾਂ ਦੇ ਕਾਰਡ ਵੀ ਬਣਾ ਦਿੱਤੇ ਜਾਣਗੇ ਜਿਨ੍ਹਾਂ ਦੇ ਅੱਜ ਤੱਕ ਕਾਰਡ ਨਹੀਂ ਬਣੇ ਸਨ। ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕ ਭਲਾਈ ਨੂੰ ਸਮਰਪਿਤ ਹੈ ਅਤੇ ਸਰਕਾਰ ਦਾ ਉਦੇਸ਼ ਸਮਾਜ ਦੇ ਹਰ ਵਰਗ ਨੂੰ ਬਿਨਾਂ ਕਿਸੇ ਭੇਦਭਾਵ ਦੇ ਸਰਕਾਰੀ ਯੋਜਨਾਵਾਂ ਦਾ ਲਾਭ ਦੇਣਾ ਹੈ।

ਉਨ੍ਹਾਂ ਕਿਹਾ ਕਿ ਲੋਕ ਮਿਲਣੀ ਪ੍ਰੋਗਰਾਮਾਂ ਰਾਹੀਂ ਸਰਕਾਰ ਲੋਕਾਂ ਦੇ ਘਰਾਂ ਤੱਕ ਪਹੁੰਚ ਰਹੀ ਹੈ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਦਾ ਹੱਲ ਪਹਿਲ ਦੇ ਆਧਾਰ ’ਤੇ ਕੀਤਾ ਜਾ ਰਿਹਾ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਸ਼ਾਮਚੁਰਾਸੀ ਹਲਕੇ ਵਿੱਚ ਵਿਕਾਸ ਕਾਰਜ ਲਗਾਤਾਰ ਜਾਰੀ ਹਨ, ਉਨ੍ਹਾਂ ਕਿਹਾ ਕਿ ਹਰ ਪਿੰਡ ਦੇ ਵਿਕਾਸ ਲਈ ਲੋੜ ਅਨੁਸਾਰ ਗ੍ਰਾਂਟਾਂ ਜਾਰੀ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਲੋਕਾਂ ਨੂੰ ਬਿਹਤਰ ਸਹੂਲਤਾਂ ਮਿਲ ਸਕਣ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਲੋਕ ਭਲਾਈ ਯੋਜਨਾਵਾਂ ਦਾ ਅਸਲ ਮਕਸਦ ਆਰਥਿਕ ਤੌਰ ’ਤੇ ਕਮਜ਼ੋਰ ਅਤੇ ਲੋੜਵੰਦ ਪਰਿਵਾਰਾਂ ਨੂੰ ਸਹਾਰਾ ਦੇਣਾ ਹੈ, ਇਸ ਲਈ ਸਰਕਾਰ ਇਹ ਯਕੀਨੀ ਬਣਾ ਰਹੀ ਹੈ ਕਿ ਕੋਈ ਵੀ ਯੋਗ ਪਰਿਵਾਰ ਸਰਕਾਰੀ ਸਕੀਮਾਂ ਦੇ ਲਾਭ ਤੋਂ ਵਾਂਝਾ ਨਾ ਰਹੇ। ਇਸ ਦੌਰਾਨ ਪੰਚਾਇਤਾਂ ਵੱਲੋਂ ਸਰਪੰਚ ਪਰਵਿੰਦਰ ਸਿੰਘ ਸੱਜਣ, ਸਰਪੰਚ ਪ੍ਰਵੀਨ ਕੁਮਾਰੀ ਅਤੇ ਸਰਪੰਚ ਹਰਦੀਪ ਸਿੰਘ ਦੀਪਾ ਦੀ ਅਗਵਾਈ ਹੇਠ ਡਾ. ਰਵਜੋਤ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਲੋਕ ਮਿਲਣੀ ਵਰਗੇ ਪ੍ਰੋਗਰਾਮਾਂ ਨਾਲ ਆਮ ਲੋਕਾਂ ਨੂੰ ਆਪਣੀਆਂ ਸਮੱਸਿਆਵਾਂ ਸਿੱਧੇ ਤੌਰ ’ਤੇ ਮੰਤਰੀ ਅਤੇ ਪ੍ਰਸ਼ਾਸਨ ਦੇ ਸਾਹਮਣੇ ਰੱਖਣ ਦਾ ਮੌਕਾ ਮਿਲਦਾ ਹੈ, ਜਿਸ ਨਾਲ ਉਨ੍ਹਾਂ ਦੇ ਹੱਲ ਵਿੱਚ ਤੇਜ਼ੀ ਆਉਂਦੀ ਹੈ। ਇਸ ਮੌਕੇ ਪੰਚ ਮੋਹਨ ਲਾਲ, ਅਵਤਾਰ ਸਿੰਘ, ਹਰਮੇਸ਼ ਸਿੰਘ, ਗਿਆਨੋ ਦੇਵੀ, ਹੰਸ ਰਾਜ ਆਦਿ ਸਮੇਤ ਵੱਡੀ ਗਿਣਤੀ ਵਿੱਚ ਲੋਕ ਮੌਜੂਦ ਸਨ।

# ਐੱਸ.ਆਈ.ਆਰ ਤਹਿਤ ਸਕੂਲਾਂ ਚ ਕਰਵਾਏ ਵਿੱਦਿਅਕ ਮੁਕਾਬਲੇ



**ਤਰਨਤਾਰਨ, 28 ਜੁਲਾਈ -ਕੌਮੀ ਪੱਤ੍ਰਿਕਾ ਬਿਊਰੋ-**
ਵਿਦਿਆਰਥੀਆਂ ਨੂੰ ਉਨ੍ਹਾਂ ਦੇ ਹੱਕਾਂ ਪ੍ਰਤੀ ਜਾਗਰੂਕ ਕਰਨ ਅਤੇ ਵੋਟ ਦੀ ਮਹੱਤਤਾ ਬਾਰੇ ਜਾਣੂ ਕਰਵਾਉਣ ਦੇ ਉਦੇਸ਼ ਨਾਲ ਅੱਜ ਜ਼ਿਲ੍ਹੇ ਭਰ ਦੇ ਸਕੂਲਾਂ ਵਿੱਚ ਐੱਸ.ਆਈ.ਆਰ 2026 ਤਹਿਤ ਵਿੱਦਿਅਕ ਮੁਕਾਬਲੇ ਕਰਵਾਏ ਗਏ।

ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ-ਕਮ-ਨੋਡਲ ਅਫ਼ਸਰ ਸਵੀਪ ਰਜਿੰਦਰ ਕੌਰ ਦੀ ਅਗਵਾਈ ਹੇਠ ਆਯੋਜਿਤ ਇਨ੍ਹਾਂ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਨੇ ਭਰਪੂਰ ਉਤਸ਼ਾਹ ਨਾਲ ਹਿੱਸਾ ਲਿਆ। ਲੇਖ, ਭਾਸ਼ਣ ਅਤੇ ਪੋਸਟਰ ਮੇਕਿੰਗ ਵਰਗੇ ਮੁਕਾਬਲਿਆਂ ਰਾਹੀਂ ਵਿਦਿਆਰਥੀਆਂ ਨੇ ਲੋਕਤੰਤਰੀ ਰਾਜ ਵਿੱਚ ਇਕ-ਇਕ ਵੋਟ ਦੀ ਕੀਮਤ ਅਤੇ ਵੋਟਰ ਸੁਧਾਈ ਦੇ ਮਹੱਤਵ ‘ਤੇ ਖੁੱਲ੍ਹ ਕੇ ਆਪਣੇ ਵਿਚਾਰ ਪੇਸ਼ ਕੀਤੇ।

ਇਨ੍ਹਾਂ ਮੁਕਾਬਲਿਆਂ ਨੂੰ ਸਫਲ ਬਣਾਉਣ ਵਿੱਚ ਵਿਦਿਆਰਥੀਆਂ ਦੇ ਨਾਲ-ਨਾਲ ਅਧਿਆਪਕਾਂ ਦਾ ਵੀ ਵਡਮੁੱਲਾ ਯੋਗਦਾਨ ਰਿਹਾ।

ਇਸ ਮੌਕੇ ਗੱਲਬਾਤ ਕਰਦਿਆਂ ਰਜਿੰਦਰ ਕੌਰ ਨੇ ਕਿਹਾ ਕਿ ਮੌਜੂਦਾ ਸਮੇਂ ਸਮੁੱਚੇ ਦੇਸ਼ ਵਿੱਚ ਨੌਜਵਾਨ ਵਰਗ ਆਪਣੇ ਹੱਕਾਂ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ ਹੋ ਰਿਹਾ ਹੈ। ਆਪਣੇ ਭਵਿੱਖ ਲਈ ਫਿਕਰਮੰਦ ਇਨ੍ਹਾਂ ਵਿਦਿਆਰਥੀਆਂ ਨੂੰ ਦੇਖ ਕੇ ਦੇਸ਼ ਦੇ ਸੁਨਹਿਰੇ ਭਵਿੱਖ ਦੀ ਕਲਪਨਾ ਕੀਤੀ ਜਾ ਸਕਦੀ ਹੈ। ਇਹ ਵਿਦਿਆਰਥੀ ਜਿਥੇ ਖ਼ੁਦ ਜਾਗਰੂਕ ਹੋ ਰਹੇ ਹਨ, ਉੱਥੇ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਵੀ ਪ੍ਰੇਰਿਤ ਕਰਕੇ ਐੱਸ.ਆਈ.ਆਰ 2026 ਦੇ ਕੰਮ ਨੂੰ ਸ਼ਤ ਪ੍ਰਤੀਸ਼ਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਅ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਮੁਕਾਬਲੇ ਲਗਾਤਾਰ ਜਾਰੀ ਰਹਿਣਗੇ ਤਾਂ ਜੋ ਨੌਜਵਾਨ ਪੀੜ੍ਹੀ ਲੋਕਤੰਤਰ ਦੀ ਮਜ਼ਬੂਤੀ ਲਈ ਵੱਧ ਤੋਂ ਵੱਧ ਯੋਗਦਾਨ ਪਾ ਸਕੇ।

# ਸਹਾਇਕ ਕਮਿਸ਼ਨਰ ਗੁਰਦਾਸਪੁਰ ਕੁਲਦੀਪ ਚੰਦ ਵਲੋਂ ਜ਼ਿਲ੍ਹਾ ਪੱਧਰੀ ਆਜ਼ਾਦੀ ਦਿਵਸ ਮਨਾਉਣ ਸਬੰਧੀ ਅਧਿਕਾਰੀਆਂ ਨਾਲ ਮੀਟਿੰਗ



**ਗੁਰਦਾਸਪੁਰ, 28 ਜੁਲਾਈ -ਕੌਮੀ ਪੱਤ੍ਰਿਕਾ ਬਿਊਰੋ-**
ਸ੍ਰੀ ਕੁਲਦੀਪ ਚੰਦ ਸਹਾਇਕ ਕਮਿਸ਼ਨਰ (ਜ) ਗੁਰਦਾਸਪੁਰ ਵਲੋਂ ਲੈਫ. ਸ਼ਹੀਦ ਨਵਦੀਪ ਸਿੰਘ (ਅਸ਼ੋਕ ਚੱਕਰ) ਖੇਡ ਸਟੇਡੀਅਮ ਗੁਰਦਾਸਪੁਰ ਵਿਖੇ ਮਨਾਏ ਜਾਣ ਵਾਲੇ ਜ਼ਿਲ੍ਹਾ ਪੱਧਰੀ ਆਜ਼ਾਦੀ ਦਿਵਸ ਸਬੰਧੀ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਉਸ ਮੌਕੇ ਐੱਸ ਡੀ ਐੱਮ ਗੁਰਦਾਸਪੁਰ ਅਸ਼ੋਕ ਕੁਮਾਰ ਵੀ ਮੌਜੂਦ ਸਨ।

ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਾਨਫਰੰਸ ਹਾਲ ਵਿੱਚ ਮੀਟਿੰਗ ਕਰਦਿਆਂ ਕੁਲਦੀਪ ਚੰਦ ਸਹਾਇਕ ਕਮਿਸ਼ਨਰ (ਜ) ਗੁਰਦਾਸਪੁਰ ਵਲੋਂ ਸਮੂਹ ਅਧਿਕਾਰੀਆਂ ਨੂੰ ਆਜ਼ਾਦੀ ਦਿਵਸ ਸਮਾਗਮ ਸਫਲਤਾਪੂਰਵਕ ਢੰਗ ਨਾਲ ਨੇਪਰੇ ਚਾੜ੍ਹਣ ਦੀਆਂ ਹਦਾਇਤਾਂ ਕੀਤੀਆਂ।

ਮੀਟਿੰਗ ਦੌਰਾਨ ਉਨਾਂ ਨੇ ਦੱਸਿਆ ਕਿ ਗੁਰਦਾਸਪੁਰ ਵਿਖੇ 15 ਅਗਸਤ ਨੂੰ ਜ਼ਿਲ੍ਹਾ ਪੱਧਰੀ ਆਜ਼ਾਦੀ ਦਿਵਸ ਸਮਾਗਮ ਸਥਾਨਕ ਲੈਫ. ਸ਼ਹੀਦ ਨਵਦੀਪ ਸਿੰਘ (ਅਸ਼ੋਕ ਚੱਕਰ) ਖੇਡ ਸਟੇਡੀਅਮ ਵਿਖੇ ਮਨਾਇਆ ਜਾਵੇਗਾ। ਉਨਾਂ ਪੀ.ਡਬਲਿਊ.ਡੀ. ਪੁਲਿਸ, ਸਿਹਤ, ਜ਼ਿਲ੍ਹਾ ਸਿੱਖਿਆ ਅਫਸਰ, ਨਗਰ ਕੌਂਸਲ ਦੇ ਅਧਿਕਾਰੀਆਂ, ਜ਼ਿਲ੍ਹਾ ਮੰਡੀ ਅਫਸਰ, ਜ਼ਿਲਾ ਪ੍ਰੋਗਰਾਮ ਅਫਸਰ, ਡੀ.ਐਫ.ਐਸ.ਸੀ, ਬਾਗਬਾਨੀ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਸਮੇਂ ਸਿਰ ਪ੍ਰਬੰਧ ਮੁਕੰਮਲ ਕਰਨ ਲਈ ਕਿਹਾ।

ਉਨਾਂ ਸੈਨਿਕ ਵੈਲਫੇਅਰ ਵਿਭਾਗ ਅਤੇ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਕਿਹਾ ਕਿ ਸਟੇਡੀਅਮ ਵਿਖੇ ਪਿਛਲੇ ਸਾਲਾਂ ਦੀ ਤਰਾਂ ਇਸ ਵਾਰ ਵੀ ਸ਼ਹੀਦਾਂ ਨੂੰ ਸਮਰਪਿਤ ਗੈਲਰੀ ਸਥਾਪਤ ਕੀਤੀ ਜਾਵੇ ਤਾਂ ਜੋ ਸਮਾਗਮ ਵਿਚ ਸ਼ਿਰਕਤ ਕਰਨ ਵਾਲੀ ਹਰ ਸ਼ਖਸ਼ੀਅਤ ਵਲੋਂ ਸਟੇਡੀਅਮ ਵਿਚ ਦਾਖਲ ਹੋਣ ਤੋਂ ਪਹਿਲਾਂ ਸ਼ਹੀਦਾਂ ਨੂੰ ਸਿਜਦਾ ਕੀਤਾ ਜਾ ਸਕੇ। ਨਾਲ ਹੀ ਉਨਾਂ ਸ਼ਹਿਰ ਦੇ ਮੁੱਖ ਚੌਂਕਾਂ ਵਿਚ ਸ਼ਹੀਦਾਂ ਨੂੰ ਸਮਰਪਿਤ ਗੇਟ ਬਣਾਉਣ ਦੀ ਹਦਾਇਤ ਵੀ ਕੀਤੀ।

ਮੀਟਿੰਗ ਵਿਚ ਜੋਬਨਜੀਤ ਕੌਰ ਆਰ.ਟੀ.ਏ, ਗੁਰਦਾਸਪੁਰ, ਡੀ ਐੱਸ ਪੀ ਸ਼ਾਹਬਾਜ ਸਿੰਘ, ਹਰਪ੍ਰੀਤ ਸਿੰਘ ਡੀ.ਡੀ.ਪੀ.ਓ, ਡਾ.ਰਮੇਸ਼ ਅੱਤਰੀ ਡੀ ਐੱਮ ਸੀ, ਅਨਿਲ ਸ਼ਰਮਾ ਡਿਪਟੀ ਜ਼ਿਲ੍ਹਾ ਸਿੱਖਿਆ ਅਫਸਰ (ਸ), ਪਰਮਿੰਦਰ ਸਿੰਘ ਸੈਣੀ ਪ੍ਰੋਗਰਾਮ ਅਫਸਰ ਜ਼ਿਲ੍ਹਾ ਹੈਰੀਟੇਜ ਸੁਸਾਇਟੀ, ਮੁਕੇਸ਼ ਕੁਮਾਰ ਵਰਮਾ ਜ਼ਿਲ੍ਹਾ ਗਾਈਡੈਂਸ ਕਾਊਂਸਲਰ, ਹਰਚਰਨ ਸਿੰਘ ਕੰਗ ਜ਼ਿਲ੍ਹਾ ਭੂਮੀ ਰੱਖਿਆ ਅਫਸਰ, ਅਤੇ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਕਿਹਾ ਕਿ ਸਟੇਡੀਅਮ ਵਿਖੇ ਪਿਛਲੇ ਸਾਲਾਂ ਦੀ ਤਰਾਂ ਇਸ ਵਾਰ ਵੀ ਸ਼ਹੀਦਾਂ ਨੂੰ ਸਮਰਪਿਤ ਗੈਲਰੀ ਸਥਾਪਤ ਕੀਤੀ ਜਾਵੇ ਤਾਂ ਜੋ ਸਮਾਗਮ ਵਿਚ ਸ਼ਿਰਕਤ ਕਰਨ ਵਾਲੀ ਹਰ ਸ਼ਖਸ਼ੀਅਤ ਵਲੋਂ ਸਟੇਡੀਅਮ ਵਿਚ ਦਾਖਲ ਹੋਣ ਤੋਂ ਪਹਿਲਾਂ ਸ਼ਹੀਦਾਂ ਨੂੰ ਸਿਜਦਾ ਕੀਤਾ ਜਾ ਸਕੇ। ਨਾਲ ਹੀ ਉਨਾਂ ਸ਼ਹਿਰ ਦੇ ਮੁੱਖ ਚੌਂਕਾਂ ਵਿਚ ਸ਼ਹੀਦਾਂ ਨੂੰਰਾਜੀਵ ਕੁਮਾਰ ਸਕੱਤਰ ਜ਼ਿਲ੍ਹਾ ਗੁਰਦਾਸਪੁਰ ਵਿਖੇ ਮਨਾਏ ਜਾਣ ਵਾਲੇ ਜ਼ਿਲ੍ਹਾ ਪੱਧਰੀ ਆਜ਼ਾਦੀ ਦਿਵਸ ਸਬੰਧੀ ਸਮੂਹ ਵਿਭਾਗਾਂ ਦਰੈੱਡ ਕਰਾਸ ਸੁਸਾਇਟੀ, ਸੁਪਰਡੈਂਟ ਵਿਜੇ ਕੁਮਾਰ, ਵਿਨੋਦ ਭਾਟੀਆ, ਸਰਬਜੀਤ ਸਿੰਘ ਮੱਲੀ, ਮੁਲਖ ਰਾਜ ਆਦਿ ਹਾਜਰ ਸਨ।

# ਪਾਲਤੂ ਕੁੱਤਿਆਂ ਦੀ ਰੇਜਿਸਟ੍ਰੇਸ਼ਨ ਨਗਰ ਨਿਗਮ ਬਠਿੰਡਾ ਵਿਖੇ ਕਰਵਾਉਣੀ ਲਾਜ਼ਮੀ, ਕਮਿਸ਼ਨਰ ਨਗਰ ਨਿਗਮ

**ਬਠਿੰਡਾ, 28 ਜੁਲਾਈ -ਕੌਮੀ ਪੱਤ੍ਰਿਕਾ ਬਿਊਰੋ-**
ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਤੇ ਸਰਕਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪਾਲਤੂ ਕੁੱਤਿਆਂ ਦੀ ਰਜਿਸਟ੍ਰੇਸ਼ਨ ਲਾਜ਼ਮੀ ਹੈ। ਇਸ ਬਾਰੇ ਬਠਿੰਡਾ ਸ਼ਹਿਰ ਵਾਸੀਆਂ ਨੂੰ ਜਾਣੂੰ ਕਰਵਾਉਣ ਲਈ ਵਿਸ਼ੇਸ਼ ਜਨਤਕ ਮੁਹਿੰਮ ਚਲਾਈ ਗਈ ਹੈ, ਜਿਸ ਤਹਿਤ ਲੋਕਾਂ ਨੂੰ ਪਾਲਤੂ ਕੁੱਤਿਆਂ ਦੀ ਆਸਾਨ ਰਜਿਸ਼ਟ੍ਰੇਸ਼ਨ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਨਾਲ ਹੀ ਗਲੀ ਦੇ ਆਵਾਰਾ ਕੁੱਤਿਆਂ ਦੇ ਪ੍ਰਬੰਧਨ ਸਬੰਧੀ ਵੀ ਜਾਣਕਾਰੀ ਦਿੱਤੀ ਗਈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਕਮਿਸ਼ਨਰ ਨਗਰ ਨਿਗਮ ਮੈਡਮ ਲਵਜੀਤ ਕਲਸੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪਾਲਤੂ ਜਾਨਵਰਾਂ ਦੀ ਰਜਿਸਟ੍ਰੇਸ਼ਨ ਦਾ ਕੰਮ ਸੁਖਾਲਾ ਕਰਦਿਆਂ https://mseva.lgpunjab.gov.in/digit-ui/citizen/ptr-home ਪੋਰਟਲ ਜਾਂ msewa ਐੱਪ ‘ਤੇ ਘਰ ਬੈਠੇ ਰਜਿਸਟ੍ਰੇਸ਼ਨ ਦੀ ਸੁਵਿਧਾ ਦਿੱਤੀ ਗਈ ਹੈ। ਜਿਸ ਕਿਸੇ ਘਰ ’ਚ ਵੀ ਪਾਲਤੂ ਜਾਨਵਰ ਹੈ ਉਹ ਆਪਣੇ ਜਾਨਵਰ ਦੀ ਰਜਿਸਟ੍ਰੇਸ਼ਨ ਬੜੀ ਹੀ ਆਸਾਨੀ ਨਾਲ ਇਸ ਪੋਰਟਲ ਜਾਂ ਐੱਪ ‘ਤੇ ਕਰ ਸਕਦਾ ਹੈ। ਰਜਿਸਟ੍ਰੇਸ਼ਨ ਕਰਨ ਸਮੇਂ ਮਾਲਿਕ ਦਾ ਨਾਂ ਅਤੇ ਮੋਬਾਈਲ ਨੰਬਰ, ਪਤਾ, ਕੁੱਤੇ ਦੀ ਫੋਟੋ, ਕੁੱਤੇ ਦੀ ਨਸਲ ਅਤੇ ਉਮਰ, ਟੀਕਾਕਰਣ ਦੇ ਵੇਰਵੇ ਲੋੜੀਂਦੇ ਹਨ। ਇਸ ਤੋਂ ਇਲਾਵਾ ਰੇਜਿਸਟ੍ਰੇਸ਼ਨ ਨਗਰ ਨਿਗਮ ਬਠਿੰਡਾ ਦੇ ਦਫਤਰ, ਮਾਲ ਗੋਦਾਮ ਰੋਡ ਕਮਰਾ ਨੰਬਰ 27 ਵਿਖੇ ਵੀ ਕਰਵਾਈ ਜਾ ਸਕਦੀ ਹੈ। ਇਸ ਸਬੰਧੀ ਲੋਕਾਂ ਨੂੰ ਜਾਗਰੂਕ ਕਰਨ ਲਈ ਨਗਰ ਨਿਗਮ ਦੀਆਂ ਟੀਮਾਂ ਵੱਲੋਂ ਸਕੂਲਾਂ, ਕਾਲਜਾਂ, ਹਸਪਤਾਲਾਂ ਅਤੇ ਮੁਹੱਲਿਆਂ ’ਚ ਜਾ ਕੇ ਰਜਿਸਟ੍ਰੇਸ਼ਨ ਦੇ ਵੇਰਵੇ ਦੱਸੇ ਜਾ ਰਹੇ ਹਨ। ਪਾਲਤੂ ਜਾਨਵਰਾਂ ਦੇ ਮਾਲਕਾਂ ਨੂੰ ਜ਼ਿੰਮੇਵਾਰ ਮਾਲਕ ਵਜੋਂ ਸਾਰੇ ਲਾਗੂ ਨਿਯਮਾਂ ਦੀ ਪਾਲਣਾ ਕਰਨ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ।

ਇਸ ਮੁਹਿੰਮ ਦੌਰਾਨ ਗਲੀ ਦੇ ਕੁੱਤਿਆਂ ਬਾਰੇ ਵੀ ਜਾਗਰੂਕਤਾ ਫੈਲਾਈ ਗਈ, ਜਿਸ ਵਿੱਚ ਨਗਰ ਨਿਗਮ ਨੂੰ ਸਮੱਸਿਆਵਾਂ ਬਾਰੇ ਸੂਚਿਤ ਕਰਨ ਦੀ ਮਹੱਤਤਾ, ਜਾਨਵਰਾਂ ਨਾਲ ਬੇਰਹਿਮੀ ਨਾ ਕਰਨ ਅਤੇ ਅਵਾਰਾ ਕੁੱਤਿਆਂ ਦੇ ਸੁਰੱਖਿਅਤ ਤੇ ਮਾਨਵੀ ਪ੍ਰਬੰਧਨ ਲਈ ਸਰਕਾਰੀ ਹਦਾਇਤਾਂ ਦੀ ਪਾਲਣਾ ਕਰਨ ਵਰਗੇ ਪਹਿਲੂ ਸ਼ਾਮਲ ਹਨ। ਨਗਰ ਨਿਗਮ ਬਠਿੰਡਾ ਵੱਲੋਂ ਐਨੀਮਲ ਬਰਥ ਕੰਟਰੋਲ ਸੈਂਟਰ, ਡੱਬਵਾਲੀ ਰੋਡ ਨੇੜੇ ਮਹਾਰਾਜਾ ਰਣਜੀਤ ਸਿੰਘ ਯੂਨੀਵਰਸਿਟੀ ਵਿਖੇ ਚਲਾਇਆ ਜਾ ਰਿਹਾ ਹੈ ਜਿਸ ਤਹਿਤ ਆਵਾਰਾ ਕੁੱਤਿਆਂ ਦਾ ਟੀਕਾਕਰਣ ਅਤੇ ਉਨ੍ਹਾਂ ਨਸਬੰਦੀ ਦਾ ਕੰਮ ਕੀਤਾ ਜਾਂਦਾ ਹੈ। ਇਸ ਤਹਿਤ ਸੈੱਲ 2025 ’ਚ ਬਠਿੰਡਾ ਸ਼ਹਿਰ ਦੇ 4335 ਕੁੱਤਿਆਂ ਦੇ ਟੀਕੇ ਲਗਾਏ ਗਏ ਅਤੇ ਉਨ੍ਹਾਂ ਨਸਬੰਦੀ ਕੀਤੀ ਗਈ। ਜਿਸ ਵਿਚ 2125 ਨਰ ਕੁੱਤੇ ਅਤੇ 2210 ਮਾਦਾ ਕੁੱਤੇ ਸ਼ਾਮਲ ਹਨ। ਕਮਿਸ਼ਨਰ ਨੇ ਦੱਸਿਆ ਕਿ ਮੁੱਖ ਸੈਨੀਟੇਰੀ ਇਸੰਪੈਕਟਰ ਨੂੰ ਅਵਾਰਾ ਕੁੱਤਿਆਂ ਤੋਂ ਸੁਰੱਖਿਆ ਅਤੇ ਐਮਰਜੈਂਸੀ ਰਿਸਪਾਂਸ ਸਬੰਧੀ ਨੋਡਲ ਅਫਸਰ ਨਿਯੁਕਤ ਕੀਤਾ ਗਿਆ ਹੈ । ਕਿਸੇ ਵੀ ਕੁੱਤੇ ਦੇ ਹਮਲੇ ਸੀ ਸਥਿਤੀ ਵਿੱਚ, ਅਵਾਰਾ ਕੁੱਤਿਆਂ ਦੇ ਹਮਲਾਵਰ ਰਵੱਈਏ ਦੀ ਸ਼ਿਕਾਇਤ ਲਈ, ਤੁਰੰਤ ਕਾਰਵਾਈ ਅਤੇ ਮੱਦਦ ਲਈ, ਅਵਾਰਾ ਕੁੱਤਿਆਂ ਦੇ ਟੀਕਾਕਰਣ ਅਤੇ ਨਸਬੰਦੀ ਲਈ ਅਤੇ ਪਾਲਤੂ ਕੁੱਤਿਆਂ ਦੀ ਰਜਿਸਟ੍ਰੇਸ਼ਨ ਸਬੰਧੀ 9912181716 ‘ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਖੇਡ ਸਹੂਲਤਾਂ ਦੇਣ ਲਈ ਸਰਕਾਰ ਵਚਨਬੱਧ: ਮੁੰਡੀਆਂ

**ਲੁਧਿਆਣਾ, 28 ਜੁਲਾਈ -ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਸਰਕਾਰ ਵੱਲੋਂ ਖੇਡਾਂ ਨੂੰ ਪ੍ਰਫੁੱਲਤ ਕਰਨ, ਨੌਜਵਾਨਾਂ ਨੂੰ ਆਧੁਨਿਕ ਖੇਡ ਸਹੂਲਤਾਂ ਦੇਣ ਅਤੇ ਪਿੰਡਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਬਣਾਉਣ ਦੀ ਦਿਸ਼ਾ ਵਿੱਚ ਇੱਕ ਹੋਰ ਮਹੱਤਵਪੂਰਨ ਕਦਮ ਚੁੱਕਦਿਆਂ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਪਿੰਡ ਮੁੰਡੀਆਂ ਕਲਾਂ ਵਿਖੇ ਕਰੀਬ 3 ਕਰੋੜ ਰੁਪਏ ਦੀ ਲਾਗਤ ਨਾਲ ਖੇਡ ਗਰਾਊਂਡ ਦੇ ਅਪਗ੍ਰੇਡੇਸ਼ਨ ਦੇ ਕੰਮ ਦੀ ਸ਼ੁਰੂਆਤ ਕਰਵਾਈ।

ਕੈਬਨਿਟ ਮੰਤਰੀ ਸ੍ਰੀ ਮੁੰਡੀਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨਾ ਅਤੇ ਉਨ੍ਹਾਂ ਨੂੰ ਅਜਿਹੀਆਂ ਸਹੂਲਤਾਂ ਪ੍ਰਦਾਨ ਕਰਨਾ ਹੈ, ਜਿਨ੍ਹਾਂ ਰਾਹੀਂ ਉਹ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ’ਤੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰ ਸਕਣ। ਉਨ੍ਹਾਂ ਕਿਹਾ ਕਿ ਆਧੁਨਿਕ ਖੇਡ ਮੈਦਾਨ ਤਿਆਰ ਹੋਣ ਨਾਲ ਖਿਡਾਰੀਆਂ ਨੂੰ ਉੱਚ ਪੱਧਰੀ ਸਹੂਲਤਾਂ ਮਿਲਣਗੀਆਂ ਅਤੇ ਨੌਜਵਾਨ ਨਸ਼ਿਆਂ ਵਰਗੀਆਂ ਸਮਾਜਿਕ ਬੁਰਾਈਆਂ ਤੋਂ ਦੂਰ ਰਹਿ ਕੇ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਪ੍ਰੇਰਿਤ ਹੋਣਗੇ।

ਉਨ੍ਹਾਂ ਕਿਹਾ ਕਿ ਹਲਕੇ ਵਿੱਚ ਵਿਕਾਸ ਕਾਰਜਾਂ ਵਿੱਚ ਕਿਸੇ ਵੀ ਕਿਸਮ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਲੋਕਾਂ ਦੀਆਂ ਲੋੜਾਂ ਅਨੁਸਾਰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਯਤਨ ਜਾਰੀ ਰਹਿਣਗੇ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਵਿਕਾਸ ਦੇ ਇਨ੍ਹਾਂ ਕੰਮਾਂ ਨਾਲ ਹਲਕਾ ਸਾਹਨੇਵਾਲ ਤਰੱਕੀ ਦੀਆਂ ਨਵੀਆਂ ਬੁਲੰਦੀਆਂ ਨੂੰ ਛੂਹੇਗਾ ਅਤੇ ਲੋਕਾਂ ਦੇ ਜੀਵਨ ਪੱਧਰ ਵਿੱਚ ਵੀ ਮਹੱਤਵਪੂਰਨ ਸੁਧਾਰ ਆਵੇਗਾ। ਕੈਬਨਿਟ ਮੰਤਰੀ ਨੇ ਇਲਾਕਾ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਲੋਕਾਂ ਦੀਆਂ ਸਮੱਸਿਆਵਾਂ ਦਾ ਸਮੇਂ ਸਿਰ ਹੱਲ ਕਰਨਾ ਅਤੇ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਅੱਗੇ ਵਧਾਉਣਾ ਉਨ੍ਹਾਂ ਦੀ ਵਚਨਬੱਧਤਾ ਹੈ।

ਉਨ੍ਹਾਂ ਨੇ ਲੋਕਾਂ ਨੂੰ ਸਰਕਾਰੀ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਅਤੇ ਆਪਣੇ ਪਿੰਡਾਂ ਦੇ ਵਿਕਾਸ ਵਿੱਚ ਸਰਗਰਮ ਭੂਮਿਕਾ ਨਿਭਾਉਣ ਦੀ ਅਪੀਲ ਵੀ ਕੀਤੀ। ਇਸ ਮੌਕੇ ਕੌਂਸਲਰ ਗੁਰਮੀਤ ਸਿੰਘ ਮੁੰਡੀਆਂ, ਕੌਂਸਲਰ ਜਸਪਾਲ ਸਿੰਘ ਗਰੇਵਾਲ ਅਤੇ ਆਮ ਆਦਮੀ ਪਾਰਟੀ ਦੇ ਹੋਰ ਸੀਨੀਅਰ ਆਗੂ, ਵਰਕਰ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।



# ਚਿੱਟੀ ਮੱਖੀ ਰੋਕਥਾਮ ਦੇ ਉਪਰਾਲੇ

ਸਾਲ 2016 ਦੌਰਾਨ ਜਦ ਨਰਮੇ ਦੀ ਫ਼ਸਲ ਉੱਪਰ ਚਿੱਟੀ ਮੱਖੀ ਨੇ ਵੱਡਾ ਹਮਲਾ ਕੀਤਾ ਤਾਂ ਸਾਇੰਸਦਾਨਾਂ, ਖੇਤੀ ਮਾਹਿਰਾਂ ਤੇ ਕਿਸਾਨਾਂ ਦੇ ਸਹਿਯੋਗ ਨਾਲ ਉਸ ਉੱਪਰ ਕਾਬੂ ਪਾਇਆ ਗਿਆ। ਨਤੀਜੇ ਵਜੋਂ ਪਿਛਲੇ ਸਾਲ ਨਰਮੇ ਦੀ ਰਿਕਾਰਡ 756 ਕਿੱਲੋ/ਹੈਕਟੇਅਰ ਪੈਦਾਵਾਰ ਹੋਈ। ਇਸ ਸਾਲ ਪੀਏਯੂ ਦੇ ਵਾਈਸ ਚਾਂਸਲਰ ਡਾ. ਬੀਐੱਸ ਢਿੱਲੋਂ ਦੀ ਅਗਵਾਈ 'ਚ ਪੰਜਾਬ, ਹਰਿਆਣਾ ਤੇ ਰਾਜਸਥਾਨ ਦੀ ਅੰਤਰਰਾਜੀ ਕਮੇਟੀ ਦਾ ਗਠਨ ਕੀਤਾ ਗਿਆ। ਇਹ ਕਮੇਟੀ ਨਰਮਾ ਪੱਟੀ ਦੇ ਜ਼ਿਲ੍ਹਿਆਂ 'ਚ ਚਿੱਟੀ ਮੱਖੀ ਦੇ ਸੰਭਾਵਿਤ ਹਮਲੇ ਸਬੰਧੀ ਅਧਿਐਨ ਕਰਦੀ ਹੈ ਤੇ ਲੋੜ ਮੁਤਾਬਕ ਚਿੱਟੀ ਮੱਖੀ ਦੀ ਰੋਕਥਾਮ ਲਈ ਕਾਰਜਨੀਤੀ ਉਲੀਕਦੀ ਹੈ। ਕਮੇਟੀ ਦੀਆਂ ਛੇ ਮੀਟਿੰਗਾਂ ਹੋ ਚੁੱਕੀਆਂ ਹਨ।

### ਫ਼ਸਲਾਂ ਦਾ ਨਿਰੀਖਣ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਫਰਵਰੀ ਮਹੀਨੇ ਤੋਂ ਨਰਮਾ ਪੱਟੀ 'ਚ ਚਿੱਟੀ ਮੱਖੀ ਦੇ ਮੇਜ਼ਬਾਨ ਨਦੀਨਾਂ ਪੀਲੀ ਬੂਟੀ, ਕੰਘੀ ਬੂਟੀ, ਪੁੱਠਕੰਡਾ, ਧਤੂਰਾ, ਕਾਂਗਰਸ ਘਾਹ, ਜੰਗਲੀ ਸੂਰਜਮੁਖੀ ਤੇ ਹੋਰ ਫ਼ਸਲਾਂ, ਜਿਵੇਂ ਬੈਂਗਣ, ਕੱਦੂ ਜਾਤੀ ਦੀਆਂ ਫ਼ਸਲਾਂ, ਮੂੰਗੀ, ਮਾਂਹ, ਭਿੰਡੀ, ਮਿਰਚਾਂ, ਟਮਾਟਰ ਦਾ ਲਗਾਤਾਰ ਸਰਵੇਖਣ ਕੀਤਾ ਜਾ ਰਿਹਾ ਹੈ। ਮਾਰਚ-ਅਪ੍ਰੈਲ ਦੌਰਾਨ ਖੇਤੀਬਾੜੀ ਮਹਿਕਮੇ ਵੱਲੋਂ ਚਿੱਟੀ ਮੱਖੀ ਦੇ ਮੇਜ਼ਬਾਨ ਪੌਦਿਆਂ ਦਾ ਪਿੰਡ ਪੱਧਰ 'ਤੇ ਖ਼ਾਤਮਾ ਕਰਵਾਇਆ ਗਿਆ। ਇਸੇ ਮਹੀਨੇ ਪੀਏਯੂ ਵੱਲੋਂ ਬੀਟੀ ਨਰਮੇ ਦੀਆਂ 45 ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਤੇ ਕਿਸਾਨਾਂ ਦੀ ਜਾਣਕਾਰੀ ਲਈ ਨਰਮੇ ਦੀ ਸੁਚੱਜੀ ਕਾਸ਼ਤ ਸਬੰਧੀ ਨੁਕਤਿਆਂ ਦਾ ਪਰਚਾ ਤਿਆਰ ਕੀਤਾ ਗਿਆ, ਜੋ ਕੈਂਪਾਂ ਤੇ ਕਿਸਾਨ ਮੇਲਿਆਂ 'ਚ ਕਿਸਾਨਾਂ ਨੂੰ ਵੰਡਿਆ ਗਿਆ। ਇਸ ਤੋਂ ਇਲਾਵਾ ਨਰਮਾ-ਕਣਕ ਫ਼ਸਲੀ ਚੱਕਰ ਦਾ ਕੈਲੰਡਰ ਤਿਆਰ ਕੀਤਾ ਗਿਆ, ਜਿਸ 'ਚ ਖੇਤੀ ਕੰਮਾਂ ਦੀ ਮਹੀਨੇਵਾਰ ਜਾਣਕਾਰੀ ਦਿੱਤੀ ਗਈ ਹੈ। ਕਿਸਾਨਾਂ ਵਾਸਤੇ ਯੂਨੀਵਰਸਿਟੀ ਵੱਲੋ ਚਿੱਟੀ ਮੱਖੀ ਤੇ ਹੋਰ ਕੀੜਿਆਂ ਦੀ ਰੋਕਥਾਮ ਲਈ ਸਿਫਾਰਸ਼ ਵਾਲਾ ਚਾਰਟ ਤਿਆਰ ਕੀਤਾ ਗਿਆ ਹੈ, ਜਿਸ ਨੂੰ ਖੇਤੀਬਾੜੀ ਵਿਭਾਗ ਦੁਆਰਾ ਦਵਾਈ ਵਿਕਰੇਤਾਵਾਂ ਦੀਆਂ ਦੁਕਾਨਾਂ 'ਤੇ ਲਗਾਇਆ ਗਿਆ ਤਾਂ ਜੋ ਕਿਸਾਨ ਸਿਫਾਰਸ਼ ਕੀਤੇ ਕੀਟਨਾਸ਼ਕ ਖ਼ਰੀਦ ਸਕਣ। ਸਕਾਊਟਸ ਤੇ ਕੀਟਨਾਸ਼ਕ ਵਿਕ੍ਰੇਤਾਵਾਂ ਨੂੰ ਨਰਮਾ ਪੱਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਵਿਖੇ ਟ੍ਰੇਨਿੰਗ ਦਿੱਤੀ ਗਈ ਤਾਂ ਜੋ ਉਹ ਪਿੰਡਾਂ 'ਚ ਜਾ ਕੇ ਲੋਕਾਂ ਨੂੰ ਲੋੜੀਂਦੀ ਜਾਣਕਾਰੀ ਦੇ ਸਕਣ। ਰੇਡੀਓ, ਦੂਰਦਰਸ਼ਨ, ਨਿੱਜੀ ਚੈਨਲਾਂ ਤੇ ਅਖ਼ਬਾਰਾਂ ਰਾਹੀਂ ਕਿਸਾਨਾਂ ਨੂੰ ਚਿੱਟੀ ਮੱਖੀ ਤੇ ਹੋਰ ਕੀੜਿਆਂ ਬਾਰੇ ਜਾਣਕਾਰੀ ਦਿੱਤੀ ਗਈ। ਸ਼ੁਰੂਆਤੀ ਅਵਸਥਾ ਵਿਚ ਹਫ਼ਤੇ 'ਚ ਦੋ ਵਾਰ ਤੇ ਜੁਲਾਈ ਮਹੀਨੇ ਤੋਂ ਰੋਜ਼ਾਨਾ ਪੀਏਯੂ ਦੀਆਂ ਟੀਮਾਂ ਕਿਸਾਨਾਂ ਦੇ ਖੇਤਾਂ ਦਾ ਨਿਰੀਖਣ ਕਰ ਰਹੀਆਂ ਹਨ। ਯੂਨੀਵਰਸਿਟੀ ਵੱਲੋਂ ਬਣਾਏ ਗਏ ਨਵੇਂ ਸਪਰੇਅ ਪੰਪ ਵੀ ਨਰਮਾ ਪੱਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰਾਂ 'ਚ ਪਹੁੰਚਾਏ ਗਏ ਹਨ ਤਾਂ ਜੋ ਚਿੱਟੀ ਮੱਖੀ 'ਤੇ ਸਹੀ ਢੰਗ ਨਾਲ ਸਪਰੇਅ ਕਰ ਕੇ ਉਸ ਉੱਪਰ ਕਾਬੂ ਪਾਇਆ ਜਾ ਸਕੇ।

### ਚਿੱਟੀ ਮੱਖੀ ਦੀ ਰੋਕਥਾਮ ਲਈ ਕੀਟਨਾਸ਼ਕ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੇ ਖੇਤੀਬਾੜੀ ਵਿਭਾਗ ਵੱਲੋਂ ਨਰਮਾ ਪੱਟੀ 'ਚ ਰਸ ਚੂਸਣ ਵਾਲੇ ਕੀੜਿਆਂ ਦੇ ਹਮਲੇ ਦਾ ਸਰਵੇਖਣ ਕੀਤਾ ਜਾ ਰਿਹਾ ਹੈ। ਸਰਵੇਖਣ ਦੌਰਾਨ ਪਤਾ ਲੱਗਾ ਹੈ ਕਿ ਚਿੱਟੀ ਮੱਖੀ ਦੀ ਗਿਣਤੀ ਆਮ ਤੌਰ 'ਤੇ ਆਰਥਿਕ ਕਗਾਰ (6 ਚਿੱਟੀਆਂ ਮੱਖੀਆਂ ਪ੍ਰਤੀ ਪੱਤਾ) ਤੋਂ ਘੱਟ ਹੈ ਪਰ ਫਾਜ਼ਿਲਕਾ, ਬਠਿੰਡਾ ਜ਼ਿਲ੍ਹੇ ਦੇ ਕੁਝ ਖੇਤਰਾਂ 'ਚ ਚਿੱਟੀ ਮੱਖੀ ਦੀ ਗਿਣਤੀ ਆਰਥਿਕ ਕਗਾਰ ਤੋਂ ਵੱਧ ਪਾਈ ਗਈ। ਕਿਸਾਨਾਂ ਨੂੰ ਚਾਹੀਦਾ ਹੈ ਕਿ ਜੇ ਇਸ ਦਾ ਹਮਲਾ ਆਰਥਿਕ ਕਗਾਰ ਤੋਂ ਵੱਧ ਹੋਵੇ ਤਾਂ 200 ਗ੍ਰਾਮ ਪੋਲੋ/ਰੂਬੀ/ਕਰੇਜ਼/ਲੂਡੋ 25 ਡਬਲਯੂਪੀ (ਡਾਇਆਫੈਨਥੀਯੂਰੋਨ) ਜਾਂ 80 ਗ੍ਰਾਮ ਉਲਾਲਾ 50 ਡਬਲਯੂਜੀ (ਫਲੋਨੀਕਾਮਿਡ) ਦਾ ਛਿੜਕਾਅ ਕਰੋ। ਇਸ ਤੋਂ ਬਾਅਦ ਲੋੜ ਅਨੁਸਾਰ 500 ਐੱਮਐੱਲ ਲੈਨੋ 10 ਈਸੀ (ਪਾਈਰੀਪਰੋਕਸੀਫਿਨ) ਜਾਂ 200 ਐੱਮਐੱਲ ਉਬਰੇਨ 22.9 ਐੱਸਸੀ (ਸਪਾਈਰੋਮੈਸੀਫਿਨ) ਦੀ ਸਪਰੇਅ ਕਰੋ।

**ਸਹਾਇਤਾ ਲਈ ਕਰੋ ਸੰਪਰਕ**

*ਜੇ ਫ਼ਸਲ ਦੇ ਨੁਕਸਾਨ ਦਾ ਖਦਸ਼ਾ ਹੋਵੇ ਤਾਂ ਕੋਈ ਕਦਮ ਚੁੱਕਣ ਤੋਂ ਪਹਿਲਾਂ ਯੂਨੀਵਰਸਿਟੀ ਦੇ ਖੇਤੀ ਮਾਹਿਰਾਂ ਨਾਲ ਸੰਪਰਕ ਕਰੋ*

| | |
|---|---|
| ਲੁਧਿਆਣਾ - | 97794-51214 |
| ਬਠਿੰਡਾ - | 94636-28801 |
| | 94177-32932 |
| ਅਬੋਹਰ - | 94176-92800 |
| ਮਾਨਸਾ - | 94176-26843 |
| ਮੁਕਤਸਰ - | 98565-20914 |
| ਫ਼ਰੀਦਕੋਟ - | 94640-51995 |

### ਭੂਰੀ ਜੂੰ ਦੀ ਰੋਕਥਾਮ

ਭੂਰੀ ਜੂੰ ਦਾ ਹਮਲਾ ਹੋਵੇ ਤਾਂ ਪਹਿਲ ਦੇ ਆਧਾਰ 'ਤੇ 500 ਐੱਮਐੱਲ ਕਿਊਰਾਕਰਾਨ ਦਾ ਛਿੜਕਾਅ ਕਰੋ। ਜੇ ਭੂਰੀ ਜੂੰ ਦੇ ਨਾਲ ਚਿੱਟੀ ਮੱਖੀ ਦਾ ਹਮਲਾ ਹੋਵੇ ਤਾਂ 200 ਗ੍ਰਾਮ ਪੋਲੋ ਜਾਂ 800 ਐੱਮਐੱਲ ਫੋਸਮਾਈਟ ਛਿੜਕੋ। ਗੈਰ ਪ੍ਰਮਾਣਿਤ ਕੀਟਨਾਸ਼ਕਾਂ ਦੀ ਵਰਤੋਂ ਨਾ ਕਰੋ। ਕੀੜਿਆਂ ਤੋਂ ਬਚਾਅ ਦੇ ਨਾਲ-ਨਾਲ ਪਾਣੀ ਤੇ ਖਾਦ ਦਾ ਧਿਆਨ ਵੀ ਰੱਖੋ। ਇਸ ਸਮੇਂ ਨਰਮੇ ਉੱਪਰ ਫੁੱਲ ਡੋਡੀ ਲੱਗੀ ਹੋਈ ਹੈ, ਇਸ ਲਈ ਖੇਤ ਨੂੰ ਔੜ ਨਹੀਂ ਲੱਗਣੀ ਚਾਹੀਦੀ। ਔੜ ਕਾਰਨ ਫੁੱਲ ਡੋਡੀ ਜ਼ਿਆਦਾ ਕਿਰਦੀ ਹੈ। ਲੋੜ ਮੁਤਾਬਿਕ ਨਾਈਟ੍ਰੋਜਨ ਖਾਦ ਦੀ ਵਰਤੋਂ ਕਰੋ। ਇਸ ਤੋਂ ਇਲਾਵਾ 2 ਕਿੱਲੋ ਪੋਟਾਸ਼ੀਅਮ ਨਾਈਟ੍ਰੇਟ (13:0:45) ਨੂੰ 100 ਲਿਟਰ ਪਾਣੀ 'ਚ ਘੋਲ ਕੇ ਛਿੜਕਾਅ ਕਰੋ। •

---

*ਝੋਨੇ ਅਤੇ ਬਾਸਮਤੀ ਦੀ ਫ਼ਸਲ ਉੱਪਰ ਕਈ ਪ੍ਰਕਾਰ ਦੇ ਕੀੜੇ ਹਮਲਾ ਕਰ ਕੇ ਨੁਕਸਾਨ ਪਹੁੰਚਾਉਂਦੇ ਤੇ ਕਿਸਾਨ ਦਾ ਵਿੱਤੀ ਨੁਕਸਾਨ ਕਰਦੇ ਹਨ। ਇਨ੍ਹਾਂ ਕੀੜਿਆਂ ਵਿਚੋਂ ਪੀਲੀ ਗੋਭ ਦੀ ਸੁੰਡੀ, ਗੁਲਾਬੀ ਸੁੰਡੀ ਅਤੇ ਪਤਾ ਲਪੇਟ ਸੁੰਡੀ ਫ਼ਸਲ ਦਾ ਬੇਹੱਦ ਨੁਕਸਾਨ ਕਰਦੇ ਹਨ। ਇਹ ਕੀੜੇ ਫ਼ਸਲ ਦੇ ਤਣਿਆਂ ਤੇ ਪੱਤਿਆਂ 'ਚ ਘਰ ਬਣਾ ਕੇ ਪਲਦੇ ਹਨ ਅਤੇ ਇਨ੍ਹਾਂ ਦਾ ਅੰਦਰੂਨੀ ਮਾਦਾ ਖਾ ਕੇ ਫ਼ਸਲ ਦੀ ਮੌਲਣ ਸ਼ਕਤੀ ਨੂੰ ਘੱਟ ਕਰ ਦਿੰਦੇ ਹਨ, ਜਿਸ ਨਾਲ ਉਤਪਾਦਨ 'ਚ ਭਾਰੀ ਗਿਰਾਵਟ ਆਉਂਦੀ ਹੈ...*

• ਗੁਰਮੀਤ ਸਿੰਘ



# ਝੋਨਾ/ਬਾਸਮਤੀ ਮਿਆਰੀ ਉਤਪਾਦਨ ਲਈ ਫ਼ਸਲ ਦਾ ਸੁੰਡੀਆਂ ਤੋਂ ਬਚਾਅ

### ਪੀਲੀ ਗੋਭ ਦੀ ਸੁੰਡੀ

(Yellow stem borer)

ਪੀਲੀ ਗੋਭ ਦੀ ਸੁੰਡੀ ਝੋਨੇ ਦਾ ਪ੍ਰਮੁੱਖ ਕੀੜਾ ਹੈ। ਇਹ ਸਾਰੇ ਏਸ਼ੀਆ ਮਹਾਦੀਪ 'ਚ ਪਾਇਆ ਜਾਂਦਾ ਹੈ। ਇਸ ਦੀ ਸੁੰਡੀ ਵਾਲੀ ਅਵਸਥਾ ਨੁਕਸਾਨ ਪਹੁੰਚਾਉਂਦੀ ਹੈ। ਪੂਰਨ ਵਿਕਸਿਤ ਕੈਟਰਪਿਲਰ ਜਾਂ ਸੁੰਡੀ ਦੀ ਲੰਬਾਈ 20 ਮਿਲੀਮੀਟਰ ਹੁੰਦੀ ਹੈ ਤੇ ਇਨ੍ਹਾਂ ਦਾ ਰੰਗ ਘਸਮੈਲਾ ਚਿੱਟਾ ਜਾਂ ਹਰਾ ਪੀਲਾ ਹੁੰਦਾ ਹੈ। ਬਾਲਗ ਪਤੰਗੇ ਦੀ ਖੰਭਾਂ ਦਾ ਰੰਗ ਪੀਲਾ ਚਿੱਟਾ ਹੁੰਦਾ ਹੈ। ਅਗਲੇ ਖੰਭਾਂ ਦਾ ਰੰਗ ਸੰਤਰੀ ਪੀਲਾ ਹੁੰਦਾ ਹੈ। ਮਾਦਾ ਬਾਲਗ ਦੇ ਧੜ ਦੇ ਸਿਰੇ 'ਤੇ ਭੂਰੇ ਪੀਲੇ ਸਿਲਕੀ ਵਾਲਾਂ ਦਾ ਗੁੱਛਾ ਹੁੰਦਾ ਹੈ। ਮਾਦਾ ਆਕਾਰ 'ਚ ਨਰ ਪਤੰਗੇ ਨਾਲੋਂ ਵੱਡੀ ਹੁੰਦੀ ਹੈ ਤੇ ਇਸ ਦੇ ਅਗਲੇ ਖੰਭਾਂ ਦੇ ਵਿਚਕਾਰ ਕਾਲੇ ਰੰਗ ਦਾ ਗੋਲਾ ਹੁੰਦਾ ਹੈ।

ਇਹ ਕੀੜਾ ਅਪ੍ਰੈਲ ਤੋਂ ਅਕਤੂਬਰ ਤਕ ਚੁਸਤ ਹੁੰਦਾ ਹੈ ਤੇ ਨਵੰਬਰ ਤੋਂ ਮਾਰਚ ਤਕ ਝੋਨੇ ਦੀ ਰਹਿੰਦ-ਖੂੰਹਦ 'ਚ ਸੁੰਡੀ ਦੇ ਤੌਰ 'ਤੇ ਸਰਦੀਆਂ ਲੰਘਾਉਂਦਾ ਹੈ। ਮਾਰਚ 'ਚ ਇਹ ਪਿਊਪਾ ਅਵਸਥਾ ਵਿਚ ਆ ਜਾਂਦਾ ਹੈ ਤੇ ਅਪ੍ਰੈਲ ਦੇ ਮਹੀਨੇ ਇਹ ਮੌਥ (ਪਤੰਗਾ) ਬਣ ਕੇ ਬਾਹਰ ਆ ਜਾਂਦਾ ਹੈ।।ਇਹ ਪਤੰਗੇ ਸ਼ਾਮ ਸਮੇਂ ਜ਼ਿਆਦਾ ਚੁਸਤ ਹੁੰਦੇ ਹਨ। ਮਾਦਾ ਪਤੰਗਾ ਪੱਤੇ ਦੇ ਹੇਠਾਂ ਆਂਡਿਆਂ ਦੇ 2-5 ਝੁੰਡ ਦਿੰਦੀ ਹੈ ਤੇ ਹਰ ਝੁੰਡ 'ਚ 60-100 ਆਂਡੇ ਹੁੰਦੇ ਹਨ।।ਆਂਡੇ ਪੀਲੇ ਭੂਰੇ ਰੰਗ ਵਾਲੇ ਵਾਲਾਂ ਦੇ ਗੁੱਛੇ ਨਾਲ ਢਕੇ ਹੁੰਦੇ ਹਨ। ਆਂਡਿਆਂ ਵਿੱਚੋ ਸੁੰਡੀਆਂ 6-6 ਦਿਨਾਂ 'ਚ ਨਿਕਲ ਆਉਂਦੀਆਂ ਹਨ ਤੇ ਨਿੱਕੇ-ਨਿੱਕੇ ਕਾਲੇ ਸਿਰ ਵਾਲੇ ਕੈਟਰਪਿਲਰ ਬੂਟੇ ਦੇ ਤਣੇ 'ਚ ਮੋਰੀ ਕਰ ਕੇ ਅੰਦਰ ਚਲੇ ਜਾਂਦੇ ਹਨ। ਸੁੰਡੀ 6-7 ਦਿਨਾਂ 'ਚ ਆਂਡਿਆਂ 'ਚੋ ਬਾਹਰ ਨਿਕਲ ਆਉਂਦੀ ਹੈ ਤੇ ਇਹ ਸੁੰਡੀ ਦੀ ਅਵਸਥਾ 'ਚ 16-27 ਦਿਨ ਰਹਿੰਦੀ ਹੈ। ਇਸ ਦੌਰਾਨ ਇਹ 6 ਪੜਾਵਾਂ 'ਚੋਂ ਗੁਜ਼ਰਦੀ ਹੈ। ਸੁੰਡੀ ਦੇ ਅਖ਼ੀਰਲੇ ਪੜਾਅ ਵਿਚ ਬੂਟੇ ਦੇ ਤਣੇ 'ਤੇ ਇਹ ਨਿਕਾਸੀ ਲਈ ਰਸਤਾ ਬਣਾਉਂਦੀ ਹੈ ਜੋ ਪਾਣੀ ਦੇ ਪੱਧਰ ਦੇ ਠੀਕ ਉੱਪਰ ਹੁੰਦਾ ਹੈ। ਇਸ ਤੋਂ ਬਾਅਦ ਇਹ ਪਿਊਪਾ ਦੀ ਅਵਸਥਾ 'ਚ ਤਬਦੀਲ ਹੋ ਜਾਂਦੀ ਹੈ। ਪਿਊਪਾ ਦੀ ਅਵਸਥਾ ਵਿਚ 9-12 ਦਿਨ ਰਹਿ ਕੇ ਇਹ ਮੌਥ ਜਾਂ ਪਤੰਗਾ ਬਣ ਕੇ ਤਣੇ 'ਚੋਂ ਬਾਹਰ ਆ ਜਾਂਦੀ ਹੈ। ਇਸ ਦਾ ਜੀਵਨ ਚੱਕਰ 31-46 ਦਿਨਾਂ 'ਚ ਪੂਰਾ ਹੁੰਦਾ ਹੈ।

ਫ਼ਸਲ ਦੀ ਮੁਢਲੀ ਅਵਸਥਾ 'ਚ ਇਸ ਕੀੜੇ ਦੇ ਹਮਲੇ ਦੌਰਾਨ ਸੁੰਡੀ ਤਣੇ 'ਚ ਵੜ ਕੇ ਉਸ ਨੂੰ ਖਾਂਦੀ ਹੈ। ਨਤੀਜੇ ਵਜੋਂ ਗੋਭਾਂ ਸੁੱਕ ਜਾਂਦੀਆਂ ਹਨ। ਫ਼ਸਲ ਦੀ ਬਾਅਦ ਵਾਲੀ ਅਵਸਥਾ 'ਚ ਹਮਲਾ ਹੋਣ 'ਤੇ ਮੁੰਜਰਾਂ 'ਚ ਦਾਣੇ ਨਹੀ ਪੈਂਦੇ। ਮੁੰਜਰਾਂ ਚਿੱਟੀਆਂ ਹੋ ਜਾਂਦੀਆਂ ਹਨ ਤੇ ਸਿੱਧੀਆਂ ਖੜ੍ਹੀਆਂ ਰਹਿੰਦੀਆਂ ਹਨ।

**ਰੋਕਥਾਮ :** ਇਹ ਕੀੜਾ ਕਿਉਂਕਿ ਝੋਨੇ ਦੇ ਮੁੱਢਾਂ 'ਚ ਰਹਿ ਕੇ ਸਰਦੀ ਦੀ ਨੀਂਦ ਪੂਰੀ ਕਰਦਾ ਹੈ, ਇਸ ਲਈ ਅਗਲੀ ਫ਼ਸਲ ਬੀਜਣ ਤੋਂ ਪਹਿਲਾਂ ਮੁੱਢਾਂ ਨੂੰ ਖੇਤ 'ਚੋਂ ਕੱਢ ਕੇ ਨਸ਼ਟ ਕਰ ਦੇਣਾ ਚਾਹੀਦਾ ਹੈ। ਖੇਤ 'ਚ ਹਲ ਚਲਾਉਣ ਨਾਲ ਜਾਂ ਪਾਣੀ ਖੜ੍ਹਾ ਰੱਖਣ ਨਾਲ ਵੀ ਇਸ ਦੀਆਂ ਸੁੰਡੀਆਂ ਮਰ ਜਾਂਦੀਆਂ ਹਨ। ਮਾਦਾ ਪਤੰਗੇ ਪੱਤੇ ਦੇ ਸਿਰੇ 'ਤੇ ਆਂਡੇ ਦਿੰਦੇ ਹਨ ਤੇ ਇਸ ਦਾ ਹਮਲਾ ਨਰਸਰੀ ਤੋਂ ਸ਼ੁਰੂ ਹੋ ਜਾਂਦਾ ਹੈ, ਇਸ ਲਈ ਪਨੀਰੀ ਦੇ ਪੱਤਿਆਂ ਦੇ ਸਿਰੇ ਕੱਟਣ ਨਾਲ ਇਸ ਦਾ ਵਿਸਥਾਰ ਘੱਟ ਕੀਤਾ ਜਾ ਸਕਦਾ ਹੈ।

**ਰਸਾਇਣਕ ਰੋਕਥਾਮ :** ਜੇ 5 ਫੀਸਦੀ ਗੋਭਾਂ ਸੁੱਕੀਆਂ ਨਜ਼ਰ ਆਉਣ ਤਾਂ ਫਲਬੈਂਡਾਮਾਈਡ/ਫੇਮ 480 ਐੱਸਸੀ-20 ਮਿਲੀਲਿਟਰ ਜਾਂ ਕਾਰਟਾਪ ਹਾਈਡਰੋਕਲੋਰਾਈਡ/ਮੋਰਟਾਰ 75 ਐੱਸਸੀ-170 ਗ੍ਰਾਮ, ਜਾਂ ਟਰਾਈਐਜ਼ੋਫਾਸ ਮਾਰਕਟਰਾਈਜੋ/ਸੂਟਾਥੀਆਨ 40 ਈਸੀ 350 ਮਿਲੀਲਿਟਰ ਜਾਂ ਮੋਨੋਕਰੋਟੋਫਾਸ/ਮੋਨੋਸਿਲ 35 ਐੱਸਐੱਲ 560 ਮਿਲੀਲਿਟਰ ਜਾਂ ਕਲੋਰਪਾਈਰੀਫਾਸ/ਕੋਰੋਬਾਨ/ਡਰਸਬਾਨ/ਲੀਥਲ/ ਕਲੋਰਗਾਰਡ/ ਡਰਮਟ/ ਕਲਾਸਿਕ/ਫੋਰਸ 20 ਈਸੀ ਦੀ ਇਕ ਲਿਟਰ ਮਾਤਰਾ 100 ਲਿਟਰ ਪਾਣੀ 'ਚ ਘੋਲ ਕੇ ਪ੍ਰਤੀ ਏਕੜ ਫ਼ਸਲ ਉੱਪਰ ਛਿੜਕਾਅ ਕਰੋ।

### ਗੁਲਾਬੀ ਸੁੰਡੀ

(Pink borer)

ਗੁਲਾਬੀ ਸੁੰਡੀ ਇਕ ਤੋਂ ਵੱਧ ਫ਼ਸਲਾਂ ਨੂੰ ਨੁਕਸਾਨ ਪਹੁੰਚਾਉਣ ਵਾਲਾ ਕੀੜਾ ਹੈ। ਉੱਤਰ ਭਾਰਤ 'ਚ ਇਹ ਕੀੜਾ ਝੋਨੇ, ਕਮਾਦ, ਮੱਕੀ ਤੇ ਕਣਕ 'ਤੇ ਪਾਇਆ ਜਾਂਦਾ ਹੈ। ਇਸ ਦਾ ਨੁਕਸਾਨ ਝੋਨੇ ਤੇ ਮੱਕੀ 'ਤੇ ਜ਼ਿਆਦਾ ਹੁੰਦਾ ਹੈ। ਇਸ ਦਾ ਨੁਕਸਾਨ ਕੈਟਰਪਿਲਰ ਦੁਆਰਾ ਕੀਤਾ ਜਾਂਦਾ ਹੈ, ਜੋ ਗੁਲਾਬੀ ਭੂਰੇ ਰੰਗ ਦਾ ਹੁੰਦਾ ਹੈ ਤੇ ਇਸ ਦਾ ਸਰੀਰ ਸਿਲੰਡਰ ਵਾਂਗ ਲੰਬਾ ਹੁੰਦਾ ਹੈ। ਇਹ ਕੀੜਾ ਮਾਰਚ-ਅਪ੍ਰੈਲ ਤੋਂ ਨਵੰਬਰ ਤਕ ਝੋਨੇ ਨੂੰ ਨੁਕਸਾਨ ਪਹੁੰਚਾਉਂਦਾ ਹੈ ਤੇ ਬਾਅਦ 'ਚ ਕਣਕ 'ਤੇ ਚਲਾ ਜਾਂਦਾ ਹੈ। ਮੌਥ ਰਾਤ ਨੂੰ ਚੁਸਤ ਹੁੰਦੀਆਂ ਹਨ ਤੇ ਪੱਤਿਆਂ 'ਤੇ ਜਾਂ ਜ਼ਮੀਨ 'ਚ ਆਂਡੇ ਦਿੰਦੀਆਂ ਹਨ ਜੋ 6-8 ਦਿਨ ਆਂਡੇ ਦੀ ਅਵਸਥਾ 'ਚ ਰਹਿ ਕੇ ਸੁੰਡੀ 'ਚ ਤਬਦੀਲ ਹੋ ਜਾਂਦੇ ਹਨ।।ਸੁੰਡੀਆਂ ਤਣੇ ਦੁਆਲੇ ਲਿਪਟੇ ਪੱਤੇ ਦੀ ਉੱਪਰਲੀ ਤਹਿ 'ਚ ਛੇਕ ਕਰ ਕੇ ਤਣੇ ਦੇ ਅੰਦਰ ਚਲੇ ਜਾਂਦੀਆਂ ਹਨ। ਇਸ ਕਰਕੇ ਗੋਭਾਂ ਸੁੱਕ ਜਾਂਦੀਆਂ ਹਨ। ਜਦੋਂ ਬੂਟਾ ਮਰ ਜਾਂਦਾ ਹੈ ਤਾਂ ਸੁੰਡੀਆਂ ਨੇੜਲੇ ਨਿਰੋਏ ਬੂਟੇ 'ਤੇ ਚਲੀਆਂ ਜਾਂਦੀਆਂ ਹਨ। ਇਹ ਕੀੜਾ ਸੁੰਡੀ ਦੀ ਅਵਸਥਾ ਵਿਚ 3-4 ਹਫ਼ਤੇ ਰਹਿੰਦਾ ਹੈ ਤੇ ਫਿਰ ਪਿਊਪਾ 'ਚ ਤਬਦੀਲ ਹੋ ਜਾਂਦਾ ਹੈ। ਪਿਊਪਾ ਦੀ ਅਵਸਥਾ ਇਕ ਹਫ਼ਤਾ ਰਹਿੰਦੀ ਹੈ। ਇਸ ਦਾ ਜੀਵਨ ਚੱਕਰ 6-7 ਹਫ਼ਤੇ ਦਾ ਹੈ। ਫ਼ਸਲ ਦੀ ਮੁਢਲੀ ਅਵਸਥਾ 'ਚ ਇਸ ਦੇ ਹਮਲੇ ਕਾਰਨ ਗੋਭਾਂ ਸੁੱਕ ਜਾਂਦੀਆਂ ਹਨ ਤੇ ਫ਼ਸਲ ਦੀ ਬਾਅਦ ਵਾਲੀ ਅਵਸਥਾ 'ਚ ਹਮਲਾ ਹੋਣ 'ਤੇ ਮੁੰਜਰਾਂ 'ਚ ਦਾਣੇ ਨਹੀ ਪੈਂਦੇ।

**ਰਸਾਇਣਕ ਰੋਕਥਾਮ :** ਜੇ 5 ਫ਼ੀਸਦੀ ਗੋਭਾਂ ਸੁੱਕੀਆਂ ਨਜ਼ਰ ਆਉਣ ਤਾਂ ਫਲਬੈਂਡਾਮਾਈਡ/ਫੇਮ 480 ਐੱਸਸੀ 20 ਮਿਲੀਲਿਟਰ ਜਾਂ ਕਾਰਟਾਪ ਹਾਈਡਰੋਕਲੋਰਾਈਡ/ ਮੋਰਟਾਰ 75 ਐੱਸਸੀ 170 ਗ੍ਰਾਮ, ਟਰਾਈਐਜ਼ੋਫਾਸ ਮਾਰਕਟਰਾਈਜੋ/ਸੂਟਾਥੀਆਨ 40 ਈਸੀ 350 ਮਿਲੀਲਿਟਰ ਜਾਂ ਮੋਨੋਕਰੋਟੋਫਾਸ/ਮੋਨੋਸਿਲ 36 ਐੱਸਐੱਲ 560 ਮਿਲੀਲਿਟਰ ਜਾਂ ਕਲੋਰਪਾਈਰੀਫਾਸ ਕੋਰੋਬਾਨ/ ਡਰਸਬਾਨ/ ਲੀਥਲ/ ਡਰਮਟ/ ਕਲਾਸਿਕ/ਫੋਰਸ 20 ਈਸੀ ਦੀ ਇਕ ਲਿਟਰ ਮਾਤਰਾ ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।

### ਪੱਤਾ ਲਪੇਟ ਸੁੰਡੀ

(Rice leaf folder)

ਪੱਤਾ ਲਪੇਟ ਸੁੰਡੀ ਇੰਡੋਨੇਸ਼ੀਆ, ਕੋਰੀਆ, ਮਲੇਸ਼ੀਆ, ਫਿਲੀਪੀਨਸ, ਪਾਕਿਸਤਾਨ ਤੇ ਭਾਰਤ 'ਚ ਪਾਈ ਜਾਂਦੀ ਹੈ। ਮੌਥ ਦਾ ਰੰਗ ਸੁਨਿਹਰੀ ਜਾਂ ਪੀਲਾ ਭੂਰਾ ਹੁੰਦਾ ਹੈ। ਸਰੀਰ ਦੀ ਲੰਬਾਈ 8-10 ਮਿਲੀਮੀਟਰ ਤੇ ਖੰਭ ਤੋਂ ਖੰਭ ਤਕ ਚੌੜਾਈ 16-20 ਮਿਲੀਮੀਟਰ ਹੁੰਦੀ ਹੈ। ਇਸ ਦੇ ਹਰੇ ਰੰਗ ਦੇ ਕੈਟਰਪਿਲਰ ਪੱਤੇ ਦੇ ਸਿਰੇ ਨੂੰ ਆਪਸ 'ਚ ਲਪੇਟ ਕੇ ਅੰਦਰੋਂ ਹਰਾ ਮਾਦਾ ਖਾਂਦੇ ਹਨ, ਜਿਸ ਨਾਲ ਪੱਤਿਆਂ 'ਤੇ ਚਿੱਟੀਆਂ ਧਾਰੀਆਂ ਪੈ ਜਾਂਦੀਆਂ ਹਨ। ਇਸ ਕੀੜੇ ਦੀ ਮੌਥ ਕਰੀਮ ਰੰਗ ਦੇ ਆਂਡੇ ਪੱਤੇ ਦੇ ਹੇਠਲੇ ਪਾਸੇ ਜਾਂ ਤਣੇ ਦੁਆਲੇ ਲਿਪਟੇ ਪੱਤੇ ਦੇ ਅੰਦਰ ਦਿੰਦੀ ਹੈ, ਜੋ 3-4 ਦਿਨ ਆਂਡੇ ਦੀ ਅਵਸਥਾ 'ਚ ਰਹਿ ਕੇ ਸੁੰਡੀ 'ਚ ਬਦਲ ਜਾਂਦੇ ਹਨ। ਸੁੰਡੀ 15-25 ਦਿਨ ਇਸ ਅਵਸਥਾ 'ਚ ਗੁਜ਼ਾਰਨ ਤੋਂ ਬਾਅਦ ਪਿਊਪਾ 'ਚ ਤਬਦੀਲ ਹੋ ਜਾਂਦੀ ਹੈ। ਪਿਊਪਾ ਦੀ ਅਵਸਥਾ 6-8 ਦਿਨ ਰਹਿੰਦੀ ਹੈ ਤੇ ਇਸ ਦਾ ਜੀਵਨ ਚੱਕਰ 25-35 ਦਿਨ 'ਚ ਪੂਰਾ ਹੋ ਜਾਂਦਾ ਹੈ।

ਛੋਟੀਆਂ ਸੁੰਡੀਆਂ ਨਾਜ਼ੁਕ ਪੱਤਿਆਂ ਨੂੰ ਬਿਨ੍ਹਾਂ ਲਪੇਟੇ ਖਾਂਦੀਆਂ ਹਨ ਤੇ ਵੱਡੀਆਂ ਸੁੰਡੀਆਂ ਪੱਤੇ ਦੇ ਦੋਵੇਂ ਸਿਰੇ ਲੰਬਾਈ ਰੁਖ਼ ਇਕ ਚਿਪਚਿਪੇ ਪਦਾਰਥ ਨਾਲ ਜੋੜ ਕੇ ਪੱਤੇ ਨੂੰ ਲਪੇਟ ਲੈਂਦੀਆ ਹਨ ਤੇ ਅੰਦਰ ਬੈਠ ਕੇ ਪੱਤੇ ਦਾ ਹਰਾ ਮਾਦਾ ਖਾਂਦੀਆਂ ਹਨ। ਇਸ ਨਾਲ ਪੱਤੇ ਝਿੱਲੀਦਾਰ ਤੇ ਚਿੱਟੇ ਹੋ ਕੇ ਅਖ਼ੀਰ 'ਚ ਸੁੱਕ ਜਾਂਦੇ ਹਨ।

**ਰੋਕਥਾਮ :** ਫਸਲ ਦੇ ਨਿਸਰਣ ਤੋਂ ਪਹਿਲਾਂ, ਕੀੜੇ ਦਾ ਹਮਲਾ ਹੋਣ 'ਤੇ 20-30 ਮੀਟਰ ਲੰਬੀ ਨਾਰੀਅਲ ਜਾਂ ਮੁੰਜ ਦੀ ਰੱਸੀ ਫ਼ਸਲ ਦੇ ਉੱਪਰਲੇ ਹਿਸੇ 'ਤੇ ਕਿਆਰੇ ਦੇ ਇਕ ਸਿਰੇ ਤੋਂ ਦੂਸਰੇ ਸਿਰੇ ਤਕ ਦੋ ਵਾਰ ਫੇਰੋ।।ਰੱਸੀ ਫੇਰਨ ਵੇਲੇ ਫ਼ਸਲ 'ਚ ਪਾਣੀ ਜ਼ਰੂਰ ਖੜ੍ਹਾ ਹੋਵੇ। ਝੋਨੇ ਦੇ ਬੰਨਿਆਂ ਨੂੰ ਘਾਹ ਵਾਲੇ ਨਦੀਨਾਂ ਤੋਂ ਸਾਫ ਰੱਖੋ। ਪੱਤਾ ਲਪੇਟ ਸੁੰਡੀ ਦਾ ਪਤੰਗਾ ਰੋਸ਼ਨੀ ਪ੍ਰਤੀ ਖਿੱਚ ਰੱਖਦਾ ਹੈ ਇਸ ਲਈ ਰੋਸ਼ਨੀ ਯੰਤਰਾਂ ਦੀ ਵਰਤੋਂ ਇਸ ਦੀ ਗਿਣਤੀ ਘਟਾਉਣ 'ਚ ਮਦਦਗਾਰ ਸਾਬਤ ਹੁੰਦੇ ਹਨ।

**ਰਸਾਇਣਕ ਰੋਕਥਾਮ :** ਜੇ ਪੱਤਿਆਂ 'ਤੇ ਕੀੜੇ ਦਾ 10 ਫ਼ੀਸਦੀ ਹਮਲਾ ਨਜ਼ਰ ਆਵੇ ਤਾਂ ਫਲਬੈਂਡਾਮਾਈਡ/ਫੇਮ 480 ਐੱਸਸੀ-20 ਮਿਲੀਲਿਟਰ ਜਾਂ ਕਾਰਟਾਪ ਹਾਈਡਰੋਕਲੋਰਾਈਡ / ਮੋਰਟਾਰ 75 ਐੱਸਸੀ-170 ਗ੍ਰਾਮ ਜਾਂ ਟਰਾਈਐਜ਼ੋ ਫਾਸ ਮਾਰਕਟਰਾਈਜੋ/ ਸੂਟਾਥੀਆਨ 40 ਈਸੀ-350 ਮਿਲੀਲਿਟਰ ਜਾਂ ਮੋਨੋਕਰੋਟੋਫਾਸ/ ਮੋਨੋਸਿਲ 36 ਐੱਸਐੱਲ-560 ਮਿਲੀਲਿਟਰ ਜਾਂ ਕਲੋਰਪਾਈਰੀਫਾਸ/ ਕੋਰੋਬਾਨ /ਲੀਥਲ/ਕਲੋਰਗਾਰਡ/ ਡਰਮਟ/ ਕਲਾਸਿਕ/ ਫੋਰਸ 20 ਈਸੀ ਦੀ ਇਕ ਲਿਟਰ ਮਾਤਰਾ ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ। •

*ਮੋਬਾਈਲ 98148-25584*

---

# ਖੇਤੀ ਰਹਿੰਦ-ਖੂੰਹਦ ਦੀ ਸੁਚੱਜੀ ਵਰਤੋਂ



*ਫ਼ਸਲੀ ਉਤਪਾਦਨ ਸਮੇਂ ਬਹੁਤ ਸਾਰੀ ਅਜਿਹੀ ਸਮੱਗਰੀ ਪੈਦਾ ਹੁੰਦੀ ਹੈ, ਜਿਸ ਨੂੰ ਬੇਕਾਰ ਸਮਝ ਕੇ ਖੇਤਾਂ ਵਿਚ ਹੀ ਸਾੜ ਦਿੱਤਾ ਜਾਂਦਾ ਹੈ। ਇਸ ਰਹਿੰਦ-ਖੂੰਹਦ ਨੂੰ ਖੇਤ ਵਿਚ ਹੀ ਗਾਲ ਕੇ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਈ ਜਾ ਸਕਦੀ ਹੈ...*

• ਦਿਨੇਸ਼ ਦਮਾਥੀਆ

ਖੇਤੀਬਾੜੀ 'ਚ ਕੁਝ ਵੀ ਬੇਕਾਰ ਨਹੀਂ ਹੁੰਦਾ। ਜ਼ਰੂਰਤ ਉਸ ਦੀ ਸੁਚੱਜੀ ਵਰਤੋਂ ਖੇਤਾਂ ਵਿਚ ਕੀਤੇ ਜਾਣ ਦੀ ਹੈ। ਫ਼ਸਲੀ ਰਹਿੰਦ-ਖੂੰਹਦ ਨੂੰ ਖੇਤ 'ਚ ਵਾਹ ਕੇ ਖਾਦ ਦਾ ਕੰਮ ਲਿਆ ਜਾ ਸਕਦਾ ਹੈ। ਇਹ ਰਹਿੰਦ-ਖੂੰਹਦ ਖੇਤ ਦੀ ਜ਼ਮੀਨ 'ਚ ਨਮੀਂ ਵੀ ਬਰਕਰਾਰ ਰੱਖਦੀ ਹੈ। ਖੇਤੀ ਵਿਗਿਆਨੀ ਇਸ ਨੂੰ ਮਲਚਿੰਗ ਦਾ ਨਾਂ ਦਿੰਦੇ ਹਨ। ਪਰਾਲੀ, ਨਾੜ ਅਤੇ ਕਮਾਦ ਦੀ ਖੋਰੀ ਜਾਂ ਛੋਈ ਇਸ ਕੰਮ ਲਈ ਬਹੁਤ ਵਧੀਆ ਸਾਬਤ ਹੁੰਦੀ ਹੈ।

### ਜ਼ਮੀਨ ਰਹੇਗੀ ਸਿਹਤਮੰਦ

ਅਕਸਰ ਕਿਸਾਨ ਪਰਾਲੀ, ਨਾੜ, ਖੋਰੀ, ਸਰ੍ਹੋਂ, ਸੂਰਜਮੁਖੀ ਤੇ ਸਬਜ਼ੀਆਂ ਦੀ ਰਹਿੰਦ-ਖੂੰਹਦ ਨੂੰ ਅੱਗ ਲਾ ਦਿੰਦੇ ਹਨ, ਜਿਸ ਨਾਲ ਜ਼ਮੀਨ ਵਿਚਲੇ ਉਪਜਾਊ ਤੱਤ ਨਸ਼ਟ ਹੋ ਜਾਂਦੇ ਹਨ। ਬਾਅਦ 'ਚ ਇਨ੍ਹਾਂ ਤੱਤਾਂ ਦੀ ਪੂਰਤੀ ਖਾਦਾਂ ਪਾ ਕੇ ਕਰਨੀ ਪੈਂਦੀ ਹੈ। ਫ਼ਸਲੀ ਰਹਿੰਦ-ਖੂੰਹਦ ਨਾਲ ਨਦੀਨਾਂ ਦੀ ਵੀ ਰੋਕਥਾਮ ਕੀਤੀ ਜਾ ਸਕਦੀ ਹੈ। ਪਰਾਲੀ ਦੀ ਤਾਂ ਖਾਦ ਵੀ ਬਣਾਈ ਜਾਣ ਲੱਗੀ ਹੈ। ਜੇ ਮੱਕੀ ਦੀ ਫ਼ਸਲ ਦੀ ਗੱਲ ਕਰੀਏ ਤਾਂ ਮੱਕੀ ਤੋਂ ਪਹਿਲਾਂ ਬੇਬੀ ਕੌਰਨ, ਫਿਰ ਕੱਚੀ ਛੱਲੀ, ਫਿਰ ਪੱਕੀ ਛੱਲੀ, ਫਿਰ ਪਸ਼ੂਆਂ ਲਈ ਚਾਰਾ ਤੇ ਖੇਤ 'ਚ ਬਚਦੇ ਮੱਕੀ ਦੇ ਟਾਂਡਿਆਂ ਦੀਆਂ ਜੜ੍ਹਾਂ ਨੂੰ ਜ਼ਮੀਨ ਵਿਚ ਹੀ ਦੱਬਿਆ ਜਾ ਸਕਦਾ ਹੈ। ਇਹ ਰਹਿੰਦ-ਖੂੰਹਦ ਖੇਤਾਂ 'ਚ ਅਗਲੀ ਫ਼ਸਲ ਲਈ ਖਾਦ ਦਾ ਕੰਮ ਕਰੇਗੀ ਜਿਸ ਨਾਲ ਕਿਸਾਨ ਨੂੰ ਆਰਥਿਕ ਲਾਭ ਪੁੱਜੇਗਾ ਅਤੇ ਜ਼ਮੀਨ ਦੀ ਸਿਹਤ ਵੀ ਨਰੋਈ ਰਹਿੰਦੀ ਹੈ।



### ਖੇਤ ਦੀ ਨਮੀ ਰਹੇਗੀ ਬਰਕਰਾਰ

ਫ਼ਸਲੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਦੇ ਸਿਲਸਿਲੇ 'ਚ ਪਹਿਲਾਂ ਕਿਸਾਨ ਸਿਰਫ਼ ਕਣਕ ਦੀ ਕਟਾਈ ਤੋਂ ਬਾਅਦ ਨਾੜ ਅਤੇ ਮੁੜ ਝੋਨੇ ਦੀ ਕਟਾਈ ਤੋਂ ਬਾਅਦ ਪਰਾਲੀ ਨੂੰ ਹੀ ਅੱਗ ਲਗਾਉਂਦੇ ਸਨ ਪਰ ਹੁਣ ਲਗਪਗ ਹਰ ਫ਼ਸਲ ਦੀ ਰਹਿੰਦ-ਖੂੰਹਦ ਨੂੰ ਅੱਗ ਲਾ ਕੇ ਖੇਤ ਵਿਚ ਹੀ ਸਾੜਨ ਦਾ ਸਿਲਸਿਲਾ ਚੱਲ ਪਿਆ ਹੈ। ਫ਼ਸਲੀ ਰਹਿੰਦ-ਖੂੰਹਦ ਕਾਰਨ ਜ਼ਮੀਨ 'ਚ ਨਮੀ ਬਰਕਰਾਰ ਰਹਿਣ ਕਾਰਨ ਪਾਣੀ ਦੀ ਬਰਬਾਦੀ ਵੀ ਘੱਟ ਹੁੰਦੀ ਹੈ।

### ਰਹਿੰਦ-ਖੂੰਹਦ ਤੋਂ ਬਣਾਓ ਵਰਮੀ ਕੰਪੋਸਟ

ਜੈਵਿਕ ਅਤੇ ਕੁਦਰਤੀ ਖੇਤੀ ਕਰਨ ਵਾਸਤੇ ਖੇਤੀ ਰਹਿੰਦ-ਖੂੰਹਦ ਨੂੰ ਖੇਤਾਂ ਵਿਚ ਵਰਤਣਾ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਅਤੇ ਇਹ ਕੋਈ ਔਖਾ ਕੰਮ ਨਹੀਂ ਹੈ। ਫ਼ਸਲੀ ਰਹਿੰਦ-ਖੂੰਹਦ ਨੂੰ ਖੇਤ ਵਿਚ ਵਾਹ ਕੇ ਸਿਰਫ਼ ਪਾਣੀ ਲਗਾਉਣਾ ਹੁੰਦਾ ਹੈ। ਬਾਕੀ ਕੰਮ ਕੁਦਰਤ ਆਪ ਹੀ ਕਰ ਲੈਂਦੀ ਹੈ। ਇਸ ਤੋਂ ਇਲਾਵਾ ਫ਼ਸਲਾਂ ਦੀ ਬਹੁਤ ਸਾਰੀ ਰਹਿੰਦ-ਖੂੰਹਦ ਨੂੰ ਪਸ਼ੂਆਂ ਦੇ ਚਾਰੇ ਵਜੋਂ ਵੀ ਵਰਤਿਆ ਜਾ ਸਕਦਾ ਹੈ। ਪਸ਼ੂਆਂ ਦੇ ਗੋਹੇ ਤੋਂ ਬਣੀ ਦੇਸੀ ਰੂੜੀ ਅਤੇ ਪਿਸ਼ਾਬ ਨੂੰ ਵੀ ਖੇਤਾਂ ਵਿਚ ਖਾਦ ਦਾ ਵਧੀਆ ਬਦਲ ਮੰਨਿਆ ਜਾਂਦਾ ਹੈ। ਘਰੇਲੂ ਰਸੋਈ ਵਿਚ ਪੈਦਾ ਹੋਈ ਬਚ-ਖੁਚ ਤੋਂ ਵੀ ਗੰਡੋਇਆਂ ਦੀ ਮਦਦ ਨਾਲ ਕੰਪੋਸਟ ਖਾਦ ਬਣਾ ਕੇ ਵੀ ਖੇਤਾਂ ਵਿਚ ਵਰਤਿਆ ਜਾ ਸਕਦਾ ਹੈ।

### ਘੱਟ ਰਹਿੰਦ-ਖੂੰਹਦ ਵਾਲੀਆਂ ਫ਼ਸਲਾਂ ਬੀਜੋ

ਕਿਸਾਨਾਂ ਨੂੰ ਆਪਣੇ ਪੱਧਰ 'ਤੇ ਖੇਤਾਂ ਵਿਚ ਰਹਿੰਦ-ਖੂੰਹਦ ਨੂੰ ਪੈਦਾ ਹੋਣ ਤੋਂ ਰੋਕਣਾ ਚਾਹੀਦਾ ਹੈ। ਇਸ ਦੇ ਲਈ ਉਨ੍ਹਾਂ ਨੂੰ ਉਹੀ ਕਿਸਮਾਂ ਬੀਜਣੀਆਂ ਚਾਹੀਦੀਆਂ ਹਨ, ਜਿਨ੍ਹਾਂ ਤੋਂ ਰਹਿੰਦ-ਖੂੰਹਦ ਘੱਟ ਪੈਦਾ ਹੁੰਦੀ ਹੈ। ਸਰਕਾਰ ਨੂੰ ਵੀ ਇਸ ਦਿਸ਼ਾ 'ਚ ਕਿਸਾਨਾਂ ਦੇ ਹਿੱਤ ਵਿਚ ਲੋੜੀਂਦੀਆਂ ਸਕੀਮਾਂ ਬਣਾਉਣੀਆਂ ਚਾਹੀਦੀਆਂ ਹਨ। ਕਿਸਾਨ ਦਰੱਖ਼ਤਾਂ ਦੇ ਪੱਤੇ ਅਤੇ ਬੇਕਾਰ ਫੁੱਲਾਂ ਆਦਿ ਨੂੰ ਵੀ ਖੇਤਾਂ ਵਿਚ ਵਾਹ ਕੇ ਜ਼ਮੀਨ ਦੀ ਸਿਹਤ ਨੂੰ ਠੀਕ ਰੱਖ ਸਕਦੇ ਹਨ। ਅਜੋਕੀ ਆਧੁਨਿਕ ਖੇਤੀ ਦੇ ਹਾਣ ਦਾ ਹੋਣ ਲਈ ਹਰ ਕਿਸਾਨਾਂ ਲਈ ਜ਼ਰੂਰੀ ਹੋ ਚੁੱਕਾ ਹੈ।ਕਿ ਉਨ੍ਹਾਂ ਨੂੰ ਜ਼ਮੀਨ ਵਿਚਲੇ ਪੌਸ਼ਟਿਕ ਤੱਤਾਂ ਬਾਰੇ ਵੀ ਜਾਣਕਾਰੀ ਹੋਵੇ। ਇਸ ਦੇ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੇ ਖੇਤੀਬਾੜੀ ਵਿਭਾਗ ਦੇ ਵਿਗਿਆਨੀਆਂ ਪਾਸੋਂ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਦੇ ਲਈ ਕਿਸਾਨ ਆਪਸੀ ਵਿਚਾਰ-ਵਟਾਂਦਰਾ ਵੀ ਜ਼ਰੂਰ ਕਰਨ। ਜਿਹੜੇ ਕਿਸਾਨ ਫ਼ਸਲੀ ਰਹਿੰਦ-ਖੂੰਹਦ ਦੀ ਖੇਤਾਂ 'ਚ ਵਰਤੋਂ ਕਰਦੇ ਹਨ, ਉਨ੍ਹਾਂ ਤੋਂ ਇਸ ਦੇ ਫ਼ਾਇਦਿਆਂ ਬਾਰੇ ਰਾਏ ਲਈ ਜਾ ਸਕਦੀ ਹੈ। ਇਹ ਮਸ਼ਵਰਾ ਰਹਿੰਦ-ਖੂੰਹਦ ਨੂੰ ਸਾੜਨ ਵਾਲੇ ਕਿਸਾਨਾਂ ਲਈ ਪ੍ਰੇਰਣਾ ਸਰੋਤ ਬਣੇਗਾ। ਜੇ ਅਸੀਂ ਆਰਥਿਕ ਗਿਰਾਵਟ ਵੱਲ ਜਾ ਰਹੀ ਕਿਰਸਾਨੀ ਨੂੰ ਮੁੜ ਲੀਹ 'ਤੇ ਲਿਆਉਣਾ ਚਾਹੁੰਦੇ ਹਾਂ ਅਤੇ ਖਾਦਾਂ ਉੱਪਰ ਹੋਣ ਵਾਲੇ ਬੇਲੋੜੇ ਖ਼ਰਚਿਆਂ 'ਤੇ ਲਗਾਮ ਲਗਾਉਣੀ ਚਾਹੁੰਦੇ ਹਾਂ ਤਾਂ ਸਾਨੂੰ ਫ਼ਸਲੀ ਰਹਿੰਦ-ਖੂੰਹਦ ਦੀ ਢੁੱਕਵੀਂ ਵਰਤੋਂ ਦੀ ਪਹਿਲ ਕਰਨੀ ਹੀ ਪਵੇਗੀ। •

**ਮੋਬਾਈਲ** 94177-14390

---

• ਡਾ. ਅਰਸ਼ਦੀਪ ਕੌਰ, ਡਾ. ਹਰਸਿਮਰਨਜੀਤ ਕੌਰ

# ਖੇਤੀ ਵਿਚ ਕੀਟਨਾਸ਼ਕਾਂ ਦੀ ਸੁਚੱਜੀ ਵਰਤੋਂ

*ਫ਼ਸਲ ਉੱਪਰ ਕੀਟਨਾਸ਼ਕਾਂ ਦੀ ਸਪਰੇਅ ਕਰਦੇ ਸਮੇਂ ਜੇ ਕੁਝ ਸਾਵਧਾਨੀਆਂ ਵਰਤੀਆਂ ਜਾਣ ਤਾਂ ਇਸ ਨਾਲ ਲਾਗਤ ਮੁੱਲ 'ਚ ਵੀ ਕਮੀ ਆਉਂਦੀ ਹੈ ਅਤੇ ਵਾਤਾਵਰਨ ਉੱਪਰ ਵੀ ਮਾੜਾ ਅਸਰ ਨਹੀਂ ਪੈਂਦਾ...*

ਫ਼ਸਲ ਦੀ ਬਿਜਾਈ ਤੋਂ ਕਟਾਈ ਤਕ ਕਈ ਤਰ੍ਹਾਂ ਦੇ ਕੀੜੇ, ਜੀਵ ਜੰਤੂ ਫ਼ਸਲਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਹਾਨੀਕਾਰਕ ਕੀੜਿਆਂ ਦੇ ਨੁਕਸਾਨ ਨੂੰ ਘਟਾਉਣ ਲਈ ਸਾਨੂੰ ਕੀਟਨਾਸ਼ਕਾਂ ਦੀ ਵਰਤੋਂ ਕਰਨੀ ਪੈਂਦੀ ਹੈ ਪਰ ਇਨ੍ਹਾਂ ਦੀ ਬੇਲੋੜੀ ਵਰਤੋਂ ਨਾਲ ਕਈ ਮੁਸ਼ਕਿਲਾਂ ਪੈਦਾ ਹੋ ਜਾਂਦੀਆਂ ਹਨ, ਜਿਵੇਂ ਕਿ ਕੀੜਿਆਂ ਅੰਦਰ ਜ਼ਹਿਰ ਪ੍ਰਤੀ ਸਹਿਣਸ਼ਕਤੀ ਦਾ ਪੈਦਾ ਹੋਣਾ, ਮਿੱਤਰ ਕੀੜਿਆਂ ਦੀ ਗਿਣਤੀ ਦਾ ਘਟਣਾ, ਮਨੁੱਖ, ਪਸ਼ੂ-ਪੰਛੀਆਂ ਉੱਪਰ ਜ਼ਹਿਰਾਂ ਦੇ ਮਾੜੇ ਪ੍ਰਭਾਵ, ਮਿੱਟੀ, ਹਵਾ, ਪਾਣੀ, ਫਲਾਂ-ਸਬਜ਼ੀਆਂ ਵਿਚ ਰਸਾਇਣਾਂ ਦਾ ਪ੍ਰਭਾਵ ਸ਼ਾਮਲ ਹੋ ਜਾਂਦਾ ਹੈ। ਇਸ ਲਈ ਖੇਤੀ ਰਸਾਇਣਾਂ ਦੀ ਸੁਚੱਜੀ ਵਰਤੋਂ ਕੀਤੀ ਜਾਣੀ ਬੇਹੱਦ ਜ਼ਰੂਰੀ ਹੈ ਤਾਂ ਜੋ ਇਨ੍ਹਾਂ ਦੇ ਮਾਰੂ ਅਸਰ ਤੋਂ ਬਚਿਆ ਜਾ ਸਕੇ। ਇਸ ਲਈ ਕੀਟਨਾਸ਼ਕਾਂ ਦੀ ਚੋਣ ਲੋੜ ਅਨੁਸਾਰ ਬੜੇ ਧਿਆਨ ਨਾਲ ਕਰਨੀ ਚਾਹੀਦੀ ਹੈ। ਕਿਸਾਨਾਂ ਨੂੰ ਫ਼ਸਲਾਂ ਦੇ ਹਾਨੀਕਾਰਕ ਕੀੜਿਆਂ ਤੇ ਉਨ੍ਹਾਂ ਦੇ ਹਮਲੇ ਦੀ ਪਛਾਣ ਹੋਣੀ ਲਾਜ਼ਮੀ ਹੈ। ਕੀੜਿਆਂ ਦੇ ਹਮਲੇ ਤੇ ਰੋਕਥਾਮ ਦੀ ਲੋੜ ਦੇ ਸਮੇਂ ਦਾ ਪਤਾ ਲਗਾਉਣ ਲਈ ਕਿਸਾਨਾਂ ਨੂੰ ਲਗਾਤਾਰ ਆਪਣੀ ਫ਼ਸਲ ਦਾ ਸਰਵੇਖਣ ਕਰਦੇ ਰਹਿਣਾ ਚਾਹੀਦਾ ਹੈ।



### ਛਿੜਕਾਅ ਤੋਂ ਪਹਿਲਾਂ ਸਾਵਧਾਨੀਆਂ

ਕੀਟਨਾਸ਼ਕ ਦਵਾਈ ਛਿੜਕਣ ਵਾਲਾ ਪੰਪ ਠੀਕ ਹਾਲਤ ਵਿਚ ਹੋਣਾ ਚਾਹੀਦਾ ਹੈ। ਜੇ ਇਹ ਪੰਪ ਪਹਿਲਾਂ ਕਿਸੇ ਹੋਰ ਨਦੀਨਨਾਸ਼ਕ ਦਵਾਈ ਦੇ ਛਿੜਕਾਅ ਲਈ ਵਰਤਿਆ ਹੋਵੇ ਤਾਂ ਇਸ ਨੂੰ ਕੱਪੜੇ ਧੋਣ ਵਾਲੇ ਸੋਡੇ ਨਾਲ ਚੰਗੀ ਤਰ੍ਹਾਂ ਧੋ ਲੈਣਾ ਚਾਹੀਦਾ ਹੈ। ਜੇ ਖੇਤ ਦੇ ਨੇੜੇ ਸ਼ਹਿਦ ਦੀਆਂ ਮੱਖੀਆਂ ਦੇ ਬਕਸੇ ਹੋਣ ਤਾਂ ਉਨ੍ਹਾਂ ਨੂੰ ਦਵਾਈ ਛਿੜਕਣ ਤੋਂ ਪਹਿਲਾਂ ਖੇਤ ਤੋਂ ਦੂਰ ਹਟਾ ਦੇਵੋ। ਦਵਾਈ ਛਿੜਕਣ ਤੋਂ ਪਹਿਲਾਂ ਪੱਕੇ ਹੋਏ ਫਲ ਅਤੇ ਸਬਜ਼ੀਆਂ ਤੋੜ ਲਵੋ। ਛਿੜਕਾਅ ਤੋਂ ਬਾਅਦ ਪੀਏਯੂ ਵੱਲੋਂ ਨਿਰਧਾਰਤ ਸਮੇਂ ਨੂੰ ਜ਼ਰੂਰ ਵੇਖ ਲੈਣਾ ਚਾਹੀਦਾ ਹੈ। ਦਵਾਈ ਨੂੰ ਅਸਲੀ ਡੱਬੇ ਵਿਚ ਹੀ ਰੱਖੋ। ਡੱਬੇ ਉੱਪਰ ਲੱਗਾ ਦਵਾਈ ਦਾ ਲੇਬਲ ਨਾ ਉਤਾਰੋ। ਕੀਟਨਾਸ਼ਕਾਂ ਨੂੰ ਧੁੱਪ, ਅੱਗ ਅਤੇ ਖਾਣ-ਪੀਣ ਵਾਲੀਆਂ ਵਸਤਾਂ ਤੋਂ ਦੂਰ ਰੱਖੋ। ਇਨਾਂ ਨੂੰ ਕਦੇ ਵੀ ਰਸੋਈ, ਰਹਿਣ ਵਾਲੇ ਕਮਰੇ, ਬੱਚਿਆਂ ਅਤੇ ਪਾਲਤੂ ਪਸ਼ੂਆਂ ਦੀ ਪਹੁੰਚ ਤੋਂ ਦੂਰ ਰੱਖੋ।

### ਸਿਫਾਰਸ਼ ਕੀਤੀਆਂ ਦਵਾਈਆਂ ਹੀ ਖ਼ਰੀਦੋ

*ਕੀਟਨਾਸ਼ਕ ਦੀ ਲੋੜ ਅਨੁਸਾਰ ਅਤੇ ਕਿਸੇ ਭਰੋਸੇਯੋਗ ਦੁਕਾਨਦਾਰ ਪਾਸੋਂ ਓਨੀ ਮਾਤਰਾ ਵਿਚ ਹੀ ਖ਼ਰੀਦ ਕਰੋ ਜਿੰਨੀ ਇਸ ਲਈ ਫ਼ਸਲ ਲਈ ਜ਼ਰੂਰਤ ਹੋਵੇ। ਕੀਟਨਾਸ਼ਕ ਖ਼ਰੀਦਣ ਵੇਲੇ ਇਸ ਦੇ ਲੇਬਲ ਉੱਤੇ ਲਿਖੀ ਇਸ ਦੀ ਮਿਆਦ ਜ਼ਰੂਰ ਪੜ੍ਹ ਲੈਣੀ ਚਾਹੀਦੀ ਹੈ। ਕੀਟਨਾਸ਼ਕ ਦਵਾਈ ਦੇ ਹਰ ਡੱਬੇ ਨਾਲ ਇਕ ਇਸ਼ਤਿਹਾਰ ਮੁਫ਼ਤ ਮਿਲਦਾ ਹੈ। ਕੀਟਨਾਸ਼ਕ ਦੀ ਖ਼ਰੀਦ ਕਰਦੇ ਸਮੇਂ ਇਹ ਇਸ਼ਤਿਹਾਰ ਦੁਕਾਨਦਾਰ ਪਾਸੋਂ ਜ਼ਰੂਰ ਪ੍ਰਾਪਤ ਕਰ ਲੈਣਾ ਚਾਹੀਦਾ ਹੈ, ਕਿਉਂਕਿ ਇਸ ਉੱਪਰ ਦਵਾਈ ਦੀ ਕਿਸਮ, ਗ਼ਲਤੀ ਨਾਲ ਵਰਤੋਂ ਹੋਣ 'ਤੇ ਦਵਾਈ ਦੇ ਜ਼ਹਿਰੀਲੇ ਅਸਰ ਅਤੇ ਉਸ ਦੇ ਇਲਾਜ ਅਤੇ ਵਰਤੋਂ ਸਬੰਧੀ ਹੋਰ ਸੂਚਨਾਵਾਂ ਲਿਖੀਆਂ ਹੁੰਦੀਆਂ ਹਨ। ਇਸ ਤੋਂ ਇਲਾਵਾ ਕੀਟਨਾਸ਼ਕ ਦੀ ਖ਼ਰੀਦ ਦਾ ਪੱਕਾ ਬਿੱਲ ਜ਼ਰੂਰ ਲਵੋ।*



*ਕੀਟਨਾਸ਼ਕ ਦੇ ਛਿੜਕਾਅ ਵਾਲੇ ਖੇਤ ਵਿਚ ਘੱਟੋ ਘੱਟ 24 ਘੰਟੇ ਤਕ ਕਿਸੇ ਆਦਮੀ ਜਾਂ ਪਸ਼ੂ ਨੂੰ ਦਾਖ਼ਲ ਹੋਣ ਤੋਂ ਰੋਕੋ...*

### ਛਿੜਕਾਅ ਸਮੇਂ ਸਾਵਧਾਨੀਆਂ

ਖਾਲੀ ਪੇਟ ਕੀਟਨਾਸ਼ਕ ਦਾ ਛਿੜਕਾਅ ਨਾ ਕਰੋ। ਛਿੜਕਾਅ ਤੋਂ ਬਾਅਦ ਨਹਾ ਕੇ ਕੱਪੜੇ ਬਦਲ ਲਵੋ। ਛਿੜਕਾਅ ਹਮੇਸ਼ਾਂ ਹਵਾ ਦੇ ਰੁਖ਼ ਵੱਲ ਹੀ ਕਰਨਾ ਚਾਹੀਦਾ ਹੈ। ਛਿੜਕਾਅ ਸਮੇਂ ਗੈਸ-ਮਾਸਕ, ਦਸਤਾਨੇ ਤੇ ਪੂਰੇ ਕੱਪੜੇ ਪਾਉਣੇ ਚਾਹੀਦੇ ਹਨ। ਘੋਲ ਬਣਾਉਣ ਲਈ ਸਾਫ਼ ਪਾਣੀ ਦੀ ਵਰਤੋਂ ਕਰੋ। ਛਿੜਕਾਅ ਸਮੇਂ ਨੋਜ਼ਲ ਦੀ ਉਚਾਈ ਡੇਢ ਫੁੱਟ ਰੱਖੋ। ਛਿੜਕਾਅ ਉਸ ਸਮੇਂ ਕਰੋ, ਜਦੋਂ ਮਿੱਤਰ ਕੀੜਿਆਂ ਦੀ ਗਿਣਤੀ ਘੱਟ ਹੋਵੇ। ਛਿੜਕਾਅ ਹਮੇਸ਼ਾ ਸਵੇਰੇ ਜਾਂ ਸ਼ਾਮ ਵੇਲੇ ਹੀ ਕਰੋ। ਜੇ ਹੱਥਾਂ ਜਾਂ ਬਾਹਾਂ ਉੱਪਰ ਕੋਈ ਜ਼ਖ਼ਮ ਹੋਵੇ ਤਾਂ ਛਿੜਕਾਅ ਨਾ ਕਰੋ। ਦਾਣੇਦਾਰ ਦਵਾਈਆਂ ਦੀ ਵਰਤੋਂ ਸਮੇਂ ਦਸਤਾਨੇ ਜ਼ਰੂਰ ਪਾਓ। ਬੰਦ ਨੋਜ਼ਲ ਨੂੰ ਮੂੰਹ ਨਾਲ ਫੂਕ ਮਾਰ ਕੇ ਨਾ ਖੋਲ੍ਹੋ। ਜੇ ਛਿੜਕਾਅ ਕਰਨ ਵਾਲਾ ਵਿਅਕਤੀ ਕਮਜ਼ੋਰੀ, ਸਿਰਦਰਦ, ਚੱਕਰ ਆਉਣੇ ਮਹਿਸੂਸ ਕਰੇ ਤਾਂ ਉਸ ਨੂੰ ਤੁਰੰਤ ਡਾਕਟਰ ਕੋਲ ਲੈ ਜਾਓ।

### ਕੀਟਨਾਸ਼ਕਾਂ ਦੀ ਵਰਤੋਂ ਤੋਂ ਬਾਅਦ

ਵਰਤੋਂ ਤੋਂ ਬਾਅਦ ਬਚੇ ਹੋਏ ਕੀਟਨਾਸ਼ਕ ਦੇ ਡੱਬੇ ਜਾਂ ਬੋਤਲ ਨੂੰ ਬੰਦ ਕਰ ਕੇ ਸਟੋਰ ਵਿਚ ਰੱਖੋ ਤੇ ਖਾਲੀ ਡੱਬੇ ਜਾਂ ਬੋਤਲ ਨੂੰ ਨਸ਼ਟ ਕਰ ਦਿਓ। ਕੀਟਨਾਸ਼ਕ ਵਾਲੇ ਖਾਲੀ ਡੱਬੇ ਜਾਂ ਬੋਤਲ ਨੂੰ ਕਦੇ ਵੀ ਘਰੇਲੂ ਵਰਤੋਂ ਵਿਚ ਨਾ ਲਿਆਓ। ਕੀਟਨਾਸ਼ਕ ਨੂੰ ਪੰਪ ਵਿਚ ਨਾ ਰਹਿਣ ਦਿਓ। ਬਚੇ ਹੋਏ ਘੋਲ ਨੂੰ ਅਤੇ ਪੰਪ ਧੋਣ ਲਈ ਵਰਤੇ ਗਏ ਜ਼ਹਿਰੀਲੇ ਪਾਣੀ ਨੂੰ ਬੰਜਰ ਜ਼ਮੀਨ ਜਾਂ ਪਹਿਲਾਂ ਪੁੱਟੇ ਹੋਏ ਟੋਏ ਵਿਚ ਪਾ ਕੇ ਟੋਏ ਨੂੰ ਪੂਰ ਦੇਵੋ। ਛਿੜਕਾਅ ਵਾਲੇ ਪੰਪ ਨੂੰ ਚੰਗੀ ਤਰ੍ਹਾਂ ਧੋ ਕੇ ਰੱਖੋ। ਕੀਟਨਾਸ਼ਕ ਦੇ ਛਿੜਕਾਅ ਵਾਲੇ ਖੇਤ ਵਿਚ ਘੱਟੋ ਘੱਟ 24 ਘੰਟੇ ਤਕ ਕਿਸੇ ਆਦਮੀ ਜਾਂ ਪਸ਼ੂ ਨੂੰ ਦਾਖ਼ਲ ਹੋਣ ਤੋਂ ਰੋਕੋ। ਦਵਾਈ ਦੇ ਛਿੜਕਾਅ ਦਾ ਰਿਕਾਰਡ ਕਾਪੀ 'ਤੇ ਨੋਟ ਕਰੋ। ਜੇ ਛਿੜਕਾਅ ਤੋਂ ਬਾਅਦ 24 ਘੰਟਿਆਂ ਦੇ ਅੰਦਰ ਮੀਂਹ ਪੈ ਜਾਵੇ ਤਾਂ ਦੁਬਾਰਾ ਛਿੜਕਾਅ ਕਰੋ। •

### ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਨੂੰ ਘਟਾਉਣਾ

ਕੀਟਨਾਸ਼ਕ ਦਵਾਈਆਂ ਦੀ ਵਰਤੋਂ ਸਿਰਫ਼ ਜ਼ਰੂਰਤ ਪੈਣ 'ਤੇ ਹੀ ਕਰੋ। ਵਾਤਾਵਰਣ ਵਿਚ ਘੱਟ ਸਮੇਂ ਤਕ ਟਿਕਣ ਵਾਲੇ ਕੀਟਨਾਸ਼ਕਾਂ ਦੀ ਵਰਤੋਂ ਕਰੋ। ਪੱਕੇ ਹੋਏ ਫਲ ਤੇ ਸਬਜ਼ੀਆਂ ਨੂੰ ਕੀਟਨਾਸ਼ਕਾਂ ਦੇ ਛਿੜਕਾਅ ਤੋਂ ਪਹਿਲਾਂ ਤੋੜ ਲਵੋ। ਦਵਾਈ ਛਿੜਕਣ ਤੋਂ ਬਾਅਦ ਦੁਬਾਰਾ ਫਲਾਂ-ਸਬਜ਼ੀਆਂ ਦੀ ਤੁੜਾਈ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਸਿਫਾਰਸ਼ਾਂ ਨੂੰ ਜ਼ਰੂ ਧਿਆਨ ਵਿਚ ਰੱਖੋ। ਫਲ ਅਤੇ ਸਬਜ਼ੀਆਂ ਨੂੰ ਚੰਗੀ ਤਰ੍ਹਾਂ ਧੋ ਕੇ ਖਾਓ। ਸਬਜ਼ੀਆਂ ਤੇ ਫਲਾਂ ਦੇ ਛਿਲਕੇ ਉਤਾਰ ਕੇ ਖਾਣ ਨਾਲ ਵੀ ਕੀਟਨਾਸ਼ਕਾਂ ਦਾ ਅਸਰ ਘਟ ਜਾਂਦਾ ਹੈ।



# ਸਾਡੇ ਅਧਿਆਪਕਾਂ ਦੀ ਸਮਰੱਥਾ, ਸਮਰਪਣ ਅਤੇ ਕੁਸ਼ਲਤਾ ’ਤੇ ਹੈ ਪੂਰਾ ਭਰੋਸਾ : ਸਿੱਖਿਆ ਮੰਤਰੀ ਮਹੀਪਾਲ ਢਾਂਡਾ

## ਨਵੀਂ ਦਿੱਲੀ ਵਿੱਚ ਆਯੋਜਿਤ ਦੋ ਦਿਨਾਂ ਸਿੱਖਿਆ ਮੰਤਰੀਆਂ ਦੀ ਰਾਸ਼ਟਰੀ ਕਾਨਫ੍ਰੈਂਸ ਵਿੱਚ ਹਰਿਆਣਾ ਦੇ ਸਿੱਖਿਆ ਮੰਤਰੀ ਨੇ ਪੇਸ਼ ਕੀਤਾ ਰਾਜ ਦਾ ਸਮੁੱਚਾ ਅਤੇ ਭਵਿੱਖਮੁਖੀ ਸਿੱਖਿਆ ਦਾ ਖਾਕਾ

**ਨਵੀਂ ਦਿੱਲੀ, 28 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸਿੱਖਿਆ ਮੰਤਰੀ ਸ੍ਰੀ ਮਹੀਪਾਲ ਢਾਂਡਾ ਨੇ ਕਿਹਾ ਕਿ ਉਨ੍ਹਾਂ ਨੂੰ ਸੂਬੇ ਦੇ ਅਧਿਆਪਕਾਂ ਦੀ ਸਮਰੱਥਾ, ਸਮਰਪਣ ਅਤੇ ਕੁਸ਼ਲਤਾ ’ਤੇ ਪੂਰਾ ਭਰੋਸਾ ਹੈ। ਅਧਿਆਪਕ ਹੀ ਬੱਚਿਆਂ ਵਿੱਚ ਗਿਆਨ ਦੇ ਨਾਲ-ਨਾਲ ਸੰਸਕਾਰ, ਅਨੁਸ਼ਾਸਨ ਅਤੇ ਆਤਮ-ਵਿਸ਼ਵਾਸ ਦਾ ਸੰਚਾਰ ਕਰਕੇ ਵਿਕਸਤ ਭਾਰਤ-2047 ਦੇ ਨਿਰਮਾਣ ਦੀ ਮਜ਼ਬੂਤ ਨੀਂਹ ਤਿਆਰ ਕਰ ਰਹੇ ਹਨ।



ਉਨ੍ਹਾਂ ਨੇ ਇਹ ਗੱਲ ਨਵੀਂ ਦਿੱਲੀ ਸਥਿਤ ਪੂਸਾ ਦੇ ਭਾਰਤ ਰਤਨ ਸੀ. ਸੁਬ੍ਰਮਨੀਅਮ ਹਾਲ ਵਿੱਚ ਆਯੋਜਿਤ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਸਿੱਖਿਆ ਮੰਤਰੀਆਂ ਦੀ ਦੋ ਦਿਨਾਂ ਰਾਸ਼ਟਰੀ ਕਾਨਫ੍ਰੈਂਸ ਦੌਰਾਨ ਕਹੀ। ਕੇਂਦਰੀ ਸਿੱਖਿਆ ਮੰਤਰੀ ਸ੍ਰੀ ਧਰਮਿੰਦਰ ਪ੍ਰਧਾਨ ਦੀ ਅਗਵਾਈ ਹੇਠ ਆਯੋਜਿਤ ਇਸ ਕਾਨਫ੍ਰੈਂਸ ਵਿੱਚ ਕੇਂਦਰ ਪ੍ਰਯੋਜਿਤ ਯੋਜਨਾਵਾਂ ਦੀ ਸਮੀਖਿਆ ਦੇ ਨਾਲ ਸਕੂਲੀ ਸਿੱਖਿਆ ਦੇ ਵੱਖ-ਵੱਖ ਵਿਸ਼ਿਆਂ ’ਤੇ ਵਿਸਤਾਰ ਨਾਲ ਚਰਚਾ ਕੀਤੀ ਗਈ।

**ਸਿੱਖਿਆ ਸਿਰਫ਼ ਬੌਧਿਕ ਵਿਕਾਸ ਨਹੀਂ, ਚਰਿੱਤਰ ਨਿਰਮਾਣ ਦਾ ਸ਼ਕਤੀਸ਼ਾਲੀ ਸਰੋਤ**

ਇਸ ਦੌਰਾਨ ਸਿੱਖਿਆ ਮੰਤਰੀ ਸ੍ਰੀ ਮਹੀਪਾਲ ਢਾਂਡਾ ਨੇ ਕਿਹਾ ਕਿ ਸਿੱਖਿਆ ਦਾ ਮੂਲ ਉਦੇਸ਼ ਸਿਰਫ ਕਿਤਾਬੀ ਗਿਆਨ ਦੇਣਾ ਜਾਂ ਬੌਧਿਕ ਵਿਕਾਸ ਤੱਕ ਸੀਮਤ ਰਹਿਣਾ ਨਹੀਂ ਹੈ। ਅਸਲ ਸਿੱਖਿਆ ਉਹੀ ਹੈ ਜੋ ਬੱਚੇ ਦੇ ਚਰਿੱਤਰ, ਨੈਤਿਕ ਸੰਸਕਾਰਾਂ, ਆਤਮ-ਵਿਸ਼ਵਾਸ ਅਤੇ ਭਾਵਨਾਤਮਕ ਸਮਝ ਨੂੰ ਮਜ਼ਬੂਤੀ ਪ੍ਰਦਾਨ ਕਰੇ।

ਉਨ੍ਹਾਂ ਕਿਹਾ ਕਿ ਹਰਿਆਣਾ ਦੀ ਸਿੱਖਿਆ ਨੀਤੀ ਦਾ ਟੀਚਾ ਹਰ ਬੱਚੇ ਨੂੰ ਉਸਦੀ ਵਿਸ਼ੇਸ਼ ਰੁਚੀ ਅਤੇ ਸਮਰੱਥਾ ਦੇ ਅਨੁਸਾਰ ਅੱਗੇ ਵਧਣ ਦਾ ਸਮਾਨ ਮੌਕਾ ਦੇਣਾ ਹੈ। ਰਾਜ ਵਿੱਚ ਸਕੂਲਾਂ ਨੂੰ ਸਿਰਫ਼ ਪੜ੍ਹਾਈ ਦੇ ਕੇਂਦਰ ਨਾ ਬਣਾ ਕੇ ਅਜਿਹੇ ਜਿਉਂਦੇ-ਜਾਗਦੇ ਸੰਸਥਾਨਾਂ ਵਜੋਂ ਵਿਕਸਤ ਕੀਤਾ ਜਾ ਰਿਹਾ ਹੈ, ਜਿੱਥੇ ਬੱਚਿਆਂ ਦੇ ਸੁਪਨਿਆਂ, ਪ੍ਰਤਿਭਾ ਅਤੇ ਸ਼ਖ਼ਸੀਅਤ ਨੂੰ ਸਹੀ ਅਤੇ ਹਾਂਪੱਖੀ ਦਿਸ਼ਾ ਮਿਲ ਸਕੇ।

**ਮੁੱਢਲੀ ਸਿੱਖਿਆ, ਹੁਨਰ ਅਤੇ ਖੇਡਾਂ ’ਤੇ ਹੈ ਵਿਸ਼ੇਸ਼ ਜ਼ੋਰ**

ਮੰਤਰੀ ਸ੍ਰੀ ਮਹੀਪਾਲ ਢਾਂਡਾ ਨੇ ਹਰਿਆਣਾ ਸਰਕਾਰ ਵੱਲੋਂ ਸਕੂਲੀ ਸਿੱਖਿਆ ਦੀ ਗੁਣਵੱਤਾ ਸੁਧਾਰਨ ਲਈ ਚੁੱਕੇ ਜਾ ਰਹੇ ਠੋਸ ਕਦਮਾਂ ਦੀ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਮੁੱਢਲੀ ਸਾਖਰਤਾ ਅਤੇ ਸਿੱਖਣ ਦੇ ਪੱਧਰ ਨੂੰ ਮਜ਼ਬੂਤ ਕਰਨ ’ਤੇ ਵਿਸ਼ੇਸ਼ ਧਿਆਨ ਦੇ ਰਹੀ ਹੈ। ਵਿਦਿਆਰਥੀਆਂ ਵਿੱਚ ਹੁਨਰ ਵਿਕਾਸ ਅਤੇ ਸਵੈ-ਰੁਜ਼ਗਾਰ ਦੀ ਭਾਵਨਾ ਪੈਦਾ ਕਰਨ ਲਈ ਵਿਹਾਰਕ ਕੋਰਸ ਲਾਗੂ ਕਰ ਰਹੀ ਹੈ। ਸਕੂਲੀ ਪੱਧਰ ਤੋਂ ਹੀ ਖੇਡ ਪ੍ਰਤਿਭਾਵਾਂ ਨੂੰ ਤਰਾਸ਼ਣ ਲਈ ਅਤਿ-ਆਧੁਨਿਕ ਸਰੋਤ ਉਪਲਬਧ ਕਰਵਾ ਰਹੀ ਹੈ।

**ਅਧਿਆਪਕ ਹੀ ਹਨ ’ਵਿਕਸਤ ਭਾਰਤ-2047’ ਦੇ ਅਸਲ ਸ਼ਿਲਪਕਾਰ**

ਅਧਿਆਪਕਾਂ ਦੀ ਭੂਮਿਕਾ ਨੂੰ ਸਰਵੋਤਮ ਦੱਸਦਿਆਂ ਸਿੱਖਿਆ ਮੰਤਰੀ ਨੇ ਕਿਹਾ ਕਿ ਅਧਿਆਪਕ ਸਾਡੀ ਸਿੱਖਿਆ ਪ੍ਰਣਾਲੀ ਦੀ ਸਭ ਤੋਂ ਵੱਡੀ ਤਾਕਤ ਹਨ। ਉਹ ਸਿਰਫ਼ ਸਿਲੇਬਸ ਨਹੀਂ ਪੜ੍ਹਾਉਂਦੇ, ਸਗੋਂ ਬੱਚਿਆਂ ਵਿੱਚ ਅਨੁਸ਼ਾਸਨ, ਸੰਸਕਾਰ ਅਤੇ ਆਤਮ-ਵਿਸ਼ਵਾਸ ਦਾ ਸੰਚਾਰ ਕਰਦੇ ਹਨ। ਸਾਡੇ ਅਧਿਆਪਕ ਰੋਜ਼ਾਨਾ ਕਲਾਸਾਂ ਵਿੱਚ ਦੇਸ਼ ਦਾ ਭਵਿੱਖ ਘੜ ਰਹੇ ਹਨ ਅਤੇ ਇਹੀ ’ਵਿਕਸਤ ਭਾਰਤ-2047’ ਦੇ ਨਿਰਮਾਣ ਦੀ ਅਸਲ ਨੀਂਹ ਤਿਆਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਅਧਿਆਪਕਾਂ ਦੀ ਸਮਰੱਥਾ, ਸਮਰਪਣ ਅਤੇ ਕੁਸ਼ਲਤਾ ’ਤੇ ਪੂਰਾ ਭਰੋਸਾ ਹੈ। ਇਸ ਮੌਕੇ ਉਨ੍ਹਾਂ ਨੇ ਸੂਬੇ ਦੇ ਸਾਰੇ ਗੁਰੂਜਨਾਂ ਨੂੰ ਕੋਟਿ-ਕੋਟਿ ਪ੍ਰਣਾਮ ਕੀਤਾ।

ਾ ਈ ਾ . ਟ ੀ . ਅ ਾ ਈ ੀ . , ਅ ਾ ਈ ੀ . ਅ ਾ ਈ ੀ . ਐ ਮ . ਟ ੀ . , ਆਈ.ਆਈ.ਐਮ. ਅਤੇ ਸੀ.ਐਸ. ਆਈ.ਆਰ. ਦੇ ਸਹਿਯੋਗ ਨਾਲ ਮਜ਼ਬੂਤ ਹੋਵੇਗਾ ਅਧਿਆਪਕ ਸਿਖਲਾਈ ਅਧਿਆਪਕਾਂ ਦੇ ਗਿਆਨ ਅਤੇ ਹੁਨਰ ਨੂੰ ਨਿਰੰਤਰ ਅੱਪਡੇਟ ਕਰਨ ਦੀ ਲੋੜ ’ਤੇ ਜ਼ੋਰ ਦਿੰਦਿਆਂ ਸਿੱਖਿਆ ਮੰਤਰੀ ਨੇ ਇੱਕ ਦੂਰਦਰਸ਼ੀ ਸੁਝਾਅ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਅਧਿਆਪਕ ਸਿਖਲਾਈ ਨੂੰ ਵੱਧ ਪ੍ਰਭਾਵੀ, ਆਧੁਨਿਕ ਅਤੇ ਨਤੀਜਾਮੁਖੀ ਬਣਾਉਣ ਲਈ ਦੇਸ਼ ਦੇ ਚੋਟੀ ਦੇ ਸੰਸਥਾਨਾਂ—ਜਿਵੇਂ ਆਈ.ਟੀ.ਆਈ., ਆਈ.ਆਈ.ਐਮ.ਟੀ., ਆਈ.ਆਈ.ਐਮ. ਅਤੇ ਸੀ.ਐਸ.ਆਈ.ਆਰ. ਦਾ ਸਿੱਧਾ ਸਹਿਯੋਗ ਲਿਆ ਜਾਣਾ ਚਾਹੀਦਾ ਹੈ। ਇਸ ਨਾਲ ਅਧਿਆਪਕਾਂ ਨੂੰ ਅਤਿ-ਆਧੁਨਿਕ ਸਿੱਖਿਆ ਵਿਧੀਆਂ ਅਤੇ ਖੋਜ-ਆਧੁਨਿਕ ਤਕਨੀਕਾਂ ਦਾ ਲਾਭ ਮਿਲ ਸਕੇਗਾ। ਇਸ ਰਾਸ਼ਟਰੀ ਕਾਨਫਰੰਸ ਵਿੱਚ ਹਰਿਆਣਾ ਦੇ ਸਕੂਲ ਸਿੱਖਿਆ ਵਿਭਾਗ ਦੇ ਪ੍ਰਧਾਨ ਸਕੱਤਰ ਸ੍ਰੀ ਵਿਜੇ ਦਹੀਆ ਅਤੇ ਰਾਜ ਪ੍ਰੋਜੈਕਟ ਡਾਇਰੈਕਟਰ ਸ੍ਰੀ ਸੁਪਨਿਲ ਰਵਿੰਦਰ ਪਾਟਿਲ ਵੀ ਮੌਜੂਦ ਸਨ।

# ਸਮਾਜਿਕ ਸਮਰਸਤਾ ਦੇ ਨਵੇਂ ਅਧਿਆਇ ਦੇ ਸੂਤਰਧਾਰ ਬਣੇ ਨਾਇਬ ਸਿੰਘ ਸੈਣੀ

**ਚੰਡੀਗੜ੍ਹ, 28 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਵਿੱਚ ਸਮਾਜਿਕ ਸਮਰਸਤਾ ਨੂੰ ਨਵੀਂ ਦਿਸ਼ਾ ਦੇਣ ਦੇ ਉਦੇਸ਼ ਨਾਲ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਸੰਤ-ਮਹਾਂਪੁਰਖਾਂ ਦੀਆਂ ਸਿੱਖਿਆਵਾਂ ਨੂੰ ਘਰ-ਘਰ ਤੱਕ ਪਹੁੰਚਾਉਣ ਦੀ ਮੁਹਿੰਮ ਨੂੰ ਲਗਾਤਾਰ ਗਤੀ ਦੇ ਰਹੇ ਹਨ। ਸਾਲ 2014 ਵਿੱਚ ਉਸ ਸਮੇਂ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਵੱਲੋਂ ਸ਼ੁਰੂ ਕੀਤੀ ਗਈ ਇਸ ਪਰੰਪਰਾ ਨੂੰ ਅੱਗੇ ਵਧਾਉਂਦੇ ਹੋਏ ਸ੍ਰੀ ਨਾਇਬ ਸਿੰਘ ਸੈਣੀ ਨੇ ਹਰਿਆਣਾ ਹੀ ਨਹੀਂ, ਸਗੋਂ ਰਾਜਸਥਾਨ, ਪੰਜਾਬ ਅਤੇ ਦਿੱਲੀ ਵਿੱਚ ਵੀ ਮਹਾਂਪੁਰਖਾਂ ਦੇ ਜਯੰਤੀ ਸਮਾਰੋਹਾਂ ਵਿੱਚ ਹਿੱਸਾ ਲੈ ਕੇ ਸਮਾਜਿਕ ਏਕਤਾ ਦਾ ਸੰਦੇਸ਼ ਦਿੱਤਾ ਹੈ। ਉਨ੍ਹਾਂ ਦੀ ਸਾਦਗੀ, ਸਹਿਜਤਾ ਅਤੇ ਮਿਲਣਸਾਰ ਸ਼ਖ਼ਸੀਅਤ ਨੇ ਸਮਾਜ ਦੇ ਸਾਰੇ ਵਰਗਾਂ ਵਿੱਚ ਵਿਸ਼ੇਸ਼ ਪਛਾਣ ਬਣਾਈ ਹੈ।

ਮੁੱਖ ਮੰਤਰੀ ਦਾ ਮੰਨਣਾ ਹੈ ਕਿ ਸੰਤ-ਮਹਾਂਪੁਰਖ ਕਿਸੇ ਇੱਕ ਜਾਤੀ, ਵਰਗ ਜਾਂ ਸਮੁਦਾਏ ਦੇ ਨਹੀਂ ਹੁੰਦੇ, ਸਗੋਂ ਉਨ੍ਹਾਂ ਦੇ ਵਿਚਾਰ ਸੰਪੂਰਨ ਮਨੁੱਖ ਸਮਾਜ ਲਈ ਪ੍ਰੇਰਨਾ ਦੇ ਸਰੋਤ ਹਨ। ਉਨ੍ਹਾਂ ਦੀਆਂ ਸਿੱਖਿਆਵਾਂ ਅੱਜ ਵੀ ਉਨੀਆਂ ਹੀ ਪ੍ਰਸੰਗਿਕ ਹਨ, ਜਿੰਨੀਆਂ ਉਨ੍ਹਾਂ ਦੇ ਸਮੇਂ ਵਿੱਚ ਸਨ।

ਹਰਿਆਣਾ ਸਰਕਾਰ ਹਰਿਆਣਾ ਏਕ-ਹਰਿਆਣਵੀ ਏਕ ਦੇ ਮੂਲ ਮੰਤਰ ’ਤੇ ਚੱਲਦਿਆਂ ਸੰਤ-ਮਹਾਂਪੁਰਖਾਂ ਦੀ ਜਯੰਤੀ ਅਤੇ ਸਿੱਖ ਗੁਰੂਆਂ ਦੇ ਪ੍ਰਕਾਸ਼ ਪੁਰਬ ਸਰਕਾਰੀ ਪੱਧਰ ’ਤੇ ਆਯੋਜਿਤ ਕਰਕੇ ਸਮਾਜਿਕ ਸਦਭਾਵਨਾ ਨੂੰ ਮਜ਼ਬੂਤ ਕਰ ਰਹੀ ਹੈ।



ਸਾਲ 2015 ਵਿੱਚ ਉਸ ਸਮੇਂ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਪਹਿਲੀ ਵਾਰ ਸਰਕਾਰੀ ਪੱਧਰ ’ਤੇ ਮਹਿਰਿਸ਼ੀ ਵਾਲਮੀਕਿ ਜਯੰਤੀ ਮਨਾਉਣ ਦੀ ਸ਼ੁਰੂਆਤ ਕੀਤੀ ਸੀ। ਉਸੇ ਲੜੀ ਨੂੰ ਅੱਗੇ ਵਧਾਉਂਦੇ ਹੋਏ ਹੁਣ ਸੰਤ ਸ਼ਿਰੋਮਣੀ ਰਵੀਦਾਸ, ਸੰਤ ਕਬੀਰਦਾਸ, ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਸਮੇਤ ਕਈ ਸੰਤ-ਮਹਾਂਪੁਰਖਾਂ ਦੀਆਂ ਜਯੰਤੀਆਂ ਪੂਰੇ ਸਨਮਾਨ ਨਾਲ ਸਰਕਾਰੀ ਪੱਧਰ ’ਤੇ ਮਨਾਈਆਂ ਜਾ ਰਹੀ ਹਨ।

ਇਨ੍ਹਾਂ ਆਯੋਜਨਾਂ ਲਈ ਬਜਟ ਦਾ ਪ੍ਰਾਵਧਾਨ ਕੀਤਾ ਗਿਆ ਹੈ ਅਤੇ ਸੂਬਾ ਸਰਕਾਰ ਦੇ ਸਾਲਾਨਾ ਕੈਲੰਡਰ ਵਿੱਚ ਇਨ੍ਹਾਂ ਨੂੰ ਵਿਸ਼ੇਸ਼ ਦਿਵਸ ਵਜੋਂ ਸਥਾਨ ਦਿੱਤਾ ਗਿਆ ਹੈ।

ਹਰਿਆਣਾ ਦੇਸ਼ ਦਾ ਪਹਿਲਾ ਅਜਿਹਾ ਸੂਬਾ ਬਣ ਚੁੱਕਾ ਹੈ, ਜਿੱਥੇ ਵੱਖ-ਵੱਖ ਸੰਤ-ਮਹਾਂਪੁਰਖਾਂ ਦੀਆਂ ਜਯੰਤੀਆਂ ਸਰਕਾਰੀ ਪੱਧਰ ’ਤੇ ਨਿਯਮਤ ਰੂਪ ਵਿੱਚ ਆਯੋਜਿਤ ਕੀਤੀਆਂ ਜਾਂਦੀਆਂ ਹਨ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਸਿੱਖ ਗੁਰੂਆਂ ਦੇ ਪ੍ਰਕਾਸ਼ ਪੁਰਬਾਂ ਨੂੰ ਵੀ ਸਰਕਾਰੀ ਸਮਾਰੋਹਾਂ ਦਾ ਹਿੱਸਾ ਬਣਾਇਆ ਹੈ। ਸ਼ਰਧਾਲੂਆਂ ਦੀ ਸਹੂਲਤ ਲਈ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਵਿਸ਼ੇਸ਼ ਰੇਲ ਸੇਵਾਵਾਂ ਵੀ ਚਲਾਈਆਂ ਗਈਆਂ ਹਨ।

**’ਸੰਤ ਮਹਾਂਪੁਰਖ ਸਨਮਾਨ ਅਤੇ ਵਿਚਾਰ ਪ੍ਰਸਾਰ ਯੋਜਨਾ’ ਨਾਲ ਘਰ-ਘਰ ਪਹੁੰਚ ਰਹੇ ਹਨ ਮਹਾਂਪੁਰਖਾਂ ਦੇ ਵਿਚਾਰ**

ਨੌਜੁਆਨ ਪੀੜ੍ਹੀ ਨੂੰ ਸੰਤ-ਮਹਾਂਪੁਰਖਾਂ ਦੇ ਜੀਵਨ, ਆਦਰਸ਼ਾਂ ਅਤੇ ਸਿੱਖਿਆਵਾਂ ਨਾਲ ਜੋੜਨ ਦੇ ਉਦੇਸ਼ ਨਾਲ ਸੂਬਾ ਸਰਕਾਰ ਨੇ ’ਸੰਤ ਮਹਾਂਪੁਰਖ ਸਨਮਾਨ ਅਤੇ ਵਿਚਾਰ ਪ੍ਰਸਾਰ ਯੋਜਨਾ’ ਸ਼ੁਰੂ ਕੀਤੀ ਹੈ। ਇਸ ਯੋਜਨਾ ਤਹਿਤ ਰਾਜ, ਜ਼ਿਲ੍ਹਾ ਅਤੇ ਬਲਾਕ ਪੱਧਰ ’ਤੇ ਪ੍ਰੋਗਰਾਮ ਆਯੋਜਿਤ ਕਰਕੇ ਮਹਾਂਪੁਰਖਾਂ ਦੇ ਵਿਚਾਰਾਂ ਦਾ ਵਿਆਪਕ ਪ੍ਰਚਾਰ-ਪ੍ਰਸਾਰ ਕੀਤਾ ਜਾ ਰਿਹਾ ਹੈ।

ਸੂਚਨਾ, ਜਨਸੰਪਰਕ ਅਤੇ ਭਾਸ਼ਾ ਵਿਭਾਗ ਵੀ ਇਸ ਯੋਜਨਾ ਰਾਹੀਂ ਸਮਾਜਿਕ ਸਮਰਸਤਾ ਦੇ ਸੰਦੇਸ਼ ਨੂੰ ਘਰ-ਘਰ ਤੱਕ ਪਹੁੰਚਾ ਰਿਹਾ ਹੈ। ਮੁੱਖ ਮੰਤਰੀ ਦੇ ਇਨ੍ਹਾਂ ਯਤਨਾਂ ਨੂੰ ਸਮਾਜ ਦੇ ਵੱਖ-ਵੱਖ ਵਰਗਾਂ, ਸਮਾਜਿਕ ਸੰਸਥਾਵਾਂ, ਧਰਮ ਗੁਰੂਆਂ ਅਤੇ ਬੁੱਧੀਜੀਵੀਆਂ ਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਨ੍ਹਾਂ ਪਹਿਲਕਦਮੀਆਂ ਨੇ ਹਰਿਆਣਾ ਵਿੱਚ ਸਮਾਜਿਕ ਸਦਭਾਵਨਾ, ਭਾਈਚਾਰੇ ਅਤੇ ਸੱਭਿਆਚਾਰਕ ਏਕਤਾ ਨੂੰ ਹੋਰ ਵੱਧ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਮਹੱਤਵਪੂਰਨ ਆਧਾਰ ਤਿਆਰ ਕੀਤਾ ਹੈ।

# ਮੁੱਖ ਮੰਤਰੀ ਨੇ ਸਰਸਾ ਦੇ ਕਿੰਨੂ ਨੂੰ ਜੀ.ਆਈ. ਟੈਗ ਮਿਲਣ ’ਤੇ ਦਿੱਤੀ ਵਧਾਈ



**ਚੰਡੀਗੜ੍ਹ, 28 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਸਿਰਸਾ ਵਿੱਚ ਜ਼ਿਲ੍ਹਾ ਲੋਕ ਸੰਪਰਕ ਅਤੇ ਸ਼ਿਕਾਇਤ ਨਿਵਾਰਨ ਕਮੇਟੀ ਦੀ ਮੀਟਿੰਗ ਦੀ ਅਗਵਾਈ ਕੀਤੀ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਣਿਆ। ਇਸ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਦਾ ਕਿੰਨੂ ਅਜਿਹਾ ਪਹਿਲਾ ਫੱਲ ਹੈ ਜਿਸ ਨੂੰ ਜੀ.ਆਈ. ਟੈਗ ਮਿਲਿਆ ਹੈ। ਇਸ ਜੀ.ਆਈ. ਟੈਗ ਨਾਲ ਸਰਸਾ ਦੇ ਕਿੰਨੂ ਦੀ ਪਛਾਣ ਰਾਸ਼ਟਰੀ ਅਤੇ ਕੌਮਾਂਤਰੀ ਪੱਧਰ ’ਤੇ ਬਣੀ ਹੈ। ਉਨ੍ਹਾਂ ਕਿਸਾਨਾਂ ਨੂੰ ਕਿਹਾ ਕਿ ਉਹ ਕਿੰਨੂ ਦੇ ਉਤਪਾਦਨ ਅਤੇ ਗੁਣਵੱਤਾ ’ਤੇ ਵਿਸ਼ੇਸ਼ ਧਿਆਨ ਦਿੰਦੇ ਹੋਏ ਇਸ ਪਛਾਣ ਨੂੰ ਬਰਕਰਾਰ ਰੱਖਣ। ਜੀ.ਆਈ. ਟੈਗ ਨਾਲ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋਵੇਗਾ। ਨਾਲ ਹੀ ਮੁੱਖ ਮੰਤਰੀ ਨੇ ਕਿਸਾਨਾਂ ਨੂੰ ਜੀ.ਆਈ. ਟੈਗ ਮਿਲਣ ’ਤੇ ਵਧਾਈ ਵੀ ਦਿੱਤੀ।

ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਸਰਸਾ ਦੇ ਕਿੰਨੂ ਨੂੰ ਜੀ.ਆਈ. ਟੈਗ ਦਿਵਾਉਣ ਦੀ ਪ੍ਰਕਿਰਿਆ ਵਿੱਚ ਅਹਿਮ ਯੋਗਦਾਨ ਪਾਉਣ ਵਾਲੇ ਤਰੱਕੀਪਸੰਦ ਕਿਸਾਨਾਂ, ਅਧਿਕਾਰੀਆਂ ਅਤੇ ਮਾਹਿਰਾਂ ਨੂੰ ਸਨਮਾਨਿਤ ਕੀਤਾ। ਮੁੱਖ ਮੰਤਰੀ ਨੇ ਬੜਾਗੁੜਾ ਦੇ ਤਰੱਕੀਪਸੰਦ ਕਿਸਾਨ ਨਿਖਿਲ ਮੇਹਤਾ, ਐਲਨਾਬਾਦ ਦੇ ਤਰੱਕੀਪਸੰਦ ਕਿਸਾਨ ਮਨੋਜ ਕੁਮਾਰ, ਡੱਬਵਾਲੀ ਦੇ ਤਰੱਕੀਪਸੰਦ ਕਿਸਾਨ ਕ੍ਰਿਸ਼ਨ ਕੁਮਾਰ ਅਤੇ ਐਚ.ਡੀ.ਓ. ਸੀਮਾ ਕੰਬੋਜ ਨੂੰ ਸਨਮਾਨਿਤ ਕਰਕੇ ਉਨ੍ਹਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ।

ਜ਼ਿਲ੍ਹਾ ਬਾਗਬਾਨੀ ਅਧਿਕਾਰੀ ਦੀਨ ਮੁਹੰਮਦ ਨੇ ਦੱਸਿਆ ਕਿ ਸਰਸਾ ਦਾ ਕਿੰਨੂ ਹਰਿਆਣਾ ਰਾਜ ਦਾ ਪਹਿਲਾ ਸੁਤੰਤਰ ਜੀ.ਆਈ. ਟੈਗ ਪ੍ਰਾਪਤ ਖੇਤੀਬਾੜੀ ਉਤਪਾਦ ਬਣ ਗਿਆ ਹੈ। ਇਸ ਤੋਂ ਪਹਿਲਾਂ ਬਾਸਮਤੀ ਅਤੇ ਫੁਲਕਾਰੀ ਨੂੰ ਸਾਂਝੇ ਤੌਰ ’ਤੇ ਜੀ.ਆਈ. ਟੈਗ ਪ੍ਰਾਪਤ ਸੀ, ਪਰ ਸਰਸਾ ਕਿੰਨੂ ਨੇ ਹਰਿਆਣਾ ਦੀ ਵਿਸ਼ੇਸ਼ ਖੇਤੀਬਾੜੀ ਉਪਜ ਵਜੋਂ ਆਪਣੀ ਵੱਖਰੀ ਪਛਾਣ ਸਥਾਪਿਤ ਕੀਤੀ ਹੈ। ਦੀਨ ਮੁਹੰਮਦ ਨੇ ਦੱਸਿਆ ਕਿ ਹੁਣ ਤੱਕ ਸੁਤੰਤਰ ਜੀ.ਆਈ. ਟੈਗ ਨਾ ਹੋਣ ਕਾਰਨ ਸਿਰਸਾ ਦਾ ਕਿੰਨੂ ਹੋਰ ਰਾਜਾਂ ਦੇ ਕਿੰਨੂ ਨਾਲ ਮਿਸ਼ਰਤ ਹੋ ਕੇ ਵਿਕਦਾ ਸੀ, ਜਿਸ ਨਾਲ ਕਿਸਾਨਾਂ ਨੂੰ ਉਨ੍ਹਾਂ ਦੀ ਗੁਣਵੱਤਾਪੂਰਨ ਉਪਜ ਦਾ ਬਣਦਾ ਮੁੱਲ ਨਹੀਂ ਮਿਲ ਪਾਉਂਦਾ ਸੀ। ਹੁਣ ਸੁਤੰਤਰ ਜੀ.ਆਈ. ਟੈਗ ਮਿਲਣ ਨਾਲ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦਾ ਬਿਹਤਰ ਬਾਜ਼ਾਰ ਮੁੱਲ ਮਿਲਣ ਦੀ ਸੰਭਾਵਨਾ ਵਧੇਗੀ ਅਤੇ ਸਿਰਸਾ ਕਿੰਨੂ ਦੀ ਬ੍ਰਾਂਡ ਵੈਲਿਊ ਵੀ ਮਜ਼ਬੂਤ ਹੋਵੇਗੀ।

**ਨੌਜਵਾਨਾਂ ਨਾਲ ਮਿਲ ਕੇ ਕੰਮ ਕਰ ਰਹੀ ਹੈ ਸਰਕਾਰ**

ਮੁੱਖ ਮੰਤਰੀ ਇੱਕ ਹੋਰ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਵਿੱਚ ਸੀ.ਈ.ਟੀ. ਅਤੇ ਨੀਟ ਦੀ ਪ੍ਰੀਖਿਆ ਦੌਰਾਨ ਕੋਈ ਪਰੇਸ਼ਾਨੀ ਨਹੀਂ ਆਈ ਅਤੇ ਆਵਾਜਾਈ ਦੀ ਸਹੂਲਤ ਉਪਲਬਧ ਕਰਵਾਈ ਗਈ। ਵਿਰੋਧੀ ਧਿਰ ਨੇ ਨੌਜਵਾਨਾਂ ਨੂੰ ਭੜਕਾਉਣ ਅਤੇ ਗੁਮਰਾਹ ਕਰਨ ਦਾ ਕੰਮ ਕੀਤਾ ਹੈ, ਪਰ ਸਰਕਾਰ ਗੰਭੀਰਤਾ ਨਾਲ ਨੌਜਵਾਨਾਂ ਨਾਲ ਕੰਮ ਕਰ ਰਹੀ ਹੈ। ਵਿਰੋਧੀ ਧਿਰ ਨੂੰ ਆਪਣੇ ਗ੍ਰੇਬਾਨ ਵਿੱਚ ਝਾਤੀ ਮਾਰਨੀ ਚਾਹੀਦੀ ਹੈ ਕਿ ਉਨ੍ਹਾਂ ਦੇ ਸਮ ? ਨੌਜਵਾਨਾਂ ਨਾਲ ਕਿਸ ਤਰ੍ਹਾਂ ਦਾ ਵਿਵਹਾਰ ਹੁੰਦਾ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਇੱਕੋ ਇੱਕ ਵਿਜ਼ਨ ਹੈ ਕਿ ਨੌਜਵਾਨਾਂ ਨੂੰ ਸ਼ਕਤੀਸ਼ਾਲੀ ਅਤੇ ਮਜ਼ਬੂਤ ਬਣਾਉਣਾ।

ਇਸ ਮੌਕੇ ਡਿਪਟੀ ਕਮਿਸ਼ਨਰ ਸ਼ਾਂਤਨੂ ਸ਼ਰਮਾ, ਪੁਲਿਸ ਸੁਪਰਡੰਟ ਦੀਪਕ ਸਹਾਰਨ, ਨਗਰ ਪ੍ਰੀਸ਼ਦ ਸਿਰਸਾ ਦੇ ਚੇਅਰਮੈਨ ਸ਼ਾਂਤੀ ਸਰੂਪ, ਚੇਅਰਮੈਨ ਰੋਹਤਾਸ਼ ਜਾਂਗੜਾ, ਚੇਅਰਮੈਨ ਦੇਵ ਕੁਮਾਰ ਸ਼ਰਮਾ, ਮੁੱਖ ਮੰਤਰੀ ਦੇ ਸਾਬਕਾ ਰਾਜਨੀਤਿਕ ਸਲਾਹਕਾਰ ਜਗਦੀਸ਼ ਚੋਪੜਾ ਸਮੇਤ ਹੋਰ ਮਾਣਯੋਗ ਵਿਅਕਤੀ ਮੌਜੂਦ ਸਨ।

# ਡਰੱਗਸ ਕੰਟਰੋਲ ਵਿੰਗ ਨੇ ਦੜੀਆ ਸਥਿਤ ਕੈਮਿਸਟ ਦੁਕਾਨ ਤੇ ਛਾਪਾ ਮਾਰਿਆ, ਪ੍ਰੀਗਾਬਾਲਿਨ ਕੈਪਸੂਲ ਜ਼ਬਤ ਕੀਤ

**ਚੰਡੀਗੜ੍ਹ, 28 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਣਯੋਗ ਮੁੱਖ ਸਕੱਤਰ, ਚੰਡੀਗੜ੍ਹ ਪ੍ਰਸ਼ਾਸਨ ਦੇ ਨਿਰਦੇਸ਼ਾਂ ਅਤੇ ਸਕੱਤਰ ਸਿਹਤ ਤੇ ਡਾਇਰੈਕਟਰ ਸਿਹਤ ਸੇਵਾਵਾਂ, ਯੂ.ਟੀ. ਚੰਡੀਗੜ੍ਹ ਦੇ ਮਾਰਗਦਰਸ਼ਨ ਵਿੱਚ ਡਰੱਗਸ ਕੰਟਰੋਲ ਵਿੰਗ ਨੇ ਪਿੰਡ ਦੜੀਆ ਸਥਿਤ ਇੱਕ ਕੈਮਿਸਟ ਦੁਕਾਨ ’ਤੇ ਛਾਪੇਮਾਰੀ ਕੀਤੀ।

ਨਿਰੀਖਣ ਦੇ ਦੌਰਾਨ ਮੈਸਰਸ ਸ਼ੁਕਲਾ ਮੈਡੀਕੋਸ, ਦੁਕਾਨ ਨੰਬਰ 01 (ਮਕਾਨ ਨੰਬਰ 102), ਪਿੰਡ ਦੜੀਆ, ਚੰਡੀਗੜ੍ਹ ਨੂੰ ਡਰੱਗਸ ਐਂਡ ਕਾਸਮੈਟਿਕਸ ਐਕਟ, 1940 ਅਤੇ ਉਸ ਦੇ ਤਹਿਤ ਬਣਾਏ ਗਏ ਨਿਯਮਾਂ ਦੇ ਵਿਭਿੰਨ ਪ੍ਰਾਵਧਾਨਾਂ ਦੀ ਉਲੰਘਣਾ ਕਰਦੇ ਹੋਏ ਪਾਇਆ ਗਿਆ।ਕਾਰਵਾਈ ਦੇ ਦੌਰਾਨ ਚਾਰ ਪ੍ਰਕਾਰ ਦੀਆਂ ਐਲੋਪੈਥਿਕ ਦਵਾਈਆਂ ਦੇ ਕੁੱਲ 1,766 ਪ੍ਰੀਗਾਬਾਲਿਨ ਕੈਪਸੂਲ (ਕੱਟ ਸਟ੍ਰਿਪਸ ਸਹਿਤ) ਜ਼ਬਤ ਕੀਤੇ ਗਏ, ਜਿਨ੍ਹਾਂ ਦੀ ਕੀਮਤ ਲਗਭਗ ?20,000 ਹੈ। ਇਨ੍ਹਾਂ ਦਵਾਈਆਂ ਦੇ ਦੁਰਉਪਯੋਗ ਅਤੇ ਨਸ਼ੇ ਲਈ ਇਸਤੇਮਾਲ ਕੀਤੇ ਜਾਣ ਦਾ ਖ਼ਦਸ਼ਾ ਹੈ।

ਜਾਂਚ ਦੇ ਦੌਰਾਨ ਫਰਮ ਲਾਜ਼ਮੀ ਵਿਕਰੀ ਰਿਕਾਰਡ ਪ੍ਰਸਤੁਤ ਕਰਨ ਵਿੱਚ ਅਸਫ਼ਲ ਰਹੀ ਅਤੇ ਪ੍ਰੀਗਾਬਾਲਿਨ ਕੈਪਸੂਲ ਦੀ ਅਨੈਤਿਕ ਵਿਕਰੀ ਵਿੱਚ ਸ਼ਾਮਲ ਪਾਈ ਗਈ।

ਫਰਮ ਦੇ ਵਿਰੁੱਧ ਡਰੱਗਸ ਐਂਡ ਕਾਸਮੈਟਿਕਸ ਐਕਟ ਅਤੇ ਨਿਯਮਾਂ ਦੇ ਪ੍ਰਾਵਧਾਨਾਂ ਦੇ ਤਹਿਤ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਜ਼ਬਤ ਕੀਤੀਆਂ ਗਈਆਂ ਦਵਾਈਆਂ ਨੂੰ ਮਾਣਯੋਗ ਚੀਫ਼ ਜੁਡੀਸ਼ਲ ਮੈਜਿਸਟ੍ਰੇਟ, ਚੰਡੀਗੜ੍ਹ ਦੀ ਅਦਾਲਤ ਵਿੱਚ ਪ੍ਰਸਤੁਤ ਕੀਤਾ ਜਾ ਰਿਹਾ ਹੈ ਅਤੇ ਫਰਮ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਜਾ ਰਿਹਾ ਹੈ। ਮਾਮਲੇ ਦੀ ਅੱਗੇ ਜਾਂਚ ਜਾਰੀ ਹੈ।

ਡਰੱਗਸ ਕੰਟਰੋਲ ਵਿੰਗ ਨੇ ਸਪਸ਼ਟ ਕੀਤਾ ਹੈ ਕਿ ਡਰੱਗਸ ਐਂਡ ਕਾਸਮੈਟਿਕਸ ਐਕਟ ਅਤੇ ਨਿਯਮਾਂ ਦੇ ਪ੍ਰਾਵਧਾਨਾਂ ਦੀ ਉਲੰਘਣਾ ਕਰਨ ਵਾਲੇ ਕਿਸੇ ਵੀ ਵਿਅਕਤੀ ਜਾਂ ਸੰਸਥਾ ਦੇ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਅਜਿਹੀਆਂ ਲਾਗੂਕਰਨ ਦੀਆਂ ਮੁਹਿੰਮਾਂ ਭਵਿੱਖ ਵਿੱਚ ਵੀ ਲਗਾਤਾਰ ਜਾਰੀ ਰਹਿਣਗੀਆਂ ਤਾਕਿ ਦਵਾਈਆਂ ਦੀ ਅਵੈਧ ਵਿਕਰੀ ਅਤੇ ਦੁਰਉਪਯੋਗ ’ਤੇ ਪ੍ਰਭਾਵੀ ਰੋਕ ਲਗਾਈ ਜਾ ਸਕੇ।

# ਹਰਿਆਣਾ ਦੇ ਸਿੱਖਿਆ ਮੰਤਰੀ ਮਹੀਪਾਲ ਢਾਂਡਾਂ ਨੇ ਨਵੀਂ ਦਿੱਲੀ ਵਿੱਚ ਕੇਂਦਰੀ ਮੰਤਰੀ ਨਿਤਿਨ ਗਡਕਰੀ ਨਾਲ ਕੀਤੀ ਸ਼ਿਸ਼ਟਾਚਾਰ ਮੁਲਾਕਾਤ

**ਚੰਡੀਗੜ੍ਹ, 28 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸਿੱਖਿਆ ਮੰਤਰੀ ਸ੍ਰੀ ਮਹੀਪਾਲ ਢਾਂਡਾ ਨੇ ਅੱਜ ਨਵੀਂ ਦਿੱਲੀ ਵਿੱਚ ਕੇਂਦਰੀ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰੀ ਸ੍ਰੀ ਨਿਤਿਨ ਗਡਕਰੀ ਨਾਲ ਉਨ੍ਹਾਂ ਦੇ ਨਿਵਾਸ ਸਥਾਨ ’ਤੇ ਸ਼ਿਸ਼ਟਾਚਾਰ ਮੁਲਾਕਾਤ ਕੀਤੀ ਅਤੇ ਸੂਬੇ ਦੇ ਸਰਵਪੱਖੀ ਵਿਕਾਸ ਅਤੇ ਸੜਕੀ ਢਾਂਚੇ ਦੇ ਸੰਬੰਧ ਵਿੱਚ ਉਨ੍ਹਾਂ ਦਾ ਮਾਰਗਦਰਸ਼ਨ ਪ੍ਰਾਪਤ ਕੀਤਾ।

ਇਸ ਦੌਰਾਨ ਸਿੱਖਿਆ ਮੰਤਰੀ ਸ੍ਰੀ ਮਹੀਪਾਲ ਢਾਂਡਾ ਨੇ ਹਰਿਆਣਾ ਵਿੱਚ ਸਿੱਖਿਆ ਦੇ ਬੁਨਿਆਦੀ ਢਾਂਚੇ ਅਤੇ ਰਾਜਮਾਰਗਾਂ ਦੀ ਕਨੈਕਟੀਵਿਟੀ ਨੂੰ ਹੋਰ ਬਿਹਤਰ ਬਣਾਉਣ ਦੇ ਸੰਬੰਧ ਵਿੱਚ ਵਿਸਥਾਰ ਨਾਲ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਕੇਂਦਰੀ ਮੰਤਰੀ ਸ੍ਰੀ ਨਿਤਿਨ ਗਡਕਰੀ ਦੀ ਦੂਰਦਰਸ਼ੀ ਅਗਵਾਈ ਹੇਠ ਦੇਸ਼ ਭਰ ਵਿੱਚ ਸੜਕਾਂ ਅਤੇ ਇਨਫਰਾਸਟਰਕਚਰ ਦਾ ਬੇਮਿਸਾਲ ਵਿਕਾਸ ਹੋਇਆ ਹੈ। ਹਰਿਆਣਾ ਵਿੱਚ ਵੀ ਰਾਸ਼ਟਰੀ ਰਾਜਮਾਰਗਾਂ ਅਤੇ ਐਕਸਪ੍ਰੈਸਵੇ ਦੇ ਵਿਸਤਾਰ ਜਾਲ ਨਾਲ ਵਿਦਿਆਰਥੀਆਂ, ਅਧਿਆਪਕਾਂ ਅਤੇ ਆਮ ਲੋਕਾਂ ਦੀ ਆਵਾਜਾਈ ਬੇਹੱਦ ਸੁਖਾਲੀ ਅਤੇ ਸੁਰੱਖਿਅਤ ਹੋਈ ਹੈ।

ਸ੍ਰੀ ਢਾਂਡਾ ਨੇ ਕੇਂਦਰੀ ਮੰਤਰੀ ਨੂੰ ਜਾਣੂ ਕਰਵਾਇਆ ਕਿ ਸੂਬੇ ਦੇ ਦੁਰਾਡੇ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਸਥਿਤ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਤੱਕ ਵਿਦਿਆਰਥੀਆਂ ਦੀ ਨਿਰਵਿਘਨ ਅਤੇ ਸੁਰੱਖਿਅਤ ਪਹੁੰਚ ਲਈ ਬਿਹਤਰ ਸੜਕੀ ਨੈੱਟਵਰਕ ਬਹੁਤ ਜ਼ਰੂਰੀ ਹੈ। ਮੀਟਿੰਗ ਦੌਰਾਨ ਵਿਦਿਅਕ ਸੰਸਥਾਵਾਂ ਨੇੜੇ ਆਵਾਜਾਈ ਸੁਰੱਖਿਆ ਪ੍ਰਬੰਧਾਂ ਅਤੇ ਸੰਪਰਕ ਮਾਰਗਾਂ ਨੂੰ ਮਜ਼ਬੂਤ ਕਰਨ ’ਤੇ ਹਾਂਪੱਖੀ ਵਿਚਾਰ-ਵਟਾਂਦਰਾ ਹੋਇਆ।

ਸਿੱਖਿਆ ਮੰਤਰੀ ਸ੍ਰੀ ਮਹੀਪਾਲ ਢਾਂਡਾ ਨੇ ਕਿਹਾ ਕਿ ਸ੍ਰੀ ਨਿਤਿਨ ਗਡਕਰੀ ਦਾ ਤਜਰਬਾ ਅਤੇ ਦੂਰਗਾਮੀ ਨਜ਼ਰੀਆ ਸਾਡੇ ਸਾਰਿਆਂ ਲਈ ਪ੍ਰੇਰਨਾਦਾਇਕ ਹੈ। ਅੱਜ ਦੀ ਇਸ ਸ਼ਿਸ਼ਟਾਚਾਰ ਮੁਲਾਕਾਤ ਵਿੱਚ ਹਰਿਆਣਾ ਦੇ ਨੌਜਵਾਨਾਂ ਅਤੇ ਵਿਦਿਆਰਥੀਆਂ ਦੀਆਂ ਸਹੂਲਤਾਂ ਨੂੰ ਧਿਆਨ ਵਿੱਚ ਰੱਖਦਿਆਂ ਬੁਨਿਆਦੀ ਢਾਂਚੇ ਦੇ ਵਿਸਤਾਰ ’ਤੇ ਬਹੁਤ ਸਾਰਥਕ ਚਰਚਾ ਹੋਈ ਹੈ।

ਕੇਂਦਰੀ ਮੰਤਰੀ ਸ੍ਰੀ ਨਿਤਿਨ ਗਡਕਰੀ ਨੇ ਹਰਿਆਣਾ ਵਿੱਚ ਸਿੱਖਿਆ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਦੇ ਖੇਤਰ ਵਿੱਚ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਕੇਂਦਰ ਸਰਕਾਰ ਵੱਲੋਂ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

# ਨਸ਼ਾ-ਮੁਕਤ ਨੌਜਵਾਨ ਮੁਹਿੰਮ ਤਹਿਤ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਨੌਜਵਾਨ ਵੱਧ ਤੋਂ ਵੱਧ ਹਿੱਸਾ ਲੈਣ

**ਬਠਿੰਡਾ, 28 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਸਰਕਾਰ ਦੇ ਯੁਵਕ ਮਾਮਲੇ ਅਤੇ ਖੇਡ ਮੰਤਰਾਲੇ ਦੀ ਸੰਸਥਾ ਮਾਈ ਭਾਰਤ ਵੱਲੋਂ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਦੀ ’ਨੈਸ਼ਨਲ ਸਰਵਿਸ ਸਕੀਮ’ (ਐਨ ਐਸ ਐਸ) ਦੇ ਸਹਿਯੋਗ ਨਾਲ ’ਨਸ਼ਾ ਮੁਕਤ ਯੁਵਕ’ ਮੁਹਿੰਮ ਤਹਿਤ ਜ਼ਿਲ੍ਹਾ ਪੱਧਰੀ ਮੁਕਾਬਲੇ ਕਰਵਾਏ ਜਾ ਰਹੇ ਹਨ।ਇਨ੍ਹਾਂ ਮੁਕਾਬਲਿਆਂ ਦਾ ਮੁੱਖ ਮੰਤਵ ਨੌਜਵਾਨਾਂ ਦੇ ਹੁਨਰ ਲਈ ਇੱਕ ਮੰਚ ਦੇਣਾ ਅਤੇ ਨਾਲ ਹੀ ਉਨ੍ਹਾਂ ਨੂੰ ਨਸ਼ਾ-ਮੁਕਤ, ਜਾਗਰੂਕ ਅਤੇ ਜ਼ਿੰਮੇਵਾਰ ਸਮਾਜ ਦੀ ਸਿਰਜਣਾ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਪ੍ਰੇਰਿਤ ਕਰਨਾ ਹੈ। ਇਹ ਜਾਣਕਾਰੀ ਜ਼ਿਲ੍ਹਾ ਯੁਵਾ ਅਧਿਕਾਰੀ ਮੈਡਮ ਮੀਸ਼ਾ ਮਾਈ ਭਾਰਤ ਬਠਿੰਡਾ ਨੇ ਸਾਂਝੀ ਕੀਤੀ।

ਉਨ੍ਹਾਂ ਦੱਸਿਆ ਕਿ ਵਿਅਕਤੀਗਤ ਅਤੇ ਸਮੂਹਿਕ, ਦੋਵਾਂ ਵਰਗਾਂ ਵਿੱਚ ਮੁਕਾਬਲੇ ਕਰਵਾਏ ਜਾਣਗੇ। ਇਨ੍ਹਾਂ ਮੁਕਾਬਲਿਆਂ ਵਿੱਚ ਸੰਗੀਤ ਅਤੇ ਰੈਪ, ਡਾਂਸ, ਨੁੱਕੜ ਨਾਟਕ, ਚਿੱਤਰਕਾਰੀ, ਬਹਿਸ/ਭਾਸ਼ਣ, ਛੋਟੀਆਂ ਫਿਲਮਾਂ/ਰੀਲਜ਼ ਦੇ ਮੁਕਾਬਲੇ, ਨਾਅਰੇ ਲਿਖਣ ਅਤੇ ਸਲੈਮ ਪੋਇਟਰੀ ਵਰਗੀਆਂ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਸ਼ਾਮਲ ਹੋਣਗੀਆਂ, ਜਿਸ ਨਾਲ ਨੌਜਵਾਨ ਆਪਣੀਆਂ ਰੁਚੀਆਂ ਅਤੇ ਹੁਨਰ ਅਨੁਸਾਰ ਹਿੱਸਾ ਲੈ ਸਕਣਗੇ ਅਤੇ ਆਪਣੀ ਵੱਖਰੀ ਪਛਾਣ ਬਣਾ ਸਕਣਗੇ।ਜ਼ਿਲ੍ਹਾ ਪੱਧਰ ’ਤੇ ਵਧੀਆ ਪ੍ਰਦਰਸ਼ਨ ਕਰਨ ਵਾਲੇ ਨੌਜਵਾਨਾਂ ਨੂੰ ਰਾਜ ਪੱਧਰੀ ਮੁਕਾਬਲਿਆਂ ਵਿੱਚ ਹਿੱਸਾ ਲੈਣ ਦਾ ਮੌਕਾ ਮਿਲੇਗਾ ਅਤੇ ਰਾਜ ਪੱਧਰ ’ਤੇ ਚੁਣੇ ਗਏ ਨੌਜਵਾਨ ਰਾਸ਼ਟਰੀ ਪੱਧਰ ’ਤੇ ਆਪਣੇ ਜ਼ਿਲ੍ਹੇ ਅਤੇ ਰਾਜ ਦੀ ਨੁਮਾਇੰਦਗੀ ਕਰਨਗੇ। ਇਹ ਮੁਕਾਬਲੇ ਨੌਜਵਾਨਾਂ ਲਈ ਆਪਣੀ ਰਚਨਾਤਮਕਤਾ, ਲੀਡਰਸ਼ਿਪ ਦੇ ਗੁਣਾਂ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਨੂੰ ਪ੍ਰਦਰਸ਼ਿਤ ਕਰਨ ਦਾ ਸੁਨਹਿਰੀ ਮੌਕਾ ਪ੍ਰਦਾਨ ਕਰਨਗੇ।ਜ਼ਿਲ੍ਹਾ ਯੁਵਕ ਅਧਿਕਾਰੀ ਮਾਈ ਭਾਰਤ ਬਠਿੰਡਾ ਨੇ 15-29 ਸਾਲ ਦੀ ਉਮਰ ਵਰਗ ਦੇ ਸਾਰੇ ਨੌਜਵਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਨ੍ਹਾਂ ਮੁਕਾਬਲਿਆਂ ਵਿੱਚ ਉਤਸ਼ਾਹ ਨਾਲ ਭਾਗ ਲੈਣ ਅਤੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ।

ਵਧੇਰੇ ਜਾਣਕਾਰੀ ਅਤੇ ਰਜਿਸਟ੍ਰੇਸ਼ਨ ਲਈ ਤੇ ਜਾਂ 9517982485 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਆਰਸੇਟੀ ਵਲੋਂ ਮੁਫ਼ਤ ਫੈਸ਼ਨ ਡਿਜ਼ਾਈਨਿੰਗ ਕੋਰਸ 3 ਅਗਸਤ ਤੋਂ ਸ਼ੁਰੂ : ਡਾਇਰੈਕਟਰ ਗੁਰਪ੍ਰੀਤ ਸਿੰਘ

**ਹੁਸ਼ਿਆਰਪੁਰ, 28 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੀ.ਐਨ.ਬੀ. ਰੂਰਲ ਸੈਲਫ਼ ਇੰਪਲਾਇਮੈਂਟ ਟ੍ਰੇਨਿੰਗ ਇੰਸਟੀਚਿਊਟ (ਆਰਸੇਟੀ), ਹੁਸ਼ਿਆਰਪੁਰ ਵੱਲੋਂ 3 ਅਗਸਤ 2026 ਤੋਂ 60 ਦਿਨਾਂ ਦਾ ਮੁਫ਼ਤ ਫੈਸ਼ਨ ਡਿਜ਼ਾਈਨਿੰਗ ਕੋਰਸ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾਇਰੈਕਟਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਕੋਰਸ ਦੀਆਂ ਕਲਾਸਾਂ ਦੁਪਹਿਰ 1:00 ਵਜੇ ਤੋਂ ਸ਼ਾਮ 5:00 ਵਜੇ ਤੱਕ ਲੱਗਣਗੀਆਂ। ਟ੍ਰੇਨਿੰਗ ਪ੍ਰੈਕਟੀਕਲ ਆਧਾਰਿਤ ਹੋਵੇਗੀ, ਸਿਖਿਆਰਥੀਆਂ ਨੂੰ ਮੁਫ਼ਤ ਰਿਫ੍ਰੈਸ਼ਮੈਂਟ ਅਤੇ ਕੋਰਸ ਆਧਾਰ ਕਾਰਡ ਜਾਂ ਪੈਨ ਕਾਰਡ ਦੀ ਫੋਟੋ ਕਾਪੀ, ਵਿਦਿਅਕ ਯੋਗਤਾ ਦੇ ਪੂਰਾ ਸਰਟੀਫਿਕੇਟ ਪ੍ਰਦਾਨ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ 18 ਤੋਂ 50 ਸਾਲ ਉਮਰ ਵਰਗ ਦੇ ਚਾਹਵਾਨ ਉਮੀਦਵਾਰ ਇਸ ਕੋਰਸ ਲਈ ਦਾਖਲਾ ਲੈ ਸਕਦੇ ਹਨ।

ਦਾਖਲਾ ਪਹਿਲਾਂ ਆਓ-ਪਹਿਲਾਂ ਪਾਓ ਦੇ ਆਧਾਰ ’ਤੇ ਕੀਤਾ ਜਾਵੇਗਾ। ਉਮੀਦਵਾਰ ਆਧਾਰ ਕਾਰਡ ਜਾਂ ਪੈਨ ਕਾਰਡ ਦੀ ਫੋਟੋ ਕਾਪੀ, ਵਿਦਿਅਕ ਯੋਗਤਾ ਦੇ ਸਰਟੀਫਿਕੇਟਾਂ ਦੀਆਂ ਕਾਪੀਆਂ, ਐਸ.ਸੀ. ਸਰਟੀਫਿਕੇਟ (ਜੇ ਲਾਗੂ ਹੋਵੇ) ਅਤੇ ਦੋ ਪਾਸਪੋਰਟ ਸਾਈਜ਼ ਫੋਟੋਆਂ ਨਾਲ ਪੀ.ਐਨ.ਬੀ. ਆਰਸੇਟੀ, ਬੈਕਸਾਈਡ ਓਲਡ ਕੋਰਟ, ਹੁਸ਼ਿਆਰਪੁਰ ਵਿਖੇ ਸੰਪਰਕ ਕਰ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਰਜਿਸਟ੍ਰੇਸ਼ਨ ਅਤੇ ਹੋਰ ਜਾਣਕਾਰੀ ਲਈ ਮੋਬਾਇਲ ਨੰਬਰ 94632-84447, 62842-10727 ਜਾਂ 94178-38014 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਫ਼ਾਜ਼ਿਲਕਾ ਦੇ ਵਿਧਇਕ ਨੇ ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਬੱਸਾਂ ਕੀਤੀਆਂ ਰਵਾਨਾ

**ਫਾਜ਼ਿਲਕਾ, 28 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਫਾਜ਼ਿਲਕਾ ਦੇ ਵਿਧਇਕ ਸ੍ਰੀ. ਨਰਿੰਦਰਪਾਲ ਸਵਨਾ ਨੇ ਹਲਕਾ ਫਾਜ਼ਿਲਕਾ ਦੇ ਪਿੰਡ ਝੁੱਗੇ ਗੁਲਾਬ ਸਿੰਘ, ਪਿੰਡ ਬੇਰੀ ਵਾਲੀ, ਪਿੰਡ ਘੜੂੰਮੀ ਵਿਖੇ ਲੋਕ ਮਿਲਣੀ ਦੌਰਾਨ ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਤੀਰਥ ਸਥਾਨਾ ਦੇ ਦਰਸ਼ਨਾ ਲਈ ਬੱਸਾਂ ਰਵਾਨਾ ਕੀਤੀਆਂ ਗਈਆਂ।

ਇਸ ਮੌਕੇ ਬੋਲਦਿਆਂ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਨੇ ਦੱਸਿਆ ਕਿ ਸ਼ਰਧਾਲੂ ਇਹਨਾਂ ਬੱਸਾਂ ਰਾਹੀਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ,ਦੁਰਗਿਆਨਾ ਮੰਦਿਰ,ਜਲ੍ਹਿਆਵਾਲਾ ਬਾਗ, ਰਾਮਤੀਰਥ ਮੰਦਿਰ ਅਤੇ ਕਈ ਗੁਰੂਧਾਮਾਂ ਦੇ ਦਰਸ਼ਨ ਕਰਨਗੇ।

# ਨਰਮੇ ਦੀ ਸ.ਫਲ ਤੇ ਲਾਹੇਵੰਦ ਕਾਸ਼ਤ ਸਬੰਧੀ ਆਪਣੀ ਖੇਤੀ ਸਕਾਊਟਸ ਨੂੰ ਦਿੱਤੀ ਵਿਸ਼ੇਸ਼ ਸਿਖਲਾਈ

**ਬਠਿੰਡਾ, 28 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਨਰਮੇ ਦੀ ਕਾਸ਼ਤ ਨੂੰ ਉਤਸ਼ਾਹਤ ਕਰਨ ਅਤੇ ਕਿਸਾਨਾਂ ਤੱਕ ਯੂਨੀਵਰਸਿਟੀ ਦੀਆਂ ਸਿਫ਼ਾਰਸ਼ਾਂ ਪਹੁੰਚਾਉਣ ਲਈ ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ ਵਿਖੇ ÷ਨਰਮੇ ਵਿੱਚ ਕੀੜੇ-ਮਕੌੜੇ, ਬਿਮਾਰੀਆਂ ਅਤੇ ਨਦੀਨਾਂ ਦੀ ਪਹਿਚਾਣ ਅਤੇ ਪ੍ਰਬੰਧਨ÷ ਵਿਸ਼ੇ ’ਤੇ ਇੱਕ ਰੋਜ਼ਾ ਸਿਖਲਾਈ ਕੋਰਸ ਕਰਵਾਇਆ ਗਿਆ। ਇਸ ਸਿਖਲਾਈ ਵਿੱਚ ਆਪਣੀ ਖੇਤੀ ਪ੍ਰੋਗਰਾਮ ਤਹਿਤ ਵੱਖ-ਵੱਖ ਪਿੰਡਾਂ ਤੋਂ ਆਏ ਸਕਾਊਟਸ ਨੇ ਭਾਗ ਲਿਆ।



ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਡਾ. ਵਿਜੇ ਕੁਮਾਰ, ਪ੍ਰੋਫੈਸਰ (ਕੀਟ ਵਿਗਿਆਨੀ), ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨੇ ਨਰਮੇ ਵਿੱਚ ਕੀਟਨਾਸ਼ਕ ਸਹਿਣਸ਼ਕਤੀ ਦੀ ਸਮੱਸਿਆ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਇੱਕੋ ਕੀਟਨਾਸ਼ਕ ਦੀ ਵਾਰ-ਵਾਰ ਵਰਤੋਂ ਨਾਲ ਕੀੜਿਆਂ ਵਿੱਚ ਸਹਿਣਸ਼ਕਤੀ ਪੈਦਾ ਹੋ ਜਾਂਦੀ ਹੈ ਅਤੇ ਕੀੜੇ ਮਕੌੜਿਆਂ ਦੀ ਸਹੀ ਰੋਕਥਾਮ ਨਹੀਂ ਹੁੰਦੀ। ਉਨ੍ਹਾਂ ਸਿਫ਼ਾਰਸ਼ ਕੀਤੀ ਕਿ ਵੱਖ-ਵੱਖ ਸਮੂਹਾਂ ਦੀਆਂ ਦਵਾਈਆਂ ਦੀ ਅਦਲਾ-ਬਦਲੀ ਨਾਲ ਵਰਤੋਂ ਕੀਤੀ ਜਾਵੇ, ਸਿਫ਼ਾਰਸ਼ੀ ਮਾਤਰਾ ਦੀ ਹੀ ਵਰਤੋਂ ਕੀਤੀ ਜਾਵੇ ਅਤੇ ਉਹਨਾਂ ਅਪੀਲ ਕੀਤੀ ਕਿ ਸੰਯੁਕਤ ਪ੍ਰਬੰਧਨ ਦੇ ਸਿਧਾਂਤਾਂ ਨੂੰ ਅਪਣਾਇਆ ਜਾਵੇ।

ਡਾ. ਪਰਮਜੀਤ ਸਿੰਘ, ਪ੍ਰਿੰਸੀਪਲ ਕਾਟਨ ਬਰੀਡਰ, ਪੀ.ਏ.ਯੂ.-ਖੇਤਰੀ ਖੋਜ਼ ਕੇਂਦਰ, ਬਠਿੰਡਾ ਨੇ ਨਰਮੇ ਦੀ ਸਫ਼ਲ ਕਾਸ਼ਤ ਲਈ ਪੀ.ਏ.ਯੂ. ਦੀਆਂ ਸਿਫ਼ਾਰਸ਼ਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕਰਨ ਦੇ ਨਾਲ-ਨਾਲ ਉਨ੍ਹਾਂ ਨੇ ਉੱਨਤ ਕਿਸਮਾਂ ਦੀ ਚੋਣ, ਸਮੇਂ ਸਿਰ ਬਿਜਾਈ, ਸੰਤੁਲਿਤ ਖਾਦਾਂ ਦੀ ਵਰਤੋਂ, ਸਿੰਚਾਈ ਪ੍ਰਬੰਧਨ ਅਤੇ ਹੋਰ ਖੇਤੀ ਤਕਨੀਕਾਂ ਬਾਰੇ ਵੀ ਦੱਸਿਆ।

ਇਸੇ ਤਰ੍ਹਾਂ ਡਾ. ਅਮਰਜੀਤ ਸਿੰਘ ਸੰਧੂ, ਜਿਲ੍ਹਾ ਪਸਾਰ ਮਾਹਿਰ (ਐਸ.ਐਮ.), ਫਾਰਮ ਐਡਵਾਈਜ਼ਰੀ ਸਰਵਿਸ ਸੈਂਟਰ, ਬਠਿੰਡਾ ਨੇ ਆਪਣੇ ਖੇਤਰੀ ਤਜ਼ਰਬੇ ਸਾਂਝੇ ਕਰਦਿਆਂ ਕਿਹਾ ਕਿ ਨਰਮੇ ਦੀ ਸਫ਼ਲ ਕਾਸ਼ਤ ਲਈ ਖੇਤ ਦਾ ਨਿਯਮਿਤ ਨਿਰੀਖਣ, ਸਮੇਂ ਸਿਰ ਸਲਾਹ ਪ੍ਰਾਪਤ ਕਰਨਾ ਅਤੇ ਯੂਨੀਵਰਸਿਟੀ ਦੀਆਂ ਸਿਫ਼ਾਰਸ਼ਾਂ ਅਨੁਸਾਰ ਫ਼ਸਲ ਪ੍ਰਬੰਧਨ ਕਰਨਾ ਬਹੁਤ ਜ਼ਰੂਰੀ ਹੈ।ਇਸ ਮੌਕੇ ਡਾ. ਜਸਜਿੰਦਰ ਕੌਰ, ਕੀਟ ਵਿਗਿਆਨੀ, ਪੀ.ਏ.ਯੂ.-ਖੇਤਰੀ ਖੋਜ਼ ਕੇਂਦਰ, ਬਠਿੰਡਾ ਨੇ ਨਰਮੇ ਦੇ ਮੁੱਖ ਕੀੜੇ-ਮਕੌੜਿਆਂ ਦੇ ਜੀਵਨ ਚੱਕਰ, ਪਹਿਚਾਣ ਅਤੇ ਨਿਗਰਾਨੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਡਾ. ਗੁਰਦੀਪ ਸਿੰਘ, ਡਿਪਟੀ ਡਾਇਰੈਕਟਰ (ਸਿਖਲਾਈ), ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ ਨੇ ਨਰਮੇ ਦੀ ਫ਼ਸਲ ਦੇ ਪੰਜਾਬ ਦੀ ਖੇਤੀ ਆਰਥਿਕਤਾ ਵਿੱਚ ਮਹੱਤਵ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਨਰਮਾ ਕਿਸਾਨਾਂ ਲਈ ਇੱਕ ਮਹੱਤਵਪੂਰਨ ਨਕਦੀ ਫ਼ਸਲ ਹੈ ਅਤੇ ਇਸ ਦੀ ਸਫ਼ਲ ਕਾਸ਼ਤ ਲਈ ਵਿਗਿਆਨਕ ਸਿਫ਼ਾਰਸ਼ਾਂ ਦੀ ਪਾਲਣਾ ਬਹੁਤ ਜ਼ਰੂਰੀ ਹੈ।

ਆਨਲਾਈਨ ਮਾਧਿਅਮ ਰਾਹੀਂ ਜੁੜੇ ਡਾ. ਜਗਦੀਸ਼ ਅਰੋੜਾ, ਜਿਲ੍ਹਾ ਪਸਾਰ ਮਾਹਿਰ, ਫਾਰਮ ਐਡਵਾਈਜ਼ਰੀ ਸਰਵਿਸ ਸੈਂਟਰ, ਅਬੋਹਰ ਨੇ ਨਰਮੇ ਦੀਆਂ ਮੁੱਖ ਬਿਮਾਰੀਆਂ, ਉਨ੍ਹਾਂ ਦੇ ਸ਼ੁਰੂਆਤੀ ਲੱਛਣ, ਫੈਲਣ ਦੇ ਕਾਰਨਾਂ ਅਤੇ ਰੋਕਥਾਮ ਦੇ ਵਿਗਿਆਨਕ ਤਰੀਕਿਆਂ ਬਾਰੇ ਜਾਣਕਾਰੀ ਦਿੱਤੀ।

ਡਾ. ਗੁਰਮੀਤ ਸਿੰਘ ਢਿੱਲੋਂ, ਪ੍ਰੋਫੈਸਰ (ਪਸਾਰ ਸਿੱਖਿਆ), ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ ਨੇ ਭਾਗੀਦਾਰਾਂ ਨਾਲ ਖੁੱਲ੍ਹੀ ਵਿਚਾਰ-ਚਰਚਾ ਕੀਤੀ ਅਤੇ ਨਰਮੇ ਦੀ ਫ਼ਸਲ ਸਬੰਧੀ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦਿੱਤੇ। ਇਸ ਉਪਰੰਤ ਭਾਗੀਦਾਰਾਂ ਨੂੰ ਨਰਮੇ ਦੇ ਖੇਤ ਦਾ ਦੌਰਾ ਕਰਵਾਇਆ ਗਿਆ, ਜਿੱਥੇ ਉਨ੍ਹਾਂ ਨੂੰ ਕੀੜੇ-ਮਕੌੜਿਆਂ, ਬਿਮਾਰੀਆਂ ਅਤੇ ਨਦੀਨਾਂ ਦੀ ਵਿਹਾਰਕ ਪਹਿਚਾਣ ਦੇ ਨਾਲ-ਨਾਲ ਉਨ੍ਹਾਂ ਦੇ ਪ੍ਰਬੰਧਨ ਬਾਰੇ ਵੀ ਜਾਣਕਾਰੀ ਦਿੱਤੀ ਗਈ।

# ਹਰਿਆਣਾ ਦੇ ਰਾਜਪਾਲ ਨੂੰ ਮਿਲੇ ਕੇਂਦਰੀ ਮੰਤਰੀ ਪ੍ਰਤਾਪਰਾਵ ਜਾਧਵ, ਸਿਹਤ ਅਤੇ ਆਯੁਸ਼ ਖੇਤਰ ਦੇ ਵਿਸਤਾਰ ’ਤੇ ਹੋਈ ਚਰਚਾ

**ਚੰਡੀਗੜ੍ਹ, 28 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਆਯੂਸ਼ ਅਤੇ ਸਿਹਤ ਅਤੇ ਪਰਿਵਾਰ ਭਲਾਈ ਰਾਜ ਮੰਤਰੀ ਸ੍ਰੀ ਪ੍ਰਤਾਪਰਾਵ ਜਾਧਵ ਨੇ ਅੱਜ ਇੱਥੇ ਲੋਕ ਭਵਨ ਵਿੱਚ ਹਰਿਆਣਾ ਦੇ ਰਾਜਪਾਲ ਪ੍ਰੋ. ਅਸੀਮ ਕੁਮਾਰ ਘੋਸ਼ ਨਾਲ ਸ਼ਿਸ਼ਟਾਚਾਰ ਮੁਲਾਕਾਤ ਕੀਤੀ।

ਇਸ ਮੌਕੇ ਰਾਜਪਾਲ ਅਤੇ ਕੇਂਦਰੀ ਮੰਤਰੀ ਵਿਚਕਾਰ ਹਰਿਆਣਾ ਵਿੱਚ ਸਿਹਤ ਸੇਵਾਵਾਂ ਅਤੇ ਆਯੂਸ਼ ਖੇਤਰ ਨਾਲ ਜੁੜੇ ਵੱਖ-ਵੱਖ ਵਿਸ਼ਿਆਂ ’ਤੇ ਵਿਸਤਾਰ ਨਾਲ ਚਰਚਾ ਹੋਈ।

ਰਾਜਪਾਲ ਪ੍ਰੋ. ਅਸੀਮ ਕੁਮਾਰ ਘੋਸ਼ ਨੇ ਰੇਵਾੜੀ ਵਿੱਚ ਨਿਰਮਾਣ ਅਧੀਨ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ (ਏਮਜ਼) ਦੀ ਪ੍ਰਗਤੀ ਦੀ ਜਾਣਕਾਰੀ ਲੈਂਦਿਆਂ ਕਿਹਾ ਕਿ ਇਸ ਪ੍ਰੋਜੈਕਟ ਨੂੰ ਨਿਰਧਾਰਤ ਸਮਾਂ-ਸੀਮਾ ਦੇ ਅੰਦਰ ਪੂਰਾ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਖੇਤਰ ਦੇ ਲੋਕਾਂ ਨੂੰ ਇਸ ਦੀਆਂ ਆਧੁਨਿਕ ਸਿਹਤ ਸੇਵਾਵਾਂ ਦਾ ਲਾਭ ਜਲਦੀ ਮਿਲ ਸਕੇ।



ਮੀਟਿੰਗ ਦੌਰਾਨ ਉਨ੍ਹਾਂ ਨੇ ਪੰਚਕੂਲਾ ਸਥਿਤ ਰਾਸ਼ਟਰੀ ਆਯੁਰਵੇਦ ਸੰਸਥਾਨ ਦੀ ਪ੍ਰਗਤੀ ਬਾਰੇ ਵੀ ਜਾਣਕਾਰੀ ਪ੍ਰਾਪਤ ਕੀਤੀ। ਇਸ ’ਤੇ ਕੇਂਦਰੀ ਮੰਤਰੀ ਸ੍ਰੀ ਪ੍ਰਤਾਪਰਾਵ ਜਾਧਵ ਨੇ ਦੱਸਿਆ ਕਿ ਸੰਸਥਾਨ ਵਿੱਚ ਰੋਜ਼ਾਨਾ ਓ.ਪੀ.ਡੀ. ਰਾਹੀਂ ਮਰੀਜ਼ਾਂ ਨੂੰ ਸਲਾਹ ਅਤੇ ਇਲਾਜ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਛੇਤੀ ਹੀ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੱਲੋਂ ਸੰਸਥਾਨ ਦਾ ਰਸਮੀ ਉਦਘਾਟਨ ਕਰਕੇ ਇਸ ਨੂੰ ਰਾਸ਼ਟਰ ਨੂੰ ਸਮਰਪਿਤ ਕੀਤਾ ਜਾਵੇਗਾ।

ਕੇਂਦਰੀ ਮੰਤਰੀ ਨੇ ਰਾਜਪਾਲ ਨੂੰ ਹਰਿਆਣਾ ਸਮੇਤ ਦੇਸ਼ ਭਰ ਵਿੱਚ ਆਯੁਰਵੇਦ ਇਲਾਜ ਪ੍ਰਣਾਲੀ ਨੂੰ ਮਜ਼ਬੂਤ ਬਣਾਉਣ ਅਤੇ ਸਿਹਤ ਬੁਨਿਆਦੀ ਢਾਂਚੇ ਦੇ ਵਿਸਤਾਰ ਤੇ ਆਧੁਨਿਕੀਕਰਨ ਲਈ ਭਾਰਤ ਸਰਕਾਰ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਵੀ ਜਾਣਕਾਰੀ ਦਿੱਤੀ।

ਰਾਜਪਾਲ ਪ੍ਰੋ. ਅਸੀਮ ਕੁਮਾਰ ਘੋਸ਼ ਨੇ ਸਿਹਤ ਸੇਵਾ ਵੰਡ ਪ੍ਰਣਾਲੀ ਨੂੰ ਹੋਰ ਮਜ਼ਬੂਤ ਬਣਾਉਣ ਦੀ ਲੋੜ ’ਤੇ ਜ਼ੋਰ ਦਿੰਦਿਆਂ ਕਿਹਾ ਕਿ ਇਸ ਨਾਲ ਹਰੇਕ ਨਾਗਰਿਕ, ਖਾਸ ਕਰਕੇ ਦੁਰਾਡੇ ਅਤੇ ਵਾਂਝੇ ਖੇਤਰਾਂ ਵਿੱਚ ਰਹਿਣ ਵਾਲੀਆਂ ਮਹਿਲਾਵਾਂ ਅਤੇ ਵਾਂਝੇ ਲੋਕਾਂ ਨੂੰ ਸੁਲੱਭ, ਕਿਫ਼ਾਇਤੀ ਅਤੇ ਮਿਆਰੀ ਸਿਹਤ ਸੇਵਾਵਾਂ ਉਪਲਬਧ ਕਰਵਾਈਆਂ ਜਾ ਸਕਣਗੀਆਂ। ਉਨ੍ਹਾਂ ਕਿਹਾ ਕਿ ਸਾਰੇ ਨਾਗਰਿਕਾਂ ਨੂੰ ਬਰਾਬਰ, ਪ੍ਰਭਾਵੀ ਅਤੇ ਮਿਆਰੀ ਸਿਹਤ ਸੇਵਾਵਾਂ ਉਪਲਬਧ ਕਰਵਾਉਣ ਲਈ ਸਿਹਤ ਬੁਨਿਆਦੀ ਢਾਂਚੇ ਅਤੇ ਮੈਡੀਕਲ ਸੇਵਾਵਾਂ ਦਾ ਨਿਰੰਤਰ ਮਜ਼ਬੂਤੀਕਰਨ ਜ਼ਰੂਰੀ ਹੈ।

**ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਦੇਸ਼ ਭਰ ਵਿੱਚ ਸਿਹਤ ਬੁਨਿਆਦੀ ਢਾਂਚੇ ਦਾ ਹੋ ਰਿਹਾ ਬੇਮਿਸਾਲ ਵਿਸਤਾਰ - ਪ੍ਰਤਾਪਰਾਵ ਜਾਧਵ**

ਕੇਂਦਰੀ ਮੰਤਰੀ ਸ੍ਰੀ ਪ੍ਰਤਾਪਰਾਵ ਜਾਧਵ ਨੇ ਰਾਜਪਾਲ ਨੂੰ ਜਾਣੂ ਕਰਵਾਇਆ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਦੂਰਦਰਸ਼ੀ ਅਗਵਾਈ ਹੇਠ ਦੇਸ਼ ਭਰ ਵਿੱਚ ਸਿਹਤ ਬੁਨਿਆਦੀ ਢਾਂਚੇ ਦਾ ਬੇਮਿਸਾਲ ਵਿਸਤਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਸਮੁੱਚੀਆਂ ਅਤੇ ਸਮਾਵੇਸ਼ੀ ਸਿਹਤ ਸੇਵਾਵਾਂ ਨੂੰ ਪ੍ਰੋਤਸਾਹਨ ਦੇਣ ਦੇ ਉਦੇਸ਼ ਨਾਲ ਆਯੂਸ਼ ਇਲਾਜ ਪ੍ਰਣਾਲੀ ਨੂੰ ਵੀ ਬਰਾਬਰ ਰੂਪ ਵਿੱਚ ਪ੍ਰੋਤਸਾਹਿਤ ਕਰ ਰਹੀ ਹੈ।

ਉਨ੍ਹਾਂ ਦੱਸਿਆ ਕਿ ਹਰਿਆਣਾ ਵਿੱਚ ਵੀ ਸਿਹਤ ਬੁਨਿਆਦੀ ਢਾਂਚੇ ਦਾ ਤੇਜ਼ੀ ਨਾਲ ਵਿਸਤਾਰ ਕੀਤਾ ਜਾ ਰਿਹਾ ਹੈ ਅਤੇ ਸਮ ?ਜ ਦੇ ਸਾਰੇ ਵਰਗਾਂ, ਖਾਸ ਕਰਕੇ ਗਰੀਬ ਅਤੇ ਵਾਂਝੇ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਉਪਲਬਧ ਕਰਵਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਇਸ ਮੌਕੇ ਕੇਂਦਰੀ ਮੰਤਰੀ ਦੇ ਨਾਲ ਐਡਵੋਕੇਟ ਮਨੋਜ ਬਖ਼ਸ਼ੀ ਵੀ ਮੌਜੂਦ ਸਨ।

# ਪੰਜਾਬ ਸਕੂਲ ਸਿੱਖਿਆ ਵਿੱਚ ਦੇਸ਼ ਦਾ ਮੋਹਰੀ ਸੂਬਾ ਬਣਿਆ: ਮੁੱਖ ਮੰਤਰੀ ਮਾਨ

**➢ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੀ ਨੀਟ, ਜੇ.ਈ.ਈ. ਤੇ ਟੇਲੈਂਟ ਸਰਚ ਪ੍ਰੀਖਿਆ ਵਿੱਚ ਸਫ਼ਲਤਾ ਨਾਲ ਸਾਡੀ ਸਰਕਾਰ ਦੇ ਸਿੱਖਿਆ ਸੁਧਾਰਾਂ ਦਾ ਅਕਸ ਝਲਕਦਾ ਹੈ ➢ ਗਰੀਬੀ ਖ਼ਤਮ ਕਰਨ ਤੇ ਸਮਾਜ ਵਿੱਚ ਤਬਦੀਲੀ ਲਈ ਸਿੱਖਿਆ ਸਭ ਤੋਂ ਸ਼ਕਤੀਸ਼ਾਲੀ ਹਥਿਆਰ: ਮੁੱਖ ਮੰਤਰੀ ਭਗਵੰਤ ਮਾਨ**

ਲੁਧਿਆਣਾ, 28 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਸਾਡੀ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਨੂੰ ਮਜ਼ਬੂਤ ਕਰਨ, ਸਿੱਖਿਆ ਦੇ ਬੁਨਿਆਦੀ ਢਾਂਚੇ ਦੇ ਆਧੁਨਿਕੀਕਰਨ ਅਤੇ ਅਧਿਆਪਕਾਂ ਦੀ ਸਿਖਲਾਈ ਵਿੱਚ ਨਿਵੇਸ਼ ਕਰਨ 'ਤੇ ਦਿੱਤੇ ਜਾ ਰਹੇ ਲਗਾਤਾਰ ਧਿਆਨ ਨੇ ਸੂਬੇ ਨੂੰ ਸਕੂਲੀ ਸਿੱਖਿਆ ਦੇ ਖੇਤਰ ਵਿੱਚ ਦੇਸ਼ ਦਾ ਸਭ ਤੋਂ ਮੋਹਰੀ ਸੂਬਾ ਬਣਾ ਦਿੱਤਾ ਹੈ।

ਇੱਥੇ ਸਰਕਾਰੀ ਪ੍ਰਾਇਮਰੀ ਸਕੂਲ, ਲੋਹਾਰਾ ਵਿਖੇ ਪੰਜ ਕਰੋੜ ਰੁਪਏ ਦੀ ਲਾਗਤ ਨਾਲ ਬਣੇ 'ਵਰਧਮਾਨ ਬਲਾਕ' ਦਾ ਉਦਘਾਟਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਨੀਟ, ਜੇ.ਈ.ਈ. ਅਤੇ ਪੰਜਾਬ ਰਾਜ ਟੇਲੈਂਟ ਸਰਚ ਪ੍ਰੀਖਿਆ ਵਰਗੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਵਿੱਚ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੀ ਸ਼ਾਨਦਾਰ ਸਫ਼ਲਤਾ ਸਰਕਾਰ ਦੇ ਸਿੱਖਿਆ ਸੁਧਾਰਾਂ ਦੇ ਦੂਰਗਾਮੀ ਪ੍ਰਭਾਵ ਨੂੰ ਦਰਸਾਉਂਦੀ ਹੈ। ਉਨ੍ਹਾਂ ਦੁਹਰਾਇਆ ਕਿ ਗਰੀਬੀ ਖ਼ਤਮ ਕਰਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਮਰੱਥ ਬਣਾਉਣ ਲਈ ਸਿੱਖਿਆ ਹੀ ਸਭ ਤੋਂ ਸ਼ਕਤੀਸ਼ਾਲੀ ਸਾਧਨ ਹੈ।

ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਨਵੇਂ ਬਲਾਕ ਦਾ ਉਦਘਾਟਨ ਕਰਨ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਇਹ ਨਵਾਂ ਬਲਾਕ ਪੰਜ ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ ਗਿਆ ਹੈ। ਇਸ ਦਾ ਸਾਰਾ ਖ਼ਰਚਾ ਵਰਧਮਾਨ ਟੈਕਸਟਾਈਲਜ਼ ਗਰੁੱਪ ਵੱਲੋਂ ਚੁੱਕਿਆ ਗਿਆ ਹੈ, ਜਿਸ ਲਈ ਮੈਂ ਗਰੁੱਪ ਦੀ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਇਸ ਨਵੇਂ ਬਲਾਕ ਵਿੱਚ ਵਿਦਿਆਰਥੀਆਂ ਲਈ ਫਰਨੀਚਰ ਸਮੇਤ 18 ਕਲਾਸਰੂਮ ਅਤੇ ਅਧਿਆਪਕਾਂ ਲਈ ਤਿੰਨ ਕਮਰੇ ਸ਼ਾਮਲ ਹਨ।

ਮੁੱਖ ਮੰਤਰੀ ਨੇ ਕਿਹਾ, ਵਰਧਮਾਨ ਟੈਕਸਟਾਈਲਜ਼ ਗਰੁੱਪ ਖ਼ਾਸ ਤੌਰ 'ਤੇ ਸਰਕਾਰੀ ਸਕੂਲਾਂ ਦੇ ਵਿੱਦਿਅਕ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਯੋਗਦਾਨ ਪਾ ਰਿਹਾ ਹੈ। ਇਸ ਗਰੁੱਪ ਨੇ ਲੋਹਾਰਾ, ਗਿਆਸਪੁਰਾ, ਕਾਸਾਬਾਦ, ਲਾਡੋਵਾਲ, ਸ਼ੇਖੇਵਾਲ ਅਤੇ ਹੋਰ ਸਰਕਾਰੀ ਸਕੂਲਾਂ ਵਿੱਚ ਵੀ ਇਮਾਰਤਾਂ ਦੀ ਉਸਾਰੀ ਕਰਵਾਈ ਹੈ। ਕੋਈ ਵੀ ਮੁਫ਼ਤ ਸਹੂਲਤ ਜਾਂ ਛੋਟ ਸੂਬੇ ਵਿੱਚੋਂ ਗਰੀਬੀ ਜਾਂ ਹੋਰ ਸਮਾਜਿਕ ਬੁਰਾਈਆਂ ਨੂੰ ਖ਼ਤਮ ਨਹੀਂ ਕਰ ਸਕਦੀ, ਸਗੋਂ ਸਿੱਖਿਆ ਹੀ ਉਹ ਕੁੰਜੀ ਹੈ, ਜੋ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕ ਕੇ ਉਨ੍ਹਾਂ ਨੂੰ ਗਰੀਬੀ ਦੀ ਦਲਦਲ ਵਿੱਚੋਂ ਬਾਹਰ ਕੱਢ ਸਕਦੀ ਹੈ।

ਉਨ੍ਹਾਂ ਆਖਿਆ, ਸਰਕਾਰ ਦੇ ਅਣਥੱਕ ਯਤਨਾਂ ਸਦਕਾ ਪੰਜਾਬ ਪ੍ਰਾਇਮਰੀ ਅਤੇ ਮਿਡਲ ਸਕੂਲ ਸਿੱਖਿਆ ਵਿੱਚ ਕੇਰਲ, ਮਹਾਰਾਸ਼ਟਰ ਅਤੇ ਦਿੱਲੀ ਨੂੰ ਪਿੱਛੇ ਛੱਡ ਕੇ ਪਹਿਲੇ ਸਥਾਨ 'ਤੇ ਪਹੁੰਚ ਗਿਆ ਹੈ। ਸੂਬਾ ਸਰਕਾਰ ਨੇ ਪ੍ਰਾਇਮਰੀ ਅਤੇ ਮਿਡਲ ਸਕੂਲ ਸਿੱਖਿਆ ਦੇ ਮਿਆਰ ਉੱਚਾ ਚੁੱਕਿਆ ਹੈ, ਪ੍ਰਣਾਲੀ ਨੂੰ ਮਜ਼ਬੂਤ ਕੀਤਾ ਹੈ, ਸਮਾਰਟ ਕਲਾਸਰੂਮ ਸ਼ੁਰੂ ਕੀਤੇ ਹਨ ਅਤੇ ਅਧਿਆਪਕਾਂ ਨੂੰ ਉੱਨਤ ਸਿਖਲਾਈ ਪ੍ਰਦਾਨ ਕੀਤੀ ਹੈ। ਇਨ੍ਹਾਂ ਯਤਨਾਂ ਦੇ ਸਿੱਟੇ ਵਜੋਂ ਪੰਜਾਬ ਸਕੂਲੀ ਸਿੱਖਿਆ ਖੇਤਰ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰ ਰਿਹਾ ਹੈ ਅਤੇ ਭਾਰਤ ਸਰਕਾਰ ਦੀਆਂ ਪ੍ਰਮੁੱਖ ਸੰਸਥਾਵਾਂ ਵਿੱਚ ਇੱਕ ਨੀਤੀ ਆਯੋਗ ਵੱਲੋਂ ਜਾਰੀ ਨਵੇਂ ਅੰਕੜੇ ਦਰਸਾਉਂਦੇ ਹਨ ਕਿ ਪੰਜਾਬ ਨੇ ਪ੍ਰਾਇਮਰੀ ਅਤੇ ਮਿਡਲ ਸਕੂਲ ਸਿੱਖਿਆ ਵਿੱਚ ਕੇਰਲ, ਮਹਾਰਾਸ਼ਟਰ ਅਤੇ ਦਿੱਲੀ ਨੂੰ ਪਿੱਛੇ ਛੱਡ ਕੇ ਪਹਿਲਾ ਸਥਾਨ ਹਾਸਲ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ, ਪਿਛਲੇ ਚਾਰ ਸਾਲਾਂ ਤੋਂ ਸੂਬਾ ਸਰਕਾਰ ਨੇ ਅਧਿਆਪਕਾਂ ਦੀ ਸਿਖਲਾਈ, ਆਧੁਨਿਕ ਅਧਿਆਪਨ ਵਿਧੀਆਂ ਅਤੇ ਸਮਾਰਟ ਕਲਾਸਰੂਮਾਂ 'ਤੇ ਧਿਆਨ ਕੇਂਦਰਿਤ ਕੀਤਾ ਹੈ ਅਤੇ ਅੱਜ ਪੰਜਾਬ ਸਿਖਰ 'ਤੇ ਖੜ੍ਹਾ ਹੈ। ਪਹਿਲਾਂ ਕੇਰਲ ਪਹਿਲੇ ਸਥਾਨ 'ਤੇ ਸੀ, ਪਰ ਹੁਣ ਪੰਜਾਬ ਨੇ ਵੱਡੇ ਫਰਕ ਨਾਲ ਨੰਬਰ ਇੱਕ ਦਰਜਾ ਹਾਸਲ ਕੀਤਾ ਹੈ। ਆਉਣ ਵਾਲੇ ਸਮੇਂ ਵਿੱਚ ਵੀ ਅਜਿਹੇ ਹੋਰ ਯਤਨ ਕੀਤੇ ਜਾਣਗੇ। ਸਿੱਖਿਆ ਉਹ ਚਾਨਣ ਹੈ, ਜੋ ਹਨੇਰੇ ਨੂੰ ਦੂਰ ਕਰ ਕੇ ਦੁਨੀਆ ਨੂੰ ਰੌਸ਼ਨ ਕਰਦਾ ਹੈ, ਜਿਸ ਕਰ ਕੇ ਸੂਬਾ ਸਰਕਾਰ ਇਸ 'ਤੇ ਵਿਸ਼ੇਸ਼ ਜ਼ੋਰ ਦੇ ਰਹੀ ਹੈ। ਮੁੱਖ ਮੰਤਰੀ ਨੇ ਦੱਸਿਆ, ਲੁਧਿਆਣਾ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਵਿੱਚ ਲਗਭਗ ਤਿੰਨ ਲੱਖ ਵਿਦਿਆਰਥੀ ਪੜ੍ਹ ਰਹੇ ਹਨ, ਜਿੱਥੇ 16 ਸਕੂਲਜ਼ ਆਫ਼ ਐਮੀਨੈਂਸ, 11 ਸਕੂਲਜ਼ ਆਫ਼ ਬ੍ਰਿਲਿਅੰਸ ਅਤੇ 35 ਸਕੂਲਜ਼ ਆਫ਼ ਹੈਪੀਨੈਸ ਹਨ। ਮਿਲਰਗੰਜ ਅਤੇ ਡਿਵੀਜ਼ਨ ਨੰਬਰ 3, ਲੁਧਿਆਣਾ ਵਿਖੇ ਦੋ ਹੋਰ ਸਕੂਲ ਆਫ਼ ਐਮੀਨੈਂਸ ਬਣ ਕੇ ਤਿਆਰ ਹੋ ਚੁੱਕੇ ਹਨ ਅਤੇ ਜਲਦੀ ਜਨਤਾ ਨੂੰ ਸਮਰਪਿਤ ਕੀਤੇ ਜਾਣਗੇ। 146 ਵਿਦਿਆਰਥੀਆਂ ਨੇ ਨੀਟ ਪ੍ਰੀਖਿਆ, 33 ਵਿਦਿਆਰਥੀਆਂ ਨੇ ਜੇ.ਈ.ਈ. ਮੇਨ ਪ੍ਰੀਖਿਆ, 9 ਵਿਦਿਆਰਥੀਆਂ ਨੇ ਜੇ.ਈ.ਈ. ਐਡਵਾਂਸਡ ਪ੍ਰੀਖਿਆ ਅਤੇ 47 ਵਿਦਿਆਰਥੀਆਂ ਨੇ ਪੀ.ਐੱਸ.ਟੀ.ਐੱਸ.ਈ. ਪਾਸ ਕੀਤੀ ਹੈ।

# ਪੰਜਾਬ ਭਾਜਪਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਕੀਤੀ ਮੁਲਾਕਾਤ

ਚੰਡੀਗੜ੍ਹ, 28 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-



ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਅੱਜ ਨਵੀਂ ਦਿੱਲੀ ਵਿਖੇ ਸੰਸਦ ਭਵਨ ਵਿੱਚ ਦੇਸ਼ ਦੇ ਮਾਣਯੋਗ ਪ੍ਰਧਾਨ ਮੰਤਰੀ ਨਾਲ ਵਿਸ਼ੇਸ਼ ਮੁਲਾਕਾਤ ਕੀਤੀ। ਇਸ ਦੌਰਾਨ ਪੰਜਾਬ ਨਾਲ ਜੁੜੇ ਵੱਖ-ਵੱਖ ਮੁੱਦਿਆਂ 'ਤੇ ਚਰਚਾ ਕੀਤੀ ਗਈ।

ਮੀਟਿੰਗ ਦੌਰਾਨ ਸੂਬੇ ਦੇ ਸਰਵਪੱਖੀ ਵਿਕਾਸ, ਆਰਥਿਕ ਮੁੱਦਿਆਂ ਅਤੇ ਕਿਸਾਨੀ ਹਿੱਤਾਂ ਸਮੇਤ ਕਈ ਮਹੱਤਵਪੂਰਨ ਵਿਸ਼ਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ।

ਕੇਵਲ ਸਿੰਘ ਢਿੱਲੋਂ ਨੇ ਪੰਜਾਬ ਦੀ ਮੌਜੂਦਾ ਸਿਆਸੀ ਅਤੇ ਸਮਾਜਿਕ ਸਥਿਤੀ ਬਾਰੇ ਪ੍ਰਧਾਨ ਮੰਤਰੀ ਨੂੰ ਜਾਣੂ ਕਰਵਾਇਆ। ਪ੍ਰਧਾਨ ਮੰਤਰੀ ਨੇ ਪੰਜਾਬ ਪ੍ਰਧਾਨ ਵੱਲੋਂ ਰੱਖੇ ਗਏ ਸਾਰੇ ਨੁਕਤਿਆਂ ਨੂੰ ਬਹੁਤ ਹੀ ਗੰਭੀਰਤਾ ਅਤੇ ਧਿਆਨ ਨਾਲ ਸੁਣਿਆ। ਪ੍ਰਧਾਨ ਮੰਤਰੀ ਨੇ ਭਰੋਸਾ ਦਿਵਾਇਆ ਕਿ ਕੇਂਦਰ ਸਰਕਾਰ ਪੰਜਾਬ ਦੀ ਤਰੱਕੀ, ਖੁਸ਼ਹਾਲੀ ਅਤੇ ਇੱਥੋਂ ਦੇ ਲੋਕਾਂ ਦੀ ਭਲਾਈ ਲਈ ਹਮੇਸ਼ਾ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਸੂਬੇ ਦੇ ਵਿਕਾਸ ਕਾਰਜਾਂ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

# 'ਰੰਗ ਬਨਾ ਰਹੇ': ਬਰਜਰ ਪੇਂਟਸ ਨੇ ਸਾਡੇ ਅੰਦਰਲੇ ਰੰਗਾਂ ਦਾ ਜਸ਼ਨ ਮਨਾਉਣ ਲਈ ਇੱਕ ਨਵੀਂ ਮੁਹਿੰਮ ਸ਼ੁਰੂ ਕੀਤੀ

ਚੰਡੀਗੜ੍ਹ, 28 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

: ਦੇਸ਼ ਦੀ ਦੂਜੀ ਸਭ ਤੋਂ ਵੱਡੀ ਪੇਂਟ ਕੰਪਨੀ, ਬਰਜਰ ਪੇਂਟਸ ਇੰਡੀਆ ਲਿਮਟਿਡ ਨੇ ਇੱਕ ਤਾਜ਼ਾ ਬ੍ਰਾਂਡ ਪਛਾਣ ਦਾ ਪਰਦਾਫਾਸ਼ ਕੀਤਾ ਜੋ ਇੱਕ ਸ਼ਕਤੀਸ਼ਾਲੀ ਵਿਸ਼ਵਾਸ ਵਿੱਚ ਜੁੜੀ ਹੋਈ ਹੈ: ਕਿ ਜ਼ਿੰਦਗੀ ਸਾਨੂੰ ਜੋ ਵੀ ਪਰਖੇ, ਇਸਨੂੰ ਕਦੇ ਵੀ ਸਾਡਾ ਰੰਗ ਨਹੀਂ ਖੋਹਣਾ ਚਾਹੀਦਾ । 'ਰੰਗ ਬਨਾ ਰਹੇ' ਵਿਚਾਰ ਦੁਆਰਾ ਜੀਵਨ ਵਿੱਚ ਲਿਆਂਦਾ ਗਿਆ, ਇਹ ਨਵੀਂ ਮੁਹਿੰਮ ਬਰਜਰ ਪੇਂਟਸ ਦੇ ਰੰਗ ਦੀ ਸੰਭਾਲ ਦੇ ਲੰਬੇ ਸਮੇਂ ਤੋਂ ਚੱਲ ਰਹੇ ਵਾਅਦੇ ਨੂੰ ਡੂੰਘਾਈ ਨਾਲ ਮਨੁੱਖੀ ਲੈਂਸ ਰਾਹੀਂ ਦੁਬਾਰਾ ਵਿਆਖਿਆ ਕਰਦੀ ਹੈ। ਇੱਕ ਸ਼੍ਰੇਣੀ ਵਿੱਚ ਜਿੱਥੇ ਬ੍ਰਾਂਡ ਅਕਸਰ ਇੱਕੋ ਜਿਹੇ ਦਿਖਾਈ ਦਿੰਦੇ ਹਨ ਅਤੇ ਰੰਗ ਨੂੰ ਇੱਕ ਬਾਹਰੀ ਪ੍ਰਗਟਾਵੇ ਵਜੋਂ ਮਨਾਇਆ ਜਾਂਦਾ ਹੈ, ਬਰਜਰ ਇੱਕ ਵਿਲੱਖਣ ਬ੍ਰਾਂਡ ਪਛਾਣ ਅਤੇ ਇੱਕ ਵਿਜ਼ੂਅਲ ਟ੍ਰੀਟਮੈਂਟ ਦੇ ਨਾਲ ਇੱਕ ਵੱਖਰਾ ਦ੍ਰਿਸ਼ਟੀਕੋਣ ਪੇਸ਼ ਕਰਦਾ ਹੈ ਜੋ ਵੱਖਰਾ ਹੈ।

ਦਹਾਕਿਆਂ ਤੋਂ, ਬਰਜਰ ਨੇ ਹੋਮਸ਼ੀਲਡ ਨਾਲ ਰੰਗਾਂ ਦੀ ਰੱਖਿਆ ਕੀਤੀ ਹੈ , ਜੋ ਮੀਂਹ ਤੋਂ ਬਚਾਉਂਦਾ ਹੈ; ਵੇਦਰਕੋਟ ਐਂਟੀ ਡਸਟ, ਜੋ ਧੂੜ ਨੂੰ ਦੂਰ ਰੱਖਦਾ ਹੈ; ਅਤੇ ਈਜ਼ੀ ਕਲੀਨ, ਜੋ ਰੋਜ਼ਾਨਾ ਦੇ ਧੱਬਿਆਂ ਦਾ ਵਿਰੋਧ ਕਰਦਾ ਹੈ। ਉਸ ਵਚਨਬੱਧਤਾ ਨੇ ਕੰਪਨੀ ਦੇ ਉਤਪਾਦਾਂ, ਇਸਦੀਆਂ ਨਵੀਨਤਾਵਾਂ ਅਤੇ ਲੱਖਾਂ ਘਰਾਂ ਵਿੱਚ ਇਸਦੀ ਜਗ੍ਹਾ ਨੂੰ ਆਕਾਰ ਦਿੱਤਾ ਹੈ। 'ਰੰਗ ਬਨਾ ਰਹੇ' ਦੇ ਨਾਲ, ਬਰਜਰ ਰੰਗਾਂ ਦੀ ਸੁਰੱਖਿਆ ਦੇ ਉਸ ਸਥਾਈ ਵਾਅਦੇ ਨੂੰ ਕੰਧਾਂ ਤੋਂ ਪਰੇ ਲੋਕਾਂ ਤੱਕ ਲੈ ਜਾਂਦਾ ਹੈ। 'ਰੰਗ ਬਨਾ ਰਹੇ' ਜ਼ਿੰਦਗੀ ਪ੍ਰਤੀ ਇੱਕ ਦ੍ਰਿਸ਼ਟੀਕੋਣ ਹੈ ਜਿੰਨਾ ਇਹ ਪੇਂਟਾਂ ਬਾਰੇ ਹੈ। ਜਿਵੇਂ ਬਰਜਰ ਦਾ ਪੇਂਟ ਹਰ ਮੌਸਮ ਦੌਰਾਨ ਰੰਗਾਂ ਨੂੰ ਸੁਰੱਖਿਅਤ ਰੱਖਦਾ ਹੈ, ਉਸੇ ਤਰ੍ਹਾਂ ਇਹ ਮੁਹਿੰਮ ਸਾਡੀ ਵਿਅਕਤੀਗਤਤਾ ਅਤੇ ਭਾਵਨਾ ਦੇ ਅੰਦਰ ਸਾਡੇ ਰੰਗਾਂ ਨੂੰ ਫੜੀ ਰੱਖਣ ਦੀ ਲਚਕਤਾ ਦਾ ਜਸ਼ਨ ਮਨਾਉਂਦੀ ਹੈ , ਭਾਵੇਂ ਜ਼ਿੰਦਗੀ ਉਨ੍ਹਾਂ ਨੂੰ ਪਰੀਖਿਆ ਵਿੱਚ ਪਾਉਂਦੀ ਹੈ।

ਇਹ ਮੁਹਿੰਮ ਖੁਸ਼ਰੰਗੀ ਦੀ ਇੱਕ ਫਿਲਮ ਨਾਲ ਸ਼ੁਰੂ ਹੁੰਦੀ ਹੈ , ਜਿਸਦੇ ਰੰਗ ਕਦੇ ਵੀ ਫਿੱਕੇ ਨਹੀਂ ਪੈਂਦੇ—ਸ਼ਾਬਦਿਕ ਜਾਂ ਅਲੰਕਾਰਿਕ ਤੌਰ 'ਤੇ। ਮੀਂਹ, ਧੂੜ ਜਾਂ ਗਰਮੀ ਤੋਂ ਪ੍ਰਭਾਵਿਤ ਨਹੀਂ ਹੁੰਦਾ, ਜਿਵੇਂ ਉਸਦੀ ਆਤਮਾ ਜ਼ਿੰਦਗੀ ਦੇ ਹਰ ਮੋੜ ਅਤੇ ਮੋੜ ਵਿੱਚ ਅਡੋਲ ਰਹਿੰਦੀ ਹੈ। ਜਿਵੇਂ-ਜਿਵੇਂ ਉਸਦਾ ਦਿਨ ਬੀਤਦਾ ਹੈ, ਫਿਲਮ ਮਨੁੱਖੀ ਲਚਕੀਲੇਪਣ ਦੀ ਸ਼ਕਤੀ ਨੂੰ ਪ੍ਰਗਟ ਕਰਦੀ ਹੈ। ਇਹ ਸਾਨੂੰ ਯਾਦ ਦਿਵਾਉਂਦੀ ਹੈ ਕਿ ਸੱਚੀ ਤਾਕਤ ਜ਼ਿੰਦਗੀ ਦੀਆਂ ਚੁਣੌਤੀਆਂ ਤੋਂ ਬਚਣ ਵਿੱਚ ਨਹੀਂ ਹੈ, ਸਗੋਂ ਉਹਨਾਂ ਚੀਜ਼ਾਂ ਨੂੰ ਸੁਰੱਖਿਅਤ ਰੱਖਣ ਵਿੱਚ ਹੈ ਜੋ ਸਾਨੂੰ ਉਹ ਬਣਾਉਂਦੀਆਂ ਹਨ ਜੋ ਅਸੀਂ ਉਨ੍ਹਾਂ ਦੇ ਬਾਵਜੂਦ ਹਾਂ।

ਇਸ ਮੁਹਿੰਮ 'ਤੇ ਟਿੱਪਣੀ ਕਰਦੇ ਹੋਏ, ਬਰਜਰ ਪੇਂਟਸ ਇੰਡੀਆ ਦੇ ਐਮਡੀ ਅਤੇ ਸੀਈਓ ਅਭਿਜੀਤ ਰਾਏ ਨੇ ਕਿਹਾ, ਸਾਲਾਂ ਤੋਂ, ਬਰਜਰ ਸਾਡੇ ਉਤਪਾਦਾਂ ਜਿਵੇਂ ਕਿ ਈਜ਼ੀ ਕਲੀਨ ਅਤੇ ਐਂਟੀ ਡਸਟ ਰਾਹੀਂ ਰੰਗਾਂ ਦੀ ਰੱਖਿਆ ਲਈ ਜਾਣਿਆ ਜਾਂਦਾ ਹੈ । ਜਿਵੇਂ ਹੀ ਅਸੀਂ ਬ੍ਰਾਂਡ ਦੇ ਭਵਿੱਖ ਵੱਲ ਦੇਖਦੇ ਹਾਂ, ਅਸੀਂ ਆਪਣੇ ਆਪ ਤੋਂ ਪੁੱਛਿਆ ਕਿ ਰੰਗਾਂ ਦੀ ਰੱਖਿਆ ਦਾ ਅਸਲ ਅਰਥ ਕੀ ਹੈ। ਸਾਨੂੰ ਅਹਿਸਾਸ ਹੋਇਆ ਕਿ ਇਹ ਸਿਰਫ਼ ਕੰਧਾਂ ਬਾਰੇ ਨਹੀਂ ਹੈ – ਇਹ ਲੋਕਾਂ ਅਤੇ ਜ਼ਿੰਦਗੀ ਦੇ ਉਤਰਾਅ-ਚੜ੍ਹਾਅ ਦੌਰਾਨ ਆਪਣੇ ਆਪ ਨੂੰ ਫੜੀ ਰੱਖਣ ਦੀ ਤਾਕਤ ਬਾਰੇ ਹੈ। ਇਹ 'ਰੰਗ ਬਨਾ ਰਹੇ' ਦੇ ਪਿੱਛੇ ਦੀ ਭਾਵਨਾ ਹੈ, ਇੱਕ ਵਿਲੱਖਣ ਪਛਾਣ ਜੋ ਰੰਗਾਂ ਦੀ ਸੰਭਾਲ ਦੇ ਸਾਡੇ ਵਾਅਦੇ ਨੂੰ ਵਧੇਰੇ ਮਨੁੱਖੀ ਅਤੇ ਅਰਥਪੂਰਨ ਤਰੀਕੇ ਨਾਲ ਜੀਵਨ ਵਿੱਚ ਲਿਆਉਂਦੀ ਹੈ। ਜਿਵੇਂ ਬਰਜਰ ਦੀਆਂ ਕੋਟਿੰਗਾਂ ਹਰ ਮੌਸਮ ਵਿੱਚ ਰੰਗਾਂ ਦਾ ਬਚਾਅ ਕਰਦੀਆਂ ਹਨ , 'ਰੰਗ ਬਨਾ ਰਹੇ' ਜ਼ਿੰਦਗੀ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੀ ਲਚਕਤਾ ਦਾ ਜਸ਼ਨ ਮਨਾਉਂਦੀ ਹੈ ਬਿਨਾਂ ਉਨ੍ਹਾਂ ਰੰਗਾਂ ਨੂੰ ਗੁਆਏ ਜੋ ਸਾਨੂੰ ਪਰਿਭਾਸ਼ਿਤ ਕਰਦੇ ਹਨ।

ਸਾਈਡਵੇਜ਼ ਕੰਸਲਟਿੰਗ ਦੇ ਸੰਸਥਾਪਕ ਅਭਿਜੀਤ ਅਵਸਥੀ ਨੇ ਕਿਹਾ, ਇਹ ਸੰਖੇਪ ਪੇਂਟਾਂ ਬਾਰੇ ਇੱਕ ਹੋਰ ਮੁਹਿੰਮ ਬਣਾਉਣ ਲਈ ਨਹੀਂ ਸੀ। ਇਹ ਇੱਕ ਅਜਿਹੇ ਵਿਚਾਰ ਨੂੰ ਉਜਾਗਰ ਕਰਨਾ ਸੀ ਜੋ ਸਿਰਫ਼ ਬਰਜਰ ਕੋਲ ਹੀ ਸੀ।

# ਲੋਕ ਸਭਾ 'ਚ ਪੇਪਰ ਲੀਕ ਵਿਰੋਧੀ ਬਿੱਲ 'ਤੇ ਹੰਗਾਮਾ; ਕਾਰਵਾਈ 28 ਜੁਲਾਈ ਤੱਕ ਮੁਲਤਵੀ

## ਵਿਦਿਆਰਥੀਆਂ ਦੀ ਕੁੱਟਮਾਰ ਮਾਮਲੇ 'ਤੇ ਬਹਿਸ ਲਈ ਬਜ਼ਿੱਦ ਵਿਰੋਧੀ ਧਿਰ; ਹੰਗਾਮੇ ਕਾਰਨ ਚਾਰ ਵਾਰ ਮੁਲਤਵੀ ਕਰਨਾ ਪਿਆ ਸਦਨ

ਨਵੀਂ ਦਿੱਲੀ, 28 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-



ਸੰਸਦ ਦੇ ਹੇਠਲੇ ਸਦਨ ਲੋਕ ਸਭਾ ਦੀ ਕਾਰਵਾਈ ਸੋਮਵਾਰ ਨੂੰ ਦਿਨ ਭਰ ਲਈ ਮੁਲਤਵੀ ਕਰ ਦਿੱਤੀ ਗਈ ਹੈ। ਇਹ ਦੌਰਾਨ ਪਬਲਿਕ ਐਗਜ਼ਾਮੀਨੇਸ਼ਨ ਸੋਧ ਬਿੱਲ 2026 'ਤੇ ਪ੍ਰਸਤਾਵਿਤ ਚਰਚਾ ਦੌਰਾਨ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਵੱਲੋਂ ਰੌਲਾ-ਰੱਪਾ ਪਾਇਆ ਗਿਆ ਅਤੇ ਹੰਗਾਮੇ ਕਾਰਨ ਸਦਨ ਦੀ ਕਾਰਵਾਈ ਨੂੰ ਮੁਲਤਵੀ ਕਰ ਦਿੱਤਾ ਗਿਆ। ਹੁਣ ਲੋਕ ਸਭਾ ਦੀ ਕਾਰਵਾਈ 28 ਜੁਲਾਈ ਨੂੰ ਸਵੇਰੇ 11 ਵਜੇ ਤੱਕ ਲਈ ਮੁਲਤਵੀ ਕਰ ਦਿੱਤੀ ਗਈ ਹੈ।

ਸਦਨ ਦੀ ਕਾਰਵਾਈ ਚਲਾ ਰਹੇ ਚੇਅਰਮੈਨ ਕ੍ਰਿਸ਼ਨਾ ਪ੍ਰਸਾਦ ਨੇ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਬਿੱਲ 'ਤੇ ਚਰਚਾ ਹੋਣ ਦੇਣ। ਉਨ੍ਹਾਂ ਨੇ ਰਾਸ਼ਟਰੀ ਲੋਕਤੰਤਰਿਕ ਪਾਰਟੀ ਦੇ ਮੁਖੀ ਹਨੂੰਮਾਨ ਬੈਨੀਵਾਲ ਅਤੇ ਹੋਰ ਨੇਤਾਵਾਂ ਨੂੰ ਆਪਣੀਆਂ ਸੀਟਾਂ 'ਤੇ ਬੈਠਣ ਦੀ ਬੇਨਤੀ ਕੀਤੀ। ਉਨ੍ਹਾਂ ਕਿਹਾ ਕਿ ਚਰਚਾ ਸ਼ੁਰੂ ਕਰਨੀ ਚਾਹੀਦੀ ਹੈ ਕਿਉਂਕਿ ਇਹ ਇੱਕ ਬਹੁਤ ਹੀ ਮਹੱਤਵਪੂਰਨ ਬਿੱਲ ਹੈ ਜਿਸ ਦੀ ਅਸੀਂ ਉਡੀਕ ਕਰ ਰਹੇ ਸੀ। ਉਨ੍ਹਾਂ ਭਰੋਸਾ ਦਿੱਤਾ ਕਿ ਸਾਰਿਆਂ ਨੂੰ ਬਿੱਲ 'ਤੇ ਬੋਲਣ ਦਾ ਮੌਕਾ ਮਿਲੇਗਾ, ਇਸ ਲਈ ਸਾਰੇ ਆਪਣੇ ਵਿਚਾਰ ਪੇਸ਼ ਕਰਨ ਅਤੇ ਆਪਣੀਆਂ ਤਖ਼ਤੀਆਂ ਹੇਠਾਂ ਰੱਖ ਲੈਣ।

ਇਸ ਤੋਂ ਇਲਾਵਾ ਕੇਂਦਰੀ ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਨੇ ਵੀ ਵਿਰੋਧੀ ਨੇਤਾਵਾਂ ਨੂੰ ਚਰਚਾ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਜੇਕਰ ਵਿਰੋਧੀ ਧਿਰ ਚਾਹੇ ਤਾਂ ਚਰਚਾ ਲਈ ਹੋਰ ਸਮਾਂ ਵੀ ਦਿੱਤਾ ਜਾ ਸਕਦਾ ਹੈ। ਰਿਜਿਜੂ ਨੇ ਸਦਨ ਵਿੱਚ ਕਿਹਾ ਕਿ ਸਾਰੇ ਮੈਂਬਰ ਚਰਚਾ ਲਈ ਪੂਰੀ ਤਰ੍ਹਾਂ ਤਿਆਰ ਹੋ ਕੇ ਆਏ ਹਨ ਅਤੇ ਕਈ ਵਿਰੋਧੀ ਮੈਂਬਰਾਂ ਨੇ ਬਿੱਲ ਵਿੱਚ ਸੁਝਾਅ ਵੀ ਦਿੱਤੇ ਹਨ। ਇਹ ਬਿੱਲ ਵਿਦਿਆਰਥੀਆਂ ਅਤੇ ਨੌਜਵਾਨਾਂ ਦੇ ਭਵਿੱਖ ਲਈ ਬਹੁਤ ਅਹਿਮ ਹੈ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਅਤੇ ਉਸ ਦੇ ਕੁਝ ਸਹਿਯੋਗੀ ਜਾਣਬੁੱਝ ਕੇ ਬਿੱਲ 'ਤੇ ਚਰਚਾ ਨਹੀਂ ਹੋਣ ਦੇ ਰਹੇ। ਉਨ੍ਹਾਂ ਕਾਂਗਰਸ ਨੂੰ ਨਸੀਹਤ ਦਿੱਤੀ ਕਿ ਅਜਿਹਾ ਕਰਨ ਨਾਲ ਉਨ੍ਹਾਂ ਦਾ ਅਕਸ ਖਰਾਬ ਹੋ ਰਿਹਾ ਹੈ ਅਤੇ ਸਾਰੀਆਂ ਪਾਰਟੀਆਂ ਨੂੰ ਨੌਜਵਾਨਾਂ ਦੇ ਹਿੱਤ ਵਾਲੇ ਇਸ ਬਿੱਲ 'ਤੇ ਚਰਚਾ ਕਰਨੀ ਚਾਹੀਦੀ ਹੈ।

ਇਸ ਤੋਂ ਪਹਿਲਾਂ ਦਿਨ ਵਿੱਚ ਲੋਕ ਸਭਾ ਸਪੀਕਰ ਓਮ ਬਿਰਲਾ ਨੇ ਕਿਹਾ ਸੀ ਕਿ ਸਰਕਾਰ ਅਤੇ ਵਿਰੋਧੀ ਧਿਰ ਨੂੰ ਸ਼ਾਮ 5 ਵਜੇ ਤੱਕ ਸਹਿਮਤੀ ਬਣਾ ਲੈਣੀ ਚਾਹੀਦੀ ਹੈ ਤਾਂ ਜੋ ਚਰਚਾ ਸ਼ੁਰੂ ਕੀਤੀ ਜਾ ਸਕੇ। ਉਨ੍ਹਾਂ ਦੱਸਿਆ ਕਿ ਇਸ ਬਿੱਲ ਵਿੱਚ 91 ਸੋਧਾਂ ਪੇਸ਼ ਕੀਤੀਆਂ ਗਈਆਂ ਹਨ। ਸਪੀਕਰ ਨੇ ਪਬਲਿਕ ਐਗਜ਼ਾਮੀਨੇਸ਼ਨ ਬਿੱਲ 'ਤੇ ਖੁੱਲ੍ਹ ਕੇ ਚਰਚਾ ਕਰਨ ਲਈ ਛੇ ਘੰਟੇ ਦਾ ਸਮਾਂ ਦਿੱਤਾ ਸੀ ਅਤੇ ਜ਼ੋਰ ਦੇ ਕੇ ਕਿਹਾ ਸੀ ਕਿ ਦੇਸ਼ ਦੀ ਪ੍ਰਤੀਯੋਗੀ ਪ੍ਰੀਖਿਆ ਪ੍ਰਣਾਲੀ ਵਿੱਚ ਸੁਧਾਰ ਲਿਆਉਣ ਲਈ ਸਾਰਿਆਂ ਦਾ ਇੱਕਜੁੱਟ ਹੋਣਾ ਬਹੁਤ ਜ਼ਰੂਰੀ ਹੈ। ਇਮਤਿਹਾਨਾਂ ਵਿੱਚ ਹੁੰਦੀਆਂ ਗੜਬੜੀਆਂ ਨੂੰ ਰੋਕਣ ਲਈ ਨਵੇਂ ਕਾਨੂੰਨ ਲਿਆਉਣ ਦੀ ਕੋਸ਼ਿਸ਼ ਦੌਰਾਨ ਸੰਸਦ ਦੇ ਦੋਵਾਂ ਸਦਨਾਂ ਨੂੰ ਲਗਾਤਾਰ ਮੁਲਤਵੀ ਕਰਨਾ ਪਿਆ ਹੈ।

ਇਹ ਸੋਧ ਬਿੱਲ ਕੇਂਦਰੀ ਮੰਤਰੀ ਜੀਤੇਂਦਰ ਸਿੰਘ ਵੱਲੋਂ ਸਦਨ ਵਿੱਚ ਪੇਸ਼ ਕੀਤਾ ਗਿਆ ਸੀ। ਇਸ ਨਵੇਂ ਸੋਧ ਬਿੱਲ ਵਿੱਚ ਪੇਪਰ ਲੀਕ ਜਾਂ ਨਕਲ ਕਰਵਾਉਣ ਵਾਲੇ ਵਿਅਕਤੀਆਂ ਲਈ ਸਜ਼ਾ ਨੂੰ ਪੰਜ ਸਾਲ ਤੋਂ ਵਧਾ ਕੇ ਪੰਜ ਤੋਂ ਦਸ ਸਾਲ ਤੱਕ ਕਰ ਦਿੱਤਾ ਗਿਆ ਹੈ ਅਤੇ ਨਾਲ ਹੀ 50 ਲੱਖ ਰੁਪਏ ਤੱਕ ਦੇ ਜੁਰਮਾਨੇ ਦੀ ਵਿਵਸਥਾ ਕੀਤੀ ਗਈ ਹੈ। ਸੰਗਠਿਤ ਅਪਰਾਧ (ਮਿਲ ਕੇ ਵੱਡੇ ਪੱਧਰ 'ਤੇ ਗੜਬੜੀ ਕਰਨਾ) ਲਈ ਘੱਟੋ-ਘੱਟ ਸਜ਼ਾ ਮੌਜੂਦਾ ਕਾਨੂੰਨ ਵਿਚਲੇ ਪੰਜ ਸਾਲ ਤੋਂ ਵਧਾ ਕੇ ਸੱਤ ਸਾਲ ਕਰਨ ਦੀ ਤਜਵੀਜ਼ ਰੱਖੀ ਗਈ ਹੈ। ਇਸ ਤੋਂ ਇਲਾਵਾ ਇਸ ਸੋਧ ਵਿੱਚ ਐਕਟ ਦੇ ਅਧੀਨ ਆਉਂਦੇ ਅਪਰਾਧਾਂ ਦੀ ਜਲਦੀ ਸੁਣਵਾਈ ਲਈ ਵਿਸ਼ੇਸ਼ ਫਾਸਟ ਟਰੈਕ ਅਦਾਲਤਾਂ ਬਣਾਉਣ ਦਾ ਵੀ ਪ੍ਰਬੰਧ ਕੀਤਾ ਗਿਆ ਹੈ।

# ਸ਼ਾਂਤੀਪੂਰਨ ਵਿਰੋਧ ਸੰਵਿਧਾਨਕ ਅਧਿਕਾਰ, ਸਿਰਫ਼ ਅੰਦੋਲਨ ਦੇ ਆਧਾਰ 'ਤੇ ਲਾਠੀਚਾਰਜ ਸਹੀਂ ਨਹੀਂ : CJI



ਨਵੀਂ ਦਿੱਲੀ, 28 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਚੀਫ਼ ਜਸਟਿਸ ਸੂਰੀਆਕਾਂਤ ਨੇ ਸੋਮਵਾਰ ਨੂੰ ਕਿਹਾ ਕਿ ਸ਼ਾਂਤੀਪੂਰਨ ਪ੍ਰਦਰਸ਼ਨ ਸੰਵਿਧਾਨ ਦੇ ਅਧੀਨ ਸੁਰੱਖਿਅਤ ਹੈ ਅਤੇ ਸਿਰਫ਼ ਵਿਰੋਧ ਪ੍ਰਦਰਸ਼ਨ ਲਾਠੀਚਾਰਜ ਦਾ ਆਧਾਰ ਨਹੀਂ ਹੋ ਸਕਦਾ ਹੈ। ਉਨ੍ਹਾਂ ਨੇ ਇਹ ਟਿੱਪਣੀਆਂ ਉਦੋਂ ਕੀਤੀਆਂ, ਜਦੋਂ ਜਸਟਿਸ ਜੋਇਮਲਿਆ ਬਾਗਚੀ ਅਤੇ ਜੱਜ ਵੀ. ਮੋਹਨਾ ਵਾਲੀ ਬੈਂਚ ਦੇਸ਼ 'ਚ ਨੀਟ ਪੇਪਰ ਲੀਕ ਨੂੰ ਲੈ ਕੇ ਵਿਰੋਧ ਕਰ ਰਹੇ ਵਿਦਿਆਰਥੀਆਂ ਖ਼ਿਲਾਫ਼ ਪੁਲਸ ਬਲ ਦੀ ਜ਼ਿਆਦਾ ਵਰਤੋਂ ਦਾ ਦੋਸ਼ ਲਗਾਉਣ ਵਾਲੀਆਂ ਪਟੀਸ਼ਨਾਂ ਦੇ ਇਕ ਸਮੂਹ 'ਤੇ ਸੁਣਵਾਈ ਕਰ ਰਹੀ ਸੀ।

ਅਦਾਲਤ ਨੇ ਵਿਰੋਧ ਪ੍ਰਦਰਸ਼ਨ ਦੌਰਾਨ ਜ਼ਖਮੀ ਹੋਏ ਪੁਲਸ ਕਰਮਚਾਰੀਆਂ ਦੇ ਪਰਿਵਾਰਾਂ ਨੂੰ ਵੀ ਕਾਰਵਾਈ 'ਚ ਸ਼ਾਮਲ ਹੋਣ ਦੀ ਇਜਾਜ਼ਤ ਦਿੱਤੀ। ਜਸਟਿਸ ਜੋਇਮਲਿਆ ਬਾਗਚੀ ਨੇ ਕਿਹਾ ਕਿ ਪੁਲਸ ਕਰਮਚਾਰੀਆਂ ਅਤੇ ਵਿਦਿਆਰਥੀਆਂ ਦੋਵਾਂ ਜ਼ਖਮੀ ਹੋਣਾ ਸਾਮਾਨ ਰੂਪ ਨਾਲ ਚਿੰਤਾਜਨਕ ਹਨ ਅਤੇ ਸਰਕਾਰ ਨੂੰ ਇਹ ਦੱਸਣ ਲਈ ਕਿਹਾ ਕਿ ਪੁਲਿਸ ਨੂੰ ਹੈਲਮੇਟ ਵਰਗੇ ਜ਼ਰੂਰੀ ਸੁਰੱਖਿਆ ਉਪਕਰਣ ਕਿਉਂ ਨਹੀਂ ਦਿੱਤੇ ਗਏ। ਬੈਂਚ ਮੰਗਲਵਾਰ ਨੂੰ ਸਾਰੀਆਂ ਪਟੀਸ਼ਨਾਂ 'ਤੇ ਇਕੱਠੇ ਸੁਣਵਾਈ ਕਰੇਗੀ। ਸੀਨੀਅਰ ਵਕੀਲ ਗੋਪਾਲ ਸ਼ੰਕਰਨਾਰਾਇਣਨ ਨੇ ਸ਼ੁੱਕਰਵਾਰ ਨੂੰ ਤੁਰੰਤ ਸੁਣਵਾਈ ਲਈ ਵਿਰੋਧ ਪ੍ਰਦਰਸ਼ਨਾਂ ਦੌਰਾਨ ਕਥਿਤ ਪੁਲਸ ਦੀਆਂ ਜ਼ਿਆਦਤੀਆਂ ਦਾ ਮੁੱਦਾ ਉਠਾਇਆ ਸੀ। ਇਸ ਤੋਂ ਪਹਿਲਾਂ, 22 ਜੁਲਾਈ ਨੂੰ ਚੀਫ਼ ਜਸਟਿਸ ਨੇ ਇਸ ਮਾਮਲੇ 'ਤੇ ਕਿਸੇ ਪ੍ਰਤੀਨਿਧਤਾ ਨੂੰ ਸੁਣਨ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਬਾਅਦ 'ਚ ਸਪੱਸ਼ਟ ਕੀਤਾ ਸੀ ਕਿ ਉਸ ਸਮੇਂ ਸੁਪਰੀਮ ਕੋਰਟ ਦੇ ਸਾਹਮਣੇ ਕੋਈ ਵੀ ਵਿਧੀਵਤ ਪਟੀਸ਼ਨ ਦਾਇਰ ਨਹੀਂ ਕੀਤੀ ਗਈ ਸੀ।

# ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦੇ ਪੱਧਰ ਅਤੇ ਪ੍ਰਬੰਧਾਂ ਨੂੰ ਬਿਹਤਰ ਬਣਾਉਣਾ ਸਰਕਾਰ ਦੀ ਪਹਿਲ : ਸਿੱਖਿਆ ਮੰਤਰੀ ਮਹੀਪਾਲ ਢਾਂਡਾ

ਚੰਡੀਗੜ੍ਹ, 28 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਸਿੱਖਿਆ ਮੰਤਰੀ ਸ੍ਰੀ ਮਹੀਪਾਲ ਢਾਂਡਾ ਨੇ ਅੱਜ ਪੰਚਕੂਲਾ ਦੇ ਸੈਕਟਰ-26 ਸਥਿਤ ਸਰਕਾਰੀ ਮਾਡਲ ਸੰਸਕ੍ਰਿਤ ਸੀਨੀਅਰ ਸੈਕੰਡਰੀ ਸਕੂਲ ਦਾ ਅਚਨਚੇਤ ਨਿਰੀਖਣ ਕੀਤਾ। ਇਸ ਦੌਰਾਨ ਉਨ੍ਹਾਂ ਨੇ ਸਕੂਲ ਕੰਪਲੈਕਸ ਵਿੱਚ ਸਾਫ਼-ਸਫ਼ਾਈ ਦੇ ਪ੍ਰਬੰਧਾਂ, ਕਲਾਸਾਂ ਵਿੱਚ ਪੜ੍ਹਾਈ ਦੇ ਮਾਹੌਲ ਅਤੇ ਵਿਦਿਆਰਥੀਆਂ ਨੂੰ ਦਿੱਤੀਆਂ ਜਾ ਰਹੀਆਂ ਵੱਖ-ਵੱਖ ਬੁਨਿਆਦੀ ਸਹੂਲਤਾਂ ਦਾ ਬਾਰੀਕੀ ਨਾਲ ਜਾਇਜ਼ਾ ਲਿਆ।

ਨਿਰੀਖਣ ਦੌਰਾਨ ਸਿੱਖਿਆ ਮੰਤਰੀ ਨੇ ਸਕੂਲ ਦੀਆਂ ਕਲਾਸਾਂ, ਪ੍ਰਯੋਗਸ਼ਾਲਾਵਾਂ, ਲਾਇਬ੍ਰੇਰੀ ਅਤੇ ਖੇਡ ਦੇ ਮੈਦਾਨ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਸਕੂਲ ਵਿੱਚ ਮੌਜੂਦ ਪ੍ਰਬੰਧਾਂ 'ਤੇ ਤਸੱਲੀ ਪ੍ਰਗਟਾਉਣ ਦੇ ਨਾਲ-ਨਾਲ ਸਾਫ਼-ਸਫ਼ਾਈ ਦੇ ਪ੍ਰਬੰਧਾਂ ਨੂੰ ਹੋਰ ਵੱਧ ਮਜ਼ਬੂਤ ਕਰਨ ਦੇ ਨਿਰਦੇਸ਼ ਦਿੱਤੇ। ਸ੍ਰੀ ਢਾਂਡਾ ਨੇ ਕਿਹਾ ਕਿ ਹਰਿਆਣਾ ਸਰਕਾਰ ਰਾਜ ਦੇ ਸਰਕਾਰੀ ਸਕੂਲਾਂ ਨੂੰ ਬਿਹਤਰੀਨ ਸਹੂਲਤਾਂ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ, ਤਾਂ ਜੋ ਗ਼ਰੀਬ ਤੋਂ ਗ਼ਰੀਬ ਬੱਚੇ ਨੂੰ ਵੀ ਮਿਆਰੀ ਸਿੱਖਿਆ ਮਿਲ ਸਕੇ।

ਸਕੂਲ ਦੇ ਅਧਿਆਪਕਾਂ ਅਤੇ ਪ੍ਰਸ਼ਾਸਨਿਕ ਸਟਾਫ਼ ਨਾਲ ਗੱਲਬਾਤ ਕਰਦਿਆਂ ਸਿੱਖਿਆ ਮੰਤਰੀ ਨੇ ਕਿਹਾ ਕਿ ਅਧਿਆਪਕ ਰਾਸ਼ਟਰ ਨਿਰਮਾਤਾ ਹੁੰਦੇ ਹਨ। ਉਨ੍ਹਾਂ ਨੇ ਸਟਾਫ਼ ਨੂੰ ਨਿਰਦੇਸ਼ ਦਿੱਤੇ ਕਿ ਵਿਦਿਆਰਥੀਆਂ ਨੂੰ ਹੋਰ ਵੀ ਬਿਹਤਰ, ਆਧੁਨਿਕ ਅਤੇ ਪ੍ਰਭਾਵਸ਼ਾਲੀ ਤਰੀਕਿਆਂ ਨਾਲ ਸਿੱਖਿਆ ਪ੍ਰਦਾਨ ਕੀਤੀ ਜਾਵੇ। ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਅਧਿਆਪਕਾਂ ਨੂੰ ਪੜ੍ਹਾਈ ਦੇ ਨਵੇਂ ਅਤੇ ਦਿਲਚਸਪ ਤਰੀਕਿਆਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ ਤਾਂ ਜੋ ਵਿਦਿਆਰਥੀਆਂ ਵਿੱਚ ਸਿੱਖਣ ਪ੍ਰਤੀ ਕੁਦਰਤੀ ਰੁਚੀ ਪੈਦਾ ਹੋ ਸਕੇ।

ਮੰਤਰੀ ਸ੍ਰੀ ਮਹੀਪਾਲ ਢਾਂਡਾ ਨੇ ਸਿੱਖਿਆ ਦੇ ਨਾਲ-ਨਾਲ ਖੇਡਾਂ ਦੀ ਮਹੱਤਤਾ 'ਤੇ ਵਿਸ਼ੇਸ਼ ਜ਼ੋਰ ਦਿੰਦਿਆਂ ਕਿਹਾ ਕਿ ਸਿਰਫ਼ ਕਿਤਾਬੀ ਗਿਆਨ ਹੀ ਕਾਫ਼ੀ ਨਹੀਂ ਹੈ, ਸਗੋਂ ਵਿਦਿਆਰਥੀਆਂ ਨੂੰ ਮਾਨਸਿਕ ਅਤੇ ਸਰੀਰਕ ਤੌਰ 'ਤੇ ਮਜ਼ਬੂਤ ਬਣਾਉਣ ਲਈ ਖੇਡਾਂ ਵਿੱਚ ਵੀ ਵੱਧ-ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਖੇਡਾਂ ਦੀ ਧਰਤੀ ਹੈ ਅਤੇ ਸਾਡੇ ਸਕੂਲਾਂ ਵਿੱਚੋਂ ਹੀ ਭਵਿੱਖ ਦੇ ਓਲੰਪੀਅਨ ਅਤੇ ਅੰਤਰਰਾਸ਼ਟਰੀ ਖਿਡਾਰੀ ਤਿਆਰ ਹੁੰਦੇ ਹਨ।

ਮੰਤਰੀ ਨੇ ਸਕੂਲ ਪ੍ਰਸ਼ਾਸਨ ਨੂੰ ਨਿਰਦੇਸ਼ ਦਿੱਤੇ ਕਿ ਉਹ ਬੱਚਿਆਂ ਨੂੰ ਖੇਡ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਲਗਾਤਾਰ ਉਤਸ਼ਾਹਿਤ ਕਰਨ ਅਤੇ ਉਨ੍ਹਾਂ ਨੂੰ ਲੋੜੀਂਦੇ ਸਾਧਨ ਉਪਲਬਧ ਕਰਵਾਉਣ।

ਸਿੱਖਿਆ ਮੰਤਰੀ ਨੇ ਕਿਹਾ ਕਿ ਮਾਡਲ ਸੰਸਕ੍ਰਿਤ ਸਕੂਲਾਂ ਦੀ ਪਰਿਕਲਪਨਾ ਸਰਕਾਰੀ ਸਿੱਖਿਆ ਪ੍ਰਣਾਲੀ ਨੂੰ ਪ੍ਰਾਈਵੇਟ ਸਕੂਲਾਂ ਨਾਲੋਂ ਬਿਹਤਰ ਬਣਾਉਣ ਦੇ ਉਦੇਸ਼ ਨਾਲ ਕੀਤੀ ਗਈ ਹੈ। ਸਰਕਾਰ ਇਨ੍ਹਾਂ ਸਕੂਲਾਂ ਵਿੱਚ ਅਧਿਆਪਕਾਂ ਦੀ ਸਮਰੱਥਾ ਨਿਰਮਾਣ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ 'ਤੇ ਵਿਸ਼ੇਸ਼ ਧਿਆਨ ਦੇ ਰਹੀ ਹੈ।

# ਭਾਜਪਾ ਦੇ ਜ਼ਿਲ੍ਹਾ ਦਫ਼ਤਰ 'ਤੇ ਪੈਟਰੋਲ ਬੰਬ ਨਾਲ ਹਮਲਾ; ਪੁਲਿਸ ਅਤੇ ਫੋਰੈਂਸਿਕ ਟੀਮ ਵੱਲੋਂ ਜਾਂਚ ਸ਼ੁਰੂ

ਚੰਡੀਗੜ੍ਹ, 28 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-



ਸੰਗਰੂਰ 'ਚ ਭਾਜਪਾ ਦੇ ਜ਼ਿਲ੍ਹਾ ਦਫ਼ਤਰ 'ਤੇ ਪੈਟਰੋਲ ਬੰਬ ਨਾਲ ਹਮਲਾ ਹੋਇਆ ਹੈ। ਘਟਨਾ ਸ਼ਨੀਵਾਰ ਅੱਧੀ ਰਾਤ ਮਗਰੋਂ ਕਰੀਬ ਦੋ ਵਜੇ ਦੀ ਦੱਸੀ ਜਾ ਰਹੀ ਹੈ। ਹਮਲੇ ਸਮੇਂ ਦਫ਼ਤਰ ਵਿੱਚ ਕੋਈ ਮੌਜੂਦ ਨਹੀਂ ਸੀ। ਅੱਜ ਸਵੇਰੇ ਘਟਨਾ ਦਾ ਪਤਾ ਲੱਗਦਿਆਂ ਹੀ ਪੁਲੀਸ ਅਧਿਕਾਰੀ ਮੌਕੇ 'ਤੇ ਪੁੱਜੇ ਅਤੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਇਸ ਮੌਕੇ ਐੱਸ.ਪੀ. (ਡੀ) ਸ਼੍ਰੀ ਦਵਿੰਦਰ ਅਤਰੀ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪੁਲੀਸ ਨੂੰ ਅੱਜ ਸਵੇਰੇ ਹੀ ਸੂਚਨਾ ਮਿਲੀ ਸੀ ਅਤੇ ਮੌਕੇ 'ਤੇ ਪੁੱਜ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਬੀਅਰ ਦੀ ਬੋਤਲ ਵਿੱਚ ਪੈਟਰੋਲ ਪਾ ਕੇ ਬਾਹਰਲੀ ਕੰਧ 'ਤੇ ਸੁੱਟਿਆ ਗਿਆ, ਜਿੱਥੇ ਅੱਗ ਦੇ ਨਿਸ਼ਾਨ ਹਨ। ਇਹ ਘਟਨਾ ਸ਼ਨੀਵਾਰ ਦੀ ਰਾਤ ਨੂੰ ਕਰੀਬ ਦੋ-ਢਾਈ ਵਜੇ ਦੀ ਦੱਸੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਪੁਲੀਸ ਦੀਆਂ ਵੱਖ-ਵੱਖ ਟੀਮਾਂ ਜਾਂਚ ਵਿੱਚ ਜੁਟ ਗਈਆਂ ਹਨ। ਪੁਲੀਸ ਕੇਸ ਦਰਜ ਕਰ ਰਹੀ ਹੈ ਅਤੇ ਜਲਦ ਹੀ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

ਇਸ ਮੌਕੇ ਮੌਜੂਦ ਭਾਜਪਾ ਆਗੂ ਰਣਦੀਪ ਸਿੰਘ ਦਿਓਲ ਨੇ ਦੱਸਿਆ ਕਿ ਅੱਜ ਸਵੇਰੇ ਜਦੋਂ ਵਰਕਰ ਨੇ ਭਾਜਪਾ ਦਫ਼ਤਰ ਦਾ ਜਿੰਦਰਾ ਖੋਲ੍ਹਿਆ ਤਾਂ ਉਸ ਨੇ ਸੂਚਨਾ ਦਿੱਤੀ। ਉਨ੍ਹਾਂ ਦੱਸਿਆ ਕਿ ਪੈਟਰੋਲ ਬੰਬ ਦਫ਼ਤਰ ਉੱਪਰ ਸੁੱਟ ਕੇ ਦਫ਼ਤਰ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਉੱਪਰ ਤੱਕ ਧੂੰਏਂ ਦੇ ਨਿਸ਼ਾਨ ਹਨ।

ਉਨ੍ਹਾਂ ਪੰਜਾਬ ਸਰਕਾਰ ਦੀ ਨਿੰਦਾ ਕਰਦਿਆਂ ਕਿਹਾ ਕਿ ਭਾਜਪਾ ਦੇ ਜ਼ਿਲ੍ਹਾ ਦਫ਼ਤਰ 'ਤੇ ਹਮਲਾ ਹੋਣਾ ਸਰਕਾਰ ਦੀ ਨਾਕਾਮੀ ਹੈ। ਪਹਿਲਾਂ ਭਾਜਪਾ ਦੇ ਚੰਡੀਗੜ੍ਹ ਦਫ਼ਤਰ 'ਤੇ ਅਟੈਕ ਹੋਇਆ, ਪੁਲਿਸ ਥਾਣਿਆਂ ਉੱਪਰ ਹਮਲੇ ਹੋਏ ਹਨ।

ਇਸ ਮੌਕੇ ਭਾਜਪਾ ਦੇ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਮਨਿੰਦਰ ਸਿੰਘ ਕਪਿਆਲ ਨੇ ਦੱਸਿਆ ਕਿ ਦਫ਼ਤਰ ਉੱਪਰ ਪੈਟਰੋਲ ਬੰਬ ਨਾਲ ਹੋਏ ਹਮਲੇ ਦੀ ਜਾਣਕਾਰੀ ਉਨ੍ਹਾਂ ਭਾਜਪਾ ਦੇ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੂੰ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ ਬੇਹੱਦ ਮਾੜੀ ਹੈ। ਆਮ ਆਦਮੀ, ਪੁਲੀਸ ਥਾਣੇ ਅਤੇ ਸਿਆਸੀ ਪਾਰਟੀਆਂ ਦੇ ਦਫ਼ਤਰ ਸੁਰੱਖਿਅਤ ਨਹੀਂ ਹਨ, ਜਿਨ੍ਹਾਂ ਉੱਪਰ ਲਗਾਤਾਰ ਹਮਲੇ ਹੋ ਰਹੇ ਹਨ।

# ਆਮ ਆਦਮੀ ਕਲੀਨਿਕਾਂ ਦੇ ਅਮਲੇ ਵੱਲੋਂ ਅਣਮਿੱਥੇ ਸਮੇਂ ਲਈ ਹੜਤਾਲ ਸ਼ੁਰੂ

ਪਟਿਆਲਾ, 28 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਆਪਣੀਆਂ ਸੇਵਾਵਾਂ ਰੈਗੂਲਰ ਕਰਵਾਉਣ ਦੀ ਮੰਗ ਨੂੰ ਲੈ ਕੇ ਪੰਜਾਬ ਭਰ ਦੇ 'ਆਮ ਆਦਮੀ ਕਲੀਨਿਕਾਂ' ਦੇ ਡਾਕਟਰਾਂ, ਫਾਰਮਾਸਿਸਟਾਂ ਅਤੇ ਨਰਸਾਂ ਵੱਲੋਂ ਅੱਜ ਤੋਂ ਅਣਮਿੱਥੇ ਸਮੇਂ ਦੀ ਹੜਤਾਲ ਸ਼ੁਰੂ ਕਰ ਦਿੱਤੀ ਗਈ ਹੈ। ਪ੍ਰਦਰਸ਼ਨਕਾਰੀ ਮੁਲਾਜ਼ਮਾਂ ਦਾ ਕਹਿਣਾ ਹੈ ਕਿ ਉਹ ਪਿਛਲੇ ਚਾਰ ਸਾਲਾਂ ਤੋਂ ਸਰਕਾਰ ਨੂੰ ਲਗਾਤਾਰ ਮੰਗ ਪੱਤਰ ਦੇ ਕੇ ਆਪਣੀਆਂ ਸੇਵਾਵਾਂ ਰੈਗੂਲਰ ਕਰਨ ਦੀ ਮੰਗ ਕਰਦੇ ਆ ਰਹੇ ਹਨ, ਪਰ ਸਰਕਾਰ ਨੇ ਉਨ੍ਹਾਂ ਦੇ ਕਿਸੇ ਵੀ ਮੰਗ ਪੱਤਰ 'ਤੇ ਕੋਈ ਅਮਲ ਨਹੀਂ ਕੀਤਾ।

ਉਨ੍ਹਾਂ ਅੱਗੇ ਆਖਿਆ ਕਿ ਇਸ ਦੌਰਾਨ ਉਹ ਨਾਮਾਤਰ ਤਨਖ਼ਾਹਾਂ 'ਤੇ ਹੀ ਕੰਮ ਕਰਨ ਲਈ ਮਜਬੂਰ ਹਨ। ਪ੍ਰਦਰਸ਼ਨਕਾਰੀਆਂ ਵੱਲੋਂ ਸਰਕਾਰ ਤੋਂ ਮੰਗ ਕੀਤੀ ਜਾ ਰਹੀ ਹੈ ਕਿ ਜਿੰਨਾ ਚਿਰ ਉਨ੍ਹਾਂ ਦੀਆਂ ਸੇਵਾਵਾਂ ਰੈਗੂਲਰ ਨਹੀਂ ਕੀਤੀਆਂ ਜਾਂਦੀਆਂ, ਉਨ੍ਹਾਂ ਚਿਰ ਉਨ੍ਹਾਂ ਦੀਆਂ ਤਨਖ਼ਾਹਾਂ ਵਿੱਚ ਵਾਧਾ ਕੀਤਾ ਜਾਵੇ ਅਤੇ ਦੂਜੇ ਸਰਕਾਰੀ ਮੁਲਾਜ਼ਮਾਂ ਵਾਂਗ ਛੁੱਟੀਆਂ ਦੀ ਵਿਵਸਥਾ ਵੀ ਕੀਤੀ ਜਾਵੇ। ਇਨ੍ਹਾਂ ਮੁਲਾਜ਼ਮਾਂ ਦੇ ਸਾਂਝੇ ਫ਼ਰੰਟ ਦੀ ਆਗੂ ਜਸਬੀਰ ਕੌਰ ਨੇ ਦੱਸਿਆ ਕਿ ਆਪਣੀਆਂ ਮੰਗਾਂ ਦੀ ਪੂਰਤੀ ਹੋਣ ਤੱਕ ਉਹ ਆਪਣੀ ਇਹ ਹੜਤਾਲ ਲਗਾਤਾਰ ਜਾਰੀ ਰੱਖਣਗੇ।

# ਵਾਲਮੀਕਿ ਭਾਈਚਾਰੇ ਦੇ ਸੱਦੇ 'ਤੇ ਦੋਆਬਾ 'ਚ 'ਪੰਜਾਬ ਬੰਦ' ਵਰਗਾ ਮਾਹੌਲ; ਦੁਕਾਨਾਂ ਤੇ ਸਕੂਲ ਰਹੇ ਬੰਦ, ਪੁਲਿਸ ਪ੍ਰਸ਼ਾਸਨ ਹਾਈ ਅਲਰਟ 'ਤੇ

ਜਲੰਧਰ, 28 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-



ਵਾਲਮੀਕਿ ਭਾਈਚਾਰੇ ਵੱਲੋਂ ਦਿੱਤੇ ਗਏ 'ਪੰਜਾਬ ਬੰਦ' ਦੇ ਸੱਦੇ ਕਾਰਨ ਸੋਮਵਾਰ ਨੂੰ ਪੂਰੇ ਦੋਆਬਾ ਖੇਤਰ ਵਿੱਚ ਬੰਦ ਵਰਗੀ ਸਥਿਤੀ ਦੇਖਣ ਨੂੰ ਮਿਲੀ। ਭਾਈਚਾਰੇ ਦੇ ਆਗੂਆਂ ਵੱਲੋਂ ਦੁਕਾਨਾਂ, ਵਪਾਰਕ ਅਦਾਰਿਆਂ ਅਤੇ ਵਿਦਿਅਕ ਅਦਾਰਿਆਂ ਨੂੰ ਬੰਦ ਰੱਖਣ ਦੀ ਅਪੀਲ ਕੀਤੀ ਗਈ ਸੀ, ਜਿਸ ਦਾ ਵਿਆਪਕ ਅਸਰ ਦੇਖਣ ਨੂੰ ਮਿਲਿਆ।

ਇਹ ਬੰਦ ਕੁੱਝ ਦਿਨ ਪਹਿਲਾਂ ਬਰਨਾਲਾ ਵਿਖੇ ਸਫ਼ਾਈ ਸੇਵਕਾਂ 'ਤੇ ਹੋਏ ਲਾਠੀਚਾਰਜ ਦੇ ਵਿਰੋਧ ਵਿੱਚ ਬੁਲਾਇਆ ਗਿਆ ਸੀ। ਜਲੰਧਰ ਵਿੱਚ ਵਿਪਨ ਸਭਰਵਾਲ ਦੀ ਅਗਵਾਈ ਹੇਠ ਭਾਈਚਾਰਕ ਆਗੂਆਂ ਨੇ ਇਸ ਪੁਲੀਸ ਕਾਰਵਾਈ ਲਈ ਜ਼ਿੰਮੇਵਾਰ ਡੀਐੱਸਪੀ ਸਤਬੀਰ ਸਿੰਘ ਨੂੰ ਬਰਖ਼ਾਸਤ ਕਰਨ ਦੀ ਮੰਗ ਕੀਤੀ ਹੈ, ਜਿਨ੍ਹਾਂ ਨੂੰ ਪਹਿਲਾਂ ਹੀ ਮੁਅੱਤਲ (ਸਸਪੈਂਡ) ਕੀਤਾ ਜਾ ਚੁੱਕਾ ਹੈ।

ਬੰਦ ਦੇ ਸੱਦੇ ਨੂੰ ਦੇਖਦਿਆਂ ਕੈਮਬ੍ਰਿਜ ਇਨੋਵੇਟਿਵ ਸਕੂਲ, ਇਨੋਸੈਂਟ ਹਾਰਟਸ ਸਕੂਲ, ਡਿਪਸ (DIPS) ਸਕੂਲ ਅਤੇ ਐੱਮ.ਜੀ.ਐੱਨ. ($7©) ਸਕੂਲ ਸਮੇਤ ਜ਼ਿਆਦਾਤਰ ਨਿੱਜੀ ਸਕੂਲਾਂ ਨੇ ਐਤਵਾਰ ਰਾਤ ਨੂੰ ਹੀ ਮਾਪਿਆਂ ਨੂੰ ਮੈਸੇਜ ਭੇਜ ਕੇ ਬੱਚਿਆਂ ਨੂੰ ਸਕੂਲ ਨਾ ਭੇਜਣ ਦੀ ਹਦਾਇਤ ਕਰ ਦਿੱਤੀ ਸੀ ਅਤੇ ਸਕੂਲ ਬੰਦ ਰੱਖਣ ਦਾ ਐਲਾਨ ਕੀਤਾ ਸੀ।

ਜ਼ਿਕਰਯੋਗ ਹੈ ਕਿ ਦੋਆਬੇ ਦੇ ਜ਼ਿਲ੍ਹਿਆਂ: ਜਲੰਧਰ, ਹੁਸ਼ਿਆਰਪੁਰ, ਕਪੂਰਥਲਾ ਅਤੇ ਨਵਾਂਸ਼ਹਿਰ ਵਿੱਚ ਵਾਲਮੀਕਿ ਭਾਈਚਾਰੇ ਦੀ ਵਧੀਆ ਗਿਣਤੀ ਹੈ, ਜਿਸ ਕਾਰਨ ਬੰਦ ਦੇ ਸੱਦੇ ਦਾ ਸਭ ਤੋਂ ਵੱਧ ਪ੍ਰਭਾਵ ਇਸੇ ਖੇਤਰ ਵਿੱਚ ਦੇਖਣ ਨੂੰ ਮਿਲਿਆ। ਸਥਿਤੀ ਨੂੰ ਦੇਖਦਿਆਂ ਪੁਲੀਸ ਪ੍ਰਸ਼ਾਸਨ ਵੀ ਪੂਰੀ ਤਰ੍ਹਾਂ ਚੌਕਸ ਅਤੇ ਹਾਈ ਅਲਰਟ 'ਤੇ ਹੈ।

# ਸੁਨਾਮ ਦੀ ਅਨਾਜ ਮੰਡੀ ਵਿਖੇ 31 ਨੂੰ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਸੰਬੰਧੀ ਸ਼ਰਧਾ ਅਤੇ ਸਤਿਕਾਰ ਨਾਲ ਕਰਵਾਇਆ ਜਾਵੇਗਾ ਰਾਜ ਪੱਧਰੀ ਸਮਾਗਮ: ਅਮਨ ਅਰੋੜਾ

ਸੁਨਾਮ, 28 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਅੱਜ ਕਿਹਾ ਕਿ ਮਹਾਨ ਸੁਤੰਤਰਤਾ ਸੈਨਾਨੀ ਅਤੇ ਅਮਰ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਰਾਜ ਪੱਧਰੀ ਸ਼ਹੀਦੀ ਸਮਾਗਮ 31 ਜੁਲਾਈ ਨੂੰ ਸੁਨਾਮ ਦੀ ਅਨਾਜ ਮੰਡੀ ਵਿਖੇ ਪੂਰੀ ਸ਼ਰਧਾ, ਸਤਿਕਾਰ ਅਤੇ ਸ਼ਾਨੋ-ਸ਼ੌਕਤ ਨਾਲ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਸ ਸਮਾਗਮ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਅਤੇ ਸਮਾਗਮ ਇਤਿਹਾਸਕ ਅਤੇ ਯਾਦਗਾਰੀ ਹੋਵੇਗਾ।

ਮੀਡੀਆ ਨਾਲ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਇਸ ਰਾਜ ਪੱਧਰੀ ਸਮਾਗਮ ਦੀ ਅਗਵਾਈ ਕਰਨਗੇ। ਉਨ੍ਹਾਂ ਦੇ ਨਾਲ ਪੰਜਾਬ ਮੰਤਰੀ ਮੰਡਲ ਦੇ ਮੈਂਬਰ, ਵਿਧਾਇਕ, ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀ, ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂ ਵੀ ਹਾਜ਼ਰ ਰਹਿਣਗੇ। ਇਸ ਮੌਕੇ ਪੰਜਾਬ ਦੇ ਹਰ ਵਰਗ ਨਾਲ ਸਬੰਧਤ ਹਜ਼ਾਰਾਂ ਲੋਕ ਮਹਾਨ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਸੁਨਾਮ ਪਹੁੰਚਣਗੇ।

ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਸ਼ਹੀਦ ਊਧਮ ਸਿੰਘ ਦਾ ਜੀਵਨ ਦੇਸ਼ਭਗਤੀ, ਬਹਾਦਰੀ ਅਤੇ ਕੁਰਬਾਨੀ ਦੀ ਅਦੁੱਤੀ ਮਿਸਾਲ ਹੈ। ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਦਾ ਬਦਲਾ ਲੈ ਕੇ ਉਨ੍ਹਾਂ ਨੇ ਭਾਰਤ ਦੀ ਆਜ਼ਾਦੀ ਦੀ ਲੜਾਈ ਨੂੰ ਨਵੀਂ ਦਿਸ਼ਾ ਦਿੱਤੀ। ਉਨ੍ਹਾਂ ਕਿਹਾ ਕਿ ਅੱਜ ਅਸੀਂ ਜਿਸ ਆਜ਼ਾਦ ਫ਼ਿਜ਼ਾ ਵਿੱਚ ਸਾਹ ਲੈ ਰਹੇ ਹਾਂ, ਉਹ ਅਜਿਹੇ ਮਹਾਨ ਸ਼ਹੀਦਾਂ ਦੀਆਂ ਬੇਮਿਸਾਲ ਕੁਰਬਾਨੀਆਂ ਦਾ ਹੀ ਨਤੀਜਾ ਹੈ। ਪੰਜਾਬ ਸਰਕਾਰ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੇ ਮਹਾਨ ਸ਼ਹੀਦਾਂ ਦੇ ਇਤਿਹਾਸ ਅਤੇ ਆਦਰਸ਼ਾਂ ਨਾਲ ਜੋੜਨ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ। ਮੰਤਰੀ ਨੇ ਦੱਸਿਆ ਕਿ ਸ਼ਹੀਦ ਊਧਮ ਸਿੰਘ ਜੀ ਦੇ ਨਾਮ 'ਤੇ ਵਿਸ਼ਵ ਪੱਧਰੀ ਸਕਿੱਲ ਯੂਨੀਵਰਸਿਟੀ ਸਥਾਪਤ ਕਰਨ ਦਾ ਸੁਪਨਾ ਹੁਣ ਹਕੀਕਤ ਦਾ ਰੂਪ ਧਾਰ ਰਿਹਾ ਹੈ। ਕਪੂਰਥਲਾ ਵਿਖੇ 32 ਏਕੜ ਰਕਬੇ ਵਿੱਚ ਲਗਭਗ ਰੁਪਏ 500 ਕਰੋੜ ਦੀ ਲਾਗਤ ਨਾਲ ਉਸਾਰੀ ਅਧੀਨ ਸ਼ਹੀਦ ਊਧਮ ਸਿੰਘ ਸਕਿੱਲ ਯੂਨੀਵਰਸਿਟੀ ਦਾ ਨਿਰਮਾਣ ਕਾਰਜ ਤੇਜ਼ੀ ਨਾਲ ਜਾਰੀ ਹੈ। ਉਨ੍ਹਾਂ ਕਿਹਾ ਕਿ ਇਹ ਯੂਨੀਵਰਸਿਟੀ ਪੰਜਾਬ ਨੂੰ ਹੁਨਰ ਵਿਕਾਸ ਦੇ ਖੇਤਰ ਵਿੱਚ ਦੇਸ਼ ਦੇ ਮੋਹਰੀ ਸੂਬਿਆਂ ਵਿੱਚ ਸ਼ਾਮਲ ਕਰਨ ਲਈ ਮੀਲ ਪੱਥਰ ਸਾਬਤ ਹੋਵੇਗੀ। ਉਨ੍ਹਾਂ ਦੱਸਿਆ ਕਿ 31 ਜੁਲਾਈ ਨੂੰ ਰਾਜ ਪੱਧਰੀ ਸਮਾਗਮ ਦੌਰਾਨ ਇਸ ਯੂਨੀਵਰਸਿਟੀ ਲਈ ਚਾਰ ਨਾਮਵਰ ਅੰਤਰਰਾਸ਼ਟਰੀ ਯੂਨੀਵਰਸਿਟੀਆਂ ਨਾਲ ਸਮਝੌਤੇ (ਐੱਮ.ਓ.ਯੂ.) 'ਤੇ ਦਸਤਖ਼ਤ ਕੀਤੇ ਜਾਣਗੇ। ਇਨ੍ਹਾਂ ਸਮਝੌਤਿਆਂ ਨਾਲ ਵਿਦਿਆਰਥੀਆਂ ਨੂੰ ਅੰਤਰਰਾਸ਼ਟਰੀ ਮਿਆਰ ਦੀ ਸਿੱਖਿਆ, ਖੋਜ, ਵੋਕੇਸ਼ਨਲ ਐਕਸਚੇਂਜ, ਆਧੁਨਿਕ ਤਕਨੀਕੀ ਸਿਖਲਾਈ ਅਤੇ ਵਿਦੇਸ਼ੀ ਰੁਜ਼ਗਾਰ ਦੇ ਬਿਹਤਰ ਮੌਕੇ ਪ੍ਰਾਪਤ ਹੋਣਗੇ। ਇਸ ਨਾਲ ਪੰਜਾਬ ਦੇ ਨੌਜਵਾਨ ਵਿਸ਼ਵ ਪੱਧਰ 'ਤੇ ਆਪਣੀ ਪ੍ਰਤਿਭਾ ਅਤੇ ਹੁਨਰ ਦਾ ਲੋਹਾ ਮਨਵਾਉਣ ਦੇ ਯੋਗ ਬਣਨਗੇ।

# ਰੇਲਵੇ ਪ੍ਰਾਜੈਕਟਾਂ ਵਿੱਚ ਦੇਰੀ ਨੂੰ ਲੈ ਕੇ ਰਵਨੀਤ ਬਿੱਟੂ ਦਾ ਮੁੱਖ ਮੰਤਰੀ ਮਾਨ ਨੂੰ ਪੱਤਰ

ਨਵੀਂ ਦਿੱਲੀ, 28 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਰੇਲਵੇ ਅਤੇ ਖੁਰਾਕ ਪ੍ਰੋਸੈਸਿੰਗ ਉਦਯੋਗਾਂ ਬਾਰੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਲਿੱਖ ਕੇ ਸੂਬਾ ਸਰਕਾਰ ਦੇ ਪੱਧਰ 'ਤੇ ਲੰਬਿਤ ਮਾਮਲਿਆਂ ਦੇ ਜਲਦੀ ਨਿਪਟਾਰੇ ਲਈ ਉਨ੍ਹਾਂ ਦੇ ਨਿੱਜੀ ਦਖ਼ਲ ਦੀ ਅਪੀਲ ਕੀਤੀ ਹੈ। ਇਨ੍ਹਾਂ ਲੰਬਿਤ ਮਾਮਲਿਆਂ ਕਾਰਨ ਪੰਜਾਬ ਦੀਆਂ ਕਈ ਅਹਿਮ ਰੇਲਵੇ ਬੁਨਿਆਦੀ ਢਾਂਚਾ ਪਰਿਯੋਜਨਾਵਾਂ ਦੇ ਕੰਮ ਵਿੱਚ ਦੇਰੀ ਹੋ ਰਹੀ ਹੈ।

ਆਪਣੇ ਪੱਤਰ ਵਿੱਚ ਰਵਨੀਤ ਬਿੱਟੂ ਨੇ ਕਿਹਾ ਕਿ ਇਨ੍ਹਾਂ ਪ੍ਰਾਜੈਕਟਾਂ ਦਾ ਸਮੇਂ ਸਿਰ ਮੁਕੰਮਲ ਹੋਣਾ ਨਾ ਸਿਰਫ਼ ਰਾਸ਼ਟਰੀ ਮਹੱਤਵ ਦਾ ਵਿਸ਼ਾ ਹੈ, ਸਗੋਂ ਪੰਜਾਬ ਵਿੱਚ ਰੇਲ ਸੰਪਰਕ ਨੂੰ ਮਜ਼ਬੂਤ ਕਰਨ, ਆਰਥਿਕ ਵਿਕਾਸ ਨੂੰ ਤੇਜ਼ੀ ਦੇਣ, ਉਦਯੋਗਿਕ ਤਰੱਕੀ ਨੂੰ ਉਤਸ਼ਾਹਿਤ ਕਰਨ, ਯਾਤਰੀਆਂ ਅਤੇ ਮਾਲ ਢੁਆਈ ਦੀਆਂ ਸੁਵਿਧਾਵਾਂ ਵਿੱਚ ਸੁਧਾਰ ਲਿਆਉਣ ਅਤੇ ਸੂਬੇ ਦੇ ਸਮੁੱਚੇ ਵਿਕਾਸ ਲਈ ਵੀ ਬਹੁਤ ਜ਼ਰੂਰੀ ਹੈ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਵਿੱਚ ਰੇਲਵੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਵੱਡੇ ਪੱਧਰ 'ਤੇ ਨਿਵੇਸ਼ ਅਤੇ ਮਨਜ਼ੂਰੀਆਂ ਦਿੱਤੀਆਂ ਗਈਆਂ ਹਨ, ਪਰ ਰਾਜ ਸਰਕਾਰ ਦੇ ਪੱਧਰ 'ਤੇ ਜ਼ਮੀਨ ਦਾ ਕਬਜ਼ਾ, ਕਾਨੂੰਨੀ ਮਨਜ਼ੂਰੀਆਂ ਅਤੇ ਪ੍ਰਸ਼ਾਸਨਿਕ ਪ੍ਰਵਾਨਗੀਆਂ ਲੰਬਿਤ ਹੋਣ ਕਾਰਨ ਕਈ ਮਹੱਤਵਪੂਰਨ ਪ੍ਰਾਜੈਕਟ ਪ੍ਰਭਾਵਿਤ ਹੋ ਰਹੇ ਹਨ।

**1. ਫਿਰੋਜ਼ਪੁਰ-ਪੱਟੀ ਨਵੀਂ ਰੇਲ ਲਾਈਨ ਪ੍ਰਾਜੈਕਟ:**

25.72 ਕਿਲੋਮੀਟਰ ਲੰਬੀ ਇਸ ਰੇਲ ਲਾਈਨ ਲਈ ਫਿਰੋਜ਼ਪੁਰ ਅਤੇ ਤਰਨ ਤਾਰਨ ਜ਼ਿਲ੍ਹਿਆਂ ਵਿੱਚ 165.69 ਹੈਕਟੇਅਰ ਜ਼ਮੀਨ ਦਾ ਕਬਜ਼ਾ ਕੀਤਾ ਜਾਣਾ ਹੈ। ਰੇਲਵੇ ਮੰਤਰਾਲੇ ਵੱਲੋਂ ਜ਼ਮੀਨ ਅਧਿਗ੍ਰਹਿਣ ਲਈ 194.11 ਕਰੋੜ ਰੁਪਏ ਦੀ ਪੂਰੀ ਰਕਮ ਦਸੰਬਰ 2025 ਵਿੱਚ ਪੰਜਾਬ ਸਰਕਾਰ ਨੂੰ ਜਮ੍ਹਾਂ ਕਰਵਾ ਦਿੱਤੀ ਗਈ ਸੀ, ਪਰ ਅੱਜ ਤੱਕ ਅਧਿਗ੍ਰਹਿਤ ਜ਼ਮੀਨ ਦਾ ਕਬਜ਼ਾ ਰੇਲਵੇ ਨੂੰ ਨਹੀਂ ਦਿੱਤਾ ਗਿਆ, ਜਿਸ ਕਾਰਨ ਨਿਰਮਾਣ ਕਾਰਜ ਸ਼ੁਰੂ ਨਹੀਂ ਹੋ ਸਕਿਆ।



**2. ਰਾਜਪੁਰਾ-ਮੁਹਾਲੀ ਨਵੀਂ ਰੇਲ ਲਾਈਨ ਪ੍ਰਾਜੈਕਟ:**

18.11 ਕਿਲੋਮੀਟਰ ਲੰਬੀ ਇਸ ਪ੍ਰਾਜੈਕਟ ਦਾ ਕੰਮ ਪਟਿਆਲਾ, ਫਤਿਹਗੜ੍ਹ ਸਾਹਿਬ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹਿਆਂ ਵਿੱਚ ਜ਼ਮੀਨ ਦਾ ਕਬਜ਼ਾ ਲੰਬਿਤ ਹੋਣ ਕਾਰਨ ਪ੍ਰਭਾਵਿਤ ਹੋ ਰਿਹਾ ਹੈ। ਬਿੱਟੂ ਨੇ ਇਸ ਪ੍ਰਕਿਰਿਆ ਨੂੰ ਤਰਜੀਹੀ ਅਧਾਰ 'ਤੇ ਪੂਰਾ ਕਰਨ ਦੀ ਅਪੀਲ ਕੀਤੀ ਹੈ ਤਾਂ ਜੋ ਪ੍ਰਾਜੈਕਟ ਦਾ ਕੰਮ ਸਮੇਂ ਸਿਰ ਅੱਗੇ ਵੱਧ ਸਕੇ।

**3. ਨੰਗਲ ਡੈਮ-ਤਲਵਾੜਾ-ਮੁਕੇਰੀਆਂ ਨਵੀਂ ਰੇਲ ਲਾਈਨ ਪ੍ਰਾਜੈਕਟ:**

ਇਸ ਪ੍ਰਾਜੈਕਟ ਅਧੀਨ ਦੋ ਪ੍ਰਸਤਾਵਾਂ ਲਈ ਸਟੇਜ-99 ਜੰਗਲਾਤ ਮਨਜ਼ੂਰੀ ਮਿਲ ਚੁੱਕੀ ਹੈ, ਜਦਕਿ ਤੀਜੇ ਪ੍ਰਸਤਾਵ ਲਈ ਪੰਜਾਬ ਦੇ ਮੁੱਖ ਜੰਗਲੀ ਜੀਵ ਸੰਰਕਸ਼ਕ ਵੱਲੋਂ ਵਾਈਲਡਲਾਈਫ ਮਿਟੀਗੇਸ਼ਨ ਪਲਾਨ ਦੀ ਮਨਜ਼ੂਰੀ ਹਾਲੇ ਲੰਬਿਤ ਹੈ। ਰੇਲਵੇ ਵੱਲੋਂ 16 ਜੂਨ 2026 ਨੂੰ ਇਕੀਕ੍ਰਿਤ ਵਾਈਲਡਲਾਈਫ ਮਿਟੀਗੇਸ਼ਨ ਪਲਾਨ ਜਮ੍ਹਾਂ ਕਰਵਾ ਦਿੱਤਾ ਗਿਆ ਹੈ। ਅੰਤਿਮ ਜੰਗਲਾਤ ਮਨਜ਼ੂਰੀ ਪ੍ਰਾਪਤ ਕਰਨ ਅਤੇ ਪ੍ਰਾਜੈਕਟ ਨੂੰ ਅੱਗੇ ਵਧਾਉਣ ਲਈ ਇਸ ਯੋਜਨਾ ਦੀ ਜਲਦੀ ਮਨਜ਼ੂਰੀ ਬਹੁਤ ਜ਼ਰੂਰੀ ਹੈ।

**4. ਰਾਮਾ ਮੰਡੀ-ਸੱਦਾ ਸਿੰਘਵਾਲਾ ਨਵੀਂ ਰੇਲ ਲਾਈਨ ਪ੍ਰਾਜੈਕਟ:**

ਮਾਨਸਾ-ਬਠਿੰਡਾ ਡਬਲਿੰਗ ਪ੍ਰਾਜੈਕਟ ਅਧੀਨ ਆਉਣ ਵਾਲੀ ਇਸ ਮਹੱਤਵਪੂਰਨ ਰੇਲ ਲਾਈਨ ਲਈ ਮਾਨਸਾ ਅਤੇ ਬਠਿੰਡਾ ਜ਼ਿਲ੍ਹਿਆਂ ਵਿੱਚ ਕੁੱਲ 192.42 ਹੈਕਟੇਅਰ ਜ਼ਮੀਨ ਦਾ ਅਧਿਗ੍ਰਹਿਣ ਕੀਤਾ ਜਾਣਾ ਹੈ। ਰਵਨੀਤ ਬਿੱਟੂ ਨੇ ਸੂਬਾ ਸਰਕਾਰ ਨੂੰ ਇਸ ਪ੍ਰਕਿਰਿਆ ਨੂੰ ਤਰਜੀਹੀ ਅਧਾਰ 'ਤੇ ਪੂਰਾ ਕਰਨ ਦੀ ਅਪੀਲ ਕੀਤੀ ਹੈ। ਇਸ ਤੋਂ ਇਲਾਵਾ, ਬਿੱਟੂ ਨੇ ਪੰਜਾਬ ਵਿੱਚ ਵੱਖ-ਵੱਖ ਰੋਡ ਓਵਰ ਬ੍ਰਿਜ਼ ਅਤੇ ਲਿਮਿਟਡ ਹਾਈਟ ਸਬਵੇਅ ਪ੍ਰਾਜੈਕਟਾਂ ਵਿੱਚ ਹੋ ਰਹੀ ਦੇਰੀ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਜ਼ਮੀਨ ਅਧਿਗ੍ਰਹਿਣ ਨਾਲ ਸਬੰਧਤ ਵਿਵਾਦਾਂ, ਐਨਓਸੀ, ਸੜਕਾਂ ਬੰਦ ਕਰਨ ਦੀ ਮਨਜ਼ੂਰੀ, ਟਰੈਫਿਕ ਡਾਇਵਰਜ਼ਨ ਯੋਜਨਾਵਾਂ ਦੀ ਪ੍ਰਵਾਨਗੀ ਅਤੇ ਹੋਰ ਪ੍ਰਸ਼ਾਸਨਿਕ ਮਨਜ਼ੂਰੀਆਂ ਲੰਬਿਤ ਹੋਣ ਕਾਰਨ ਕਈ ਪ੍ਰਾਜੈਕਟ ਪ੍ਰਭਾਵਿਤ ਹੋ ਰਹੇ ਹਨ। ਉਨ੍ਹਾਂ ਦੱਸਿਆ ਕਿ ਲੁਧਿਆਣਾ, ਫਾਜ਼ਿਲਕਾ, ਸੰਗਰੂਰ, ਹੁਸ਼ਿਆਰਪੁਰ, ਮੁਹਾਲੀ, ਬਠਿੰਡਾ, ਜਲੰਧਰ ਅਤੇ ਪਠਾਨਕੋਟ ਸਮੇਤ ਕਈ ਜ਼ਿਲ੍ਹਿਆਂ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਬੰਧਤ ਵਿਭਾਗਾਂ ਤੋਂ ਲੋੜੀਂਦੀਆਂ ਮਨਜ਼ੂਰੀਆਂ ਹਾਲੇ ਤੱਕ ਨਹੀਂ ਮਿਲੀਆਂ, ਜਿਸ ਕਾਰਨ ਇਨ੍ਹਾਂ ਪ੍ਰਾਜੈਕਟਾਂ ਦੇ ਕੰਮ ਵਿੱਚ ਬੇਲੋੜੀ ਦੇਰੀ ਹੋ ਰਹੀ ਹੈ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ 'ਤੇ ਦਿੱਤਾ ਜ਼ੋਰ



ਹੁਸ਼ਿਆਰਪੁਰ, 28 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਨੂੰ ਨਸ਼ਾ-ਮੁਕਤ ਬਣਾਉਣ ਦੇ ਉਦੇਸ਼ ਨਾਲ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਵੀਰਵਾਰ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਅਤੇ ਐਸ.ਐਸ.ਪੀ. ਸੰਦੀਪ ਕੁਮਾਰ ਮਲਿਕ ਦੀ ਪ੍ਰਧਾਨਗੀ ਹੇਠ ਨਸ਼ਾ ਮੁਕਤੀ ਮੋਰਚੇ ਦੇ ਕੋਆਰਡੀਨੇਟਰਾਂ ਦੀ ਮੀਟਿੰਗ ਹੋਈ। ਇਸ ਦੌਰਾਨ ਜ਼ਿਲ੍ਹੇ ਵਿੱਚ ਬਣਾਈਆਂ ਗਈਆਂ ਵਿਲੇਜ ਡਿਫੈਂਸ ਕਮੇਟੀਆਂ (ਵੀ.ਡੀ.ਸੀ.) ਦੇ ਕੰਮਕਾਜ ਦੀ ਸਮੀਖਿਆ ਕੀਤੀ ਗਈ। ਮੀਟਿੰਗ ਵਿੱਚ ਨਸ਼ਾ ਮੁਕਤੀ ਮੋਰਚੇ ਦੇ ਦੋਆਬਾ ਜ਼ੋਨ ਦੇ ਇੰਚਾਰਜ ਅਤਿਨ ਅਗਨਿਹੋਤਰੀ, ਜ਼ਿਲ੍ਹਾ ਕੋਆਰਡੀਨੇਟਰ (ਸ਼ਹਿਰੀ) ਕੰਚਨ ਦਿਓਲ, ਜ਼ਿਲ੍ਹਾ ਕੋਆਰਡੀਨੇਟਰ (ਪੇਂਡੂ) ਡਾ. ਮੁਕੇਸ਼ ਕਾਂਡਾ, ਵਾਈਸ ਜ਼ਿਲ੍ਹਾ ਕੋਆਰਡੀਨੇਟਰ ਬਲਜੀਤ, ਮਨਜਿੰਦਰ ਸਿੰਘ ਰਿੰਕੂ ਅਤੇ ਅਸੈਂਬਲੀ ਕੋਆਰਡੀਨੇਟਰਾਂ ਨੇ ਵੀ ਸ਼ਮੂਲੀਅਤ ਕੀਤੀ।

ਮੀਟਿੰਗ ਦੌਰਾਨ ਵਿਲੇਜ ਡਿਫੈਂਸ ਕਮੇਟੀਆਂ ਦੇ ਕੰਮਾਂ, ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਅਤੇ ਜਾਰੀ ਦਿਸ਼ਾ-ਨਿਰਦੇਸ਼ਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ। ਨਸ਼ਾ ਮੁਕਤੀ ਮੋਰਚੇ ਦੇ ਅਹੁਦੇਦਾਰਾਂ ਨੇ ਮੁਹਿੰਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਆਪਣੇ ਸੁਝਾਅ ਵੀ ਸਾਂਝੇ ਕੀਤੇ। ਇਸ ਮੌਕੇ ਸ਼ਾਨਦਾਰ ਕੰਮ ਕਰਨ ਵਾਲੀਆਂ ਵਿਲੇਜ ਡਿਫੈਂਸ ਕਮੇਟੀਆਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਨਮਾਨਿਤ ਵੀ ਕੀਤਾ ਗਿਆ।

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਜ਼ਿਲ੍ਹਾ ਪੁਲਿਸ ਅਤੇ ਸਿਹਤ ਵਿਭਾਗ ਨੂੰ ਆਪਸੀ ਤਾਲਮੇਲ ਨਾਲ ਪ੍ਰਭਾਵਸ਼ਾਲੀ ਕਾਰਵਾਈ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਨਸ਼ਾ ਵੇਚਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਜਿੰਨੀ ਲਾਜ਼ਮੀ ਹੈ, ਉਨ੍ਹਾਂ ਹੀ ਜ਼ਰੂਰੀ ਨਸ਼ੇ ਦੀ ਲਤ ਦਾ ਸ਼ਿਕਾਰ ਹੋਏ ਲੋਕਾਂ ਦਾ ਸਮੇਂ ਸਿਰ ਇਲਾਜ ਅਤੇ ਮੁੜ ਵਸੇਬਾ ਵੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਨਸ਼ਾ ਮੁਕਤੀ ਅਤੇ ਮੁੜ ਵਸੇਬਾ ਕੇਂਦਰ ਚਲਾਇਆ ਜਾ ਰਿਹਾ ਹੈ, ਜਿੱਥੇ ਪ੍ਰਭਾਵਿਤ ਵਿਅਕਤੀਆਂ ਦਾ ਇਲਾਜ ਅਤੇ ਪੁਨਰਵਾਸ ਕੀਤਾ ਜਾ ਰਿਹਾ ਹੈ।

ਐਸ.ਐਸ.ਪੀ. ਸੰਦੀਪ ਕੁਮਾਰ ਮਲਿਕ ਨੇ ਦੱਸਿਆ ਕਿ ਨਸ਼ਾ ਮੁਕਤੀ ਐਪ ਰਾਹੀਂ ਵਿਲੇਜ ਡਿਫੈਂਸ ਕਮੇਟੀਆਂ ਵੱਲੋਂ ਦਿੱਤੇ ਜਾ ਰਹੇ ਫੀਡਬੈਕ 'ਤੇ ਲਗਾਤਾਰ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਸਾਰੇ ਕੋਆਰਡੀਨੇਟਰਾਂ ਅਤੇ ਕਮੇਟੀ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ-ਆਪਣੇ ਖੇਤਰਾਂ ਵਿੱਚ ਪੂਰੀ ਚੌਕਸੀ ਰੱਖਣ ਅਤੇ ਜੇਕਰ ਕਿਤੇ ਵੀ ਨਸ਼ੇ ਦੀ ਵਿਕਰੀ ਜਾਂ ਤਸਕਰੀ ਸਬੰਧੀ ਜਾਣਕਾਰੀ ਮਿਲੇ ਤਾਂ ਤੁਰੰਤ ਪੁਲਿਸ ਨੂੰ ਸੂਚਿਤ ਕਰਨ, ਤਾਂ ਜੋ ਪ੍ਰਸ਼ਾਸਨ ਅਤੇ ਲੋਕਾਂ ਦੇ ਸਾਂਝੇ ਯਤਨਾਂ ਨਾਲ ਪੰਜਾਬ ਨੂੰ ਨਸ਼ੇ ਦੀ ਸਮੱਸਿਆ ਤੋਂ ਮੁਕਤ ਕਰਾਇਆ ਜਾ ਸਕੇ।

ਮੀਟਿੰਗ ਦੌਰਾਨ ਨਸ਼ਾ ਮੁਕਤੀ ਮੋਰਚੇ ਦੇ ਦੋਆਬਾ ਕੋਆਰਡੀਨੇਟਰ ਨੇ ਜ਼ਿਲ੍ਹਾ ਅਤੇ ਅਸੈਂਬਲੀ ਕੋਆਰਡੀਨੇਟਰਾਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ। ਅਹੁਦੇਦਾਰਾਂ ਨੇ ਸਪੱਸ਼ਟ ਕੀਤਾ ਕਿ ਜਿਹੜੀਆਂ ਵਿਲੇਜ ਡਿਫੈਂਸ ਕਮੇਟੀਆਂ ਮੁਹਿੰਮ ਵਿੱਚ ਸਰਗਰਮ ਭੂਮਿਕਾ ਨਹੀਂ ਨਿਭਾ ਰਹੀਆਂ, ਉਨ੍ਹਾਂ ਨੂੰ ਤੁਰੰਤ ਹਟਾ ਕੇ ਉਨ੍ਹਾਂ ਦੀ ਥਾਂ ਸਰਗਰਮ ਮੈਂਬਰਾਂ ਨੂੰ ਜ਼ਿੰਮੇਵਾਰੀ ਸੌਂਪੀ ਜਾਵੇਗੀ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਰਾਕੇਸ਼ ਕੁਮਾਰ ਮੀਣਾ, ਨਗਰ ਨਿਗਮ ਕਮਿਸ਼ਨਰ ਜੋਤੀ ਬਾਲਾ ਮੱਟੂ, ਸਹਾਇਕ ਕਮਿਸ਼ਨਰ (ਜਨਰਲ) ਸੁਮਿਤ ਮੁਧ, ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ ਸੰਦੀਪ ਸਿੰਘ, ਜ਼ਿਲ੍ਹੇ ਦੇ ਸਾਰੇ ਡੀ.ਐਸ.ਪੀ. ਸਮੇਤ ਹੋਰ ਪ੍ਰਸ਼ਾਸਨਿਕ ਅਧਿਕਾਰੀ ਵੀ ਹਾਜ਼ਰ ਸਨ।

# 18.15 ਲੱਖ ਰੁਪਏ ਦੀ ਲਾਗਤ ਨਾਲ ਮਾਡਲ ਟਾਊਨ ਫੇਜ਼-1 ਵਿੱਚ ਇੰਟਰਲਾਕਿੰਗ ਟਾਈਲਾਂ ਦੇ ਬਰਮਾਂ ਦੇ ਨਿਰਮਾਣ ਕਾਰਜ ਦਾ ਆਗਾਜ਼

ਬਠਿੰਡਾ, 28 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਸ਼ਹਿਰ ਦੇ ਵਿਕਾਸ ਕਾਰਜਾਂ ਨੂੰ ਹੋਰ ਰਫ਼ਤਾਰ ਦਿੰਦਿਆਂ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਅਮਰਜੀਤ ਮਹਿਤਾ ਨੇ ਵਾਰਡ ਨੰਬਰ-21 ਦੇ ਮਾਡਲ ਟਾਊਨ ਫੇਜ਼-1 ਵਿੱਚ ਟੀਵੀ ਟਾਵਰ ਨੇੜੇ ਕਰੀਬ 18.15 ਲੱਖ ਰੁਪਏ ਦੀ ਲਾਗਤ ਨਾਲ ਸੜਕਾਂ ਦੇ ਦੋਵੇਂ ਪਾਸਿਆਂ ਇੰਟਰਲਾਕਿੰਗ ਟਾਈਲਾਂ ਦੇ ਬਰਮਾਂ ਦੇ ਨਿਰਮਾਣ ਕਾਰਜ ਦਾ ਵਿਧੀਵਤ ਉਦਘਾਟਨ ਕੀਤਾ।

ਇਸ ਮੌਕੇ ਸ੍ਰੀ ਮਹਿਤਾ ਨੇ ਇਲਾਕਾ ਨਿਵਾਸੀਆਂ ਨਾਲ ਮੀਟਿੰਗ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਧਿਆਨ ਨਾਲ ਸੁਣੀਆਂ ਅਤੇ ਸੰਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਉਨ੍ਹਾਂ ਦਾ ਤੁਰੰਤ ਨਿਪਟਾਰਾ ਕਰਨ ਦੇ ਨਿਰਦੇਸ਼ ਦਿੱਤੇ। ਇਸ ਉਪਰੰਤ ਉਨ੍ਹਾਂ ਨੇ ਸਥਾਨਕ ਵਸਨੀਕਾਂ ਨਾਲ ਪੈਦਲ ਦੌਰਾ ਕਰਦੇ ਹੋਏ ਇਲਾਕੇ ਦੀਆਂ ਵੱਖ-ਵੱਖ ਗਲੀਆਂ ਦਾ ਨਿਰੀਖਣ ਕੀਤਾ ਅਤੇ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ।



ਇਲਾਕਾ ਵਾਸੀਆਂ ਨੇ ਸ਼ੁਰੂ ਹੋਏ ਵਿਕਾਸ ਕਾਰਜਾਂ 'ਤੇ ਸੰਤੁਸ਼ਟੀ ਪ੍ਰਗਟ ਕਰਦਿਆਂ ਆਪਣੀਆਂ ਹੋਰ ਲੋੜੀਂਦੀਆਂ ਸਮੱਸਿਆਵਾਂ ਵੀ ਸ੍ਰੀ ਮਹਿਤਾ ਦੇ ਧਿਆਨ ਵਿੱਚ ਲਿਆਂਦੀਆਂ। ਸ੍ਰੀ ਮਹਿਤਾ ਨੇ ਭਰੋਸਾ ਦਿਵਾਇਆ ਕਿ ਲੋਕਾਂ ਦੀ ਸਹੂਲਤ ਨਾਲ ਜੁੜੇ ਹਰ ਮਸਲੇ ਦਾ ਪਹਿਲ ਦੇ ਆਧਾਰ 'ਤੇ ਹੱਲ ਯਕੀਨੀ ਬਣਾਇਆ ਜਾਵੇਗਾ ਅਤੇ ਵਿਕਾਸ ਕਾਰਜਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਇਸ ਮੌਕੇ ਸ੍ਰੀ ਅਮਰਜੀਤ ਮਹਿਤਾ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਰੰਗਲਾ ਪੰਜਾਬ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਸੂਬੇ ਭਰ ਵਿੱਚ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਅੱਗੇ ਵਧਾ ਰਹੀ ਹੈ। ਸਰਕਾਰ ਦਾ ਉਦੇਸ਼ ਹਰ ਯੋਜਨਾ ਦਾ ਲਾਭ ਸਮਾਜ ਦੇ ਆਖ਼ਰੀ ਵਿਅਕਤੀ ਤੱਕ ਪਹੁੰਚਾਉਣਾ ਹੈ, ਜਿਸ ਲਈ ਹਰ ਸ਼ਹਿਰ ਅਤੇ ਹਰ ਵਾਰਡ ਵਿੱਚ ਯੋਜਨਾਬੱਧ ਢੰਗ ਨਾਲ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।

ਉਨ੍ਹਾਂ ਕਿਹਾ, ਸਾਡੀ ਰਾਜਨੀਤੀ ਦਾ ਮੁੱਖ ਆਧਾਰ ਵਿਕਾਸ ਅਤੇ ਲੋਕ ਸੇਵਾ ਹੈ। ਲੋਕਾਂ ਨੇ ਜਿਸ ਭਰੋਸੇ ਨਾਲ ਸਾਨੂੰ ਜ਼ਿੰਮੇਵਾਰੀ ਸੌਂਪੀ ਹੈ, ਉਸ 'ਤੇ ਪੂਰੀ ਤਰ੍ਹਾਂ ਖਰਾ ਉਤਰਨਾ ਸਾਡਾ ਫ਼ਰਜ਼ ਹੈ। ਹਰ ਵਾਰਡ ਵਿੱਚ ਬੁਨਿਆਦੀ ਸਹੂਲਤਾਂ ਦਾ ਵਿਸਥਾਰ ਕਰਨਾ ਸਾਡੀ ਸਭ ਤੋਂ ਵੱਡੀ ਤਰਜੀਹ ਹੈ ਅਤੇ ਵਿਕਾਸ ਕਾਰਜਾਂ ਦੀ ਗੁਣਵੱਤਾ ਨਾਲ ਕਿਸੇ ਵੀ ਹਾਲਤ ਵਿੱਚ ਸਮਝੌਤਾ ਨਹੀਂ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਦੀ ਅਗਵਾਈ ਹੇਠ ਨਗਰ ਨਿਗਮ ਬਠਿੰਡਾ ਨੂੰ ਆਧੁਨਿਕ ਅਤੇ ਸਾਫ਼-ਸੁਥਰਾ ਸ਼ਹਿਰ ਬਣਾਉਣ ਲਈ ਲਗਾਤਾਰ ਯਤਨਸ਼ੀਲ ਹੈ। ਆਧੁਨਿਕ ਮਸ਼ੀਨਾਂ ਰਾਹੀਂ ਨਿਯਮਤ ਸਫ਼ਾਈ, ਘਰ-ਘਰ ਕੂੜਾ ਇਕੱਠਾ ਕਰਨ ਦੀ ਵਿਵਸਥਾ ਨੂੰ ਹੋਰ ਮਜ਼ਬੂਤ ਬਣਾਉਣ ਅਤੇ ਸ਼ਹਿਰ ਦੇ ਸੁੰਦਰਿਕਰਨ ਲਈ ਕਈ ਵਿਕਾਸ ਪ੍ਰੋਜੈਕਟਾਂ 'ਤੇ ਤੇਜ਼ੀ ਨਾਲ ਕੰਮ ਕੀਤਾ ਜਾ ਰਿਹਾ ਹੈ।

ਸ੍ਰੀ ਮਹਿਤਾ ਨੇ ਕਿਹਾ, ਸਾਡਾ ਟੀਚਾ ਹੈ ਕਿ ਬਠਿੰਡਾ ਦੇ ਸਾਰੇ 50 ਵਾਰਡਾਂ ਵਿੱਚ ਕੋਈ ਵੀ ਗਲੀ ਕੱਚੀ ਨਾ ਰਹੇ। ਹਰ ਘਰ ਤੱਕ ਸੀਵਰੇਜ ਅਤੇ ਸਾਫ਼ ਪੀਣ ਵਾਲੇ ਪਾਣੀ ਵਰਗੀਆਂ ਬੁਨਿਆਦੀ ਸਹੂਲਤਾਂ ਪਹੁੰਚਾਈਆਂ ਜਾ ਰਹੀਆਂ ਹਨ।

ਵਿਕਾਸ ਕਾਰਜਾਂ ਵਿੱਚ ਪਾਰਦਰਸ਼ਤਾ, ਗੁਣਵੱਤਾ ਅਤੇ ਸਮੇਂ-ਸਿਰ ਮੁਕੰਮਲਤਾ ਯਕੀਨੀ ਬਣਾਉਣਾ ਸਾਡੀ ਪਹਿਲੀ ਜ਼ਿੰਮੇਵਾਰੀ ਹੈ। ਆਉਣ ਵਾਲੇ ਸਮੇਂ ਵਿੱਚ ਬਠਿੰਡਾ ਸੂਬੇ ਦੇ ਸਭ ਤੋਂ ਆਧੁਨਿਕ, ਸਾਫ਼-ਸੁਥਰੇ ਅਤੇ ਸੁਵਿਧਾਜਨਕ ਸ਼ਹਿਰਾਂ ਵਿੱਚ ਆਪਣੀ ਵਿਸ਼ੇਸ਼ ਪਛਾਣ ਬਣਾਏਗਾ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਸਹਿਯੋਗ ਅਤੇ ਨਗਰ ਨਿਗਮ ਦੇ ਸਾਂਝੇ ਯਤਨਾਂ ਨਾਲ ਸ਼ਹਿਰ ਵਿੱਚ ਕਈ ਮਹੱਤਵਪੂਰਨ ਵਿਕਾਸ ਪ੍ਰੋਜੈਕਟ ਤੇਜ਼ੀ ਨਾਲ ਮੁਕੰਮਲ ਹੋ ਰਹੇ ਹਨ, ਜਿਨ੍ਹਾਂ ਦਾ ਸਿੱਧਾ ਲਾਭ ਆਮ ਲੋਕਾਂ ਨੂੰ ਮਿਲੇਗਾ। ਉਨ੍ਹਾਂ ਭਰੋਸਾ ਦਿਵਾਇਆ ਕਿ ਸ਼ਹਿਰ ਦੇ ਸਰਵਪੱਖੀ ਵਿਕਾਸ ਦਾ ਇਹ ਅਭਿਆਨ ਭਵਿੱਖ ਵਿੱਚ ਵੀ ਲਗਾਤਾਰ ਜਾਰੀ ਰਹੇਗਾ ਅਤੇ ਹਰ ਖੇਤਰ ਵਿੱਚ ਲੋਕਾਂ ਦੀਆਂ ਲੋੜਾਂ ਅਨੁਸਾਰ ਸਹੂਲਤਾਂ ਉਪਲਬਧ ਕਰਵਾਈਆਂ ਜਾਣਗੀਆਂ।

ਇਸ ਮੌਕੇ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਸ੍ਰੀ ਬਲਜੀਤ ਸਿੰਘ ਭੁੱਲਰ, ਸ੍ਰੀ ਗੁਰਪ੍ਰੀਤ ਸਿੰਘ, ਐਡਵੋਕੇਟ ਹਰਰਾਜ ਸਿੰਘ, ਨਗਰ ਨਿਗਮ ਦੇ ਜੇਈ ਸ੍ਰੀ ਰਾਜੇਸ਼ ਕੁਮਾਰ, ਸ੍ਰੀ ਵਿਵੇਕ ਨੰਬਰਦਾਰ, ਸ੍ਰੀ ਰੋਮਾਨਾ, ਸ੍ਰੀ ਜਗਤਾਰ ਸਿੰਘ ਵਾਲੀਆ, ਸ੍ਰੀ ਅਸ਼ਵਨੀ ਬੰਟੀ ਅਤੇ ਇਲਾਕੇ ਦੇ ਹੋਰ ਪਤਵੰਤੇ ਵਿਅਕਤੀ ਆਦਿ ਹਾਜ਼ਰ ਸਨ।

# ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਸਰਕਾਰੀ ਸਕੂਲਾਂ ਦੀ ਬਦਲੀ ਤਸਵੀਰ : ਬ੍ਰਮ ਸ਼ੰਕਰ ਜਿੰਪਾ



ਹੁਸ਼ਿਆਰਪੁਰ, 28 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਦੀ ਸਿੱਖਿਆ ਕ੍ਰਾਂਤੀ ਮੁਹਿੰਮ ਨੂੰ ਅੱਗੇ ਵਧਾਉਂਦੇ ਹੋਏ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪਿੱਪਲਵਾਲਾ ਵਿਖੇ ਕਰਵਾਏ ਇੱਕ ਪ੍ਰੋਗਰਾਮ ਦੌਰਾਨ 11ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਸਕੂਲ ਬੈਗ ਵੰਡੇ। ਉਨ੍ਹਾਂ ਵਿਦਿਆਰਥੀਆਂ ਨੂੰ ਬਿਹਤਰ ਸਿੱਖਿਆ ਅਤੇ ਉੱਜਵਲ ਭਵਿੱਖ ਲਈ ਪ੍ਰੇਰਿਤ ਕੀਤਾ।

ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸਿੱਖਿਆ ਖੇਤਰ ਵਿੱਚ ਇਤਿਹਾਸਕ ਬਦਲਾਅ ਕੀਤੇ ਹਨ, ਜਿਸ ਦੇ ਨਤੀਜੇ ਵਜੋਂ ਅੱਜ ਪੰਜਾਬ ਪੂਰੇ ਦੇਸ਼ ਵਿੱਚ ਸਿੱਖਿਆ ਦੇ ਖੇਤਰ ਵਿੱਚ ਮੋਹਰੀ ਸਥਾਨ 'ਤੇ ਪਹੁੰਚ ਗਿਆ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਦਾ ਆਧੁਨਿਕੀਕਰਨ ਕੀਤਾ ਗਿਆ ਹੈ ਅਤੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਵਿਆਪਕ ਸੁਧਾਰ ਕੀਤੇ ਗਏ ਹਨ।

ਉਨ੍ਹਾਂ ਕਿਹਾ ਕਿ ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਸਮਾਰਟ ਕਲਾਸਰੂਮ, ਆਧੁਨਿਕ ਪ੍ਰਯੋਗਸ਼ਾਲਾਵਾਂ, ਬਿਹਤਰ ਫਰਨੀਚਰ, ਸਾਫ਼-ਸੁਥਰਾ ਵਾਤਾਵਰਣ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ ਹਨ, ਜਿਸ ਕਾਰਨ ਵਿਦਿਆਰਥੀਆਂ ਨੂੰ ਪ੍ਰਾਈਵੇਟ ਸਕੂਲਾਂ ਵਾਂਗ ਸ਼ਾਨਦਾਰ ਵਿਦਿਅਕ ਮਾਹੌਲ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਉਦੇਸ਼ ਹਰੇਕ ਬੱਚੇ ਨੂੰ ਮਿਆਰੀ ਅਤੇ ਬਰਾਬਰ ਸਿੱਖਿਆ ਪ੍ਰਦਾਨ ਕਰਨਾ ਹੈ ਤਾਂ ਜੋ ਉਹ ਆਪਣੇ ਸੁਪਨਿਆਂ ਨੂੰ ਸਾਕਾਰ ਕਰ ਸਕੇ।

ਵਿਧਾਇਕ ਜਿੰਪਾ ਨੇ ਵਿਦਿਆਰਥੀਆਂ ਨੂੰ ਲਗਨ ਨਾਲ ਪੜ੍ਹਾਈ ਕਰਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਸਰਕਾਰ ਉਨ੍ਹਾਂ ਨੂੰ ਹਰ ਸੰਭਵ ਸਹੂਲਤ ਪ੍ਰਦਾਨ ਕਰਨ ਲਈ ਵਚਨਬੱਧ ਹੈ ਅਤੇ ਸਿੱਖਿਆ ਦੇ ਖੇਤਰ ਵਿੱਚ ਸੁਧਾਰ ਦੀ ਇਹ ਮੁਹਿੰਮ ਜਾਰੀ ਰਹੇਗੀ।

ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਵੈਸ਼ਾਲੀ ਚੱਢਾ, ਦੀਪਕ ਵਸ਼ਿਸ਼ਟ, ਕੌਂਸਲਰ ਜਸਵੰਤ ਰਾਏ, ਕੌਂਸਲਰ ਰਾਜ ਰਾਣੀ, ਯੂਥ ਕੋਆਰਡੀਨੇਟਰ ਪ੍ਰਿਤਪਾਲ, ਲਖਬੀਰ ਅਤੇ ਹੋਰ ਪਤਵੰਤੇ ਵੀ ਮੌਜੂਦ ਸਨ।

# ਪ੍ਰਾਈਵੇਟ ਸਕੂਲ ਪੰਜਾਬ ਸਰਕਾਰ ਦੇ ਫ਼ੀਸ ਕੈਪ ਆਰਡੀਨੈਂਸ ਵਿਰੁੱਧ ਲਾਮਬੰਦ ਹੋਏ, ਹਾਈ ਕੋਰਟ ਜਾਣ ਦੀ ਚਿਤਾਵਨੀ

ਚੰਡੀਗੜ੍ਹ, 28 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

: ਪੰਜਾਬ ਵਿੱਚ ਪ੍ਰਾਈਵੇਟ ਸਕੂਲ ਐਸੋਸੀਏਸ਼ਨਾਂ ਨੇ ਸੂਬਾ ਸਰਕਾਰ ਦੇ ਉਸ ਆਰਡੀਨੈਂਸ ਦਾ ਵਿਰੋਧ ਕੀਤਾ ਹੈ, ਜਿਸ ਵਿੱਚ ਸਾਲਾਨਾ ਫ਼ੀਸ ਵਾਧੇ ਨੂੰ ਪੰਜ ਫ਼ੀਸਦੀ ਤੱਕ ਸੀਮਤ ਕਰ ਦਿੱਤਾ ਗਿਆ ਹੈ ਅਤੇ ਸਕੂਲਾਂ ਨੂੰ ਪਿਛਲੇ ਤਿੰਨ ਸਾਲਾਂ ਦੌਰਾਨ ਨਿਰਧਾਰਤ ਹੱਦ ਤੋਂ ਵੱਧ ਇਕੱਠੀ ਕੀਤੀ ਗਈ ਫ਼ੀਸ ਵਾਪਸ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਇਸ ਕਦਮ ਨਾਲ ਸਕੂਲਾਂ ਅਤੇ ਸਿੱਖਿਆ ਖੇਤਰ ਦੀ ਵਿੱਤੀ ਵਿਵਹਾਰਕਤਾ 'ਤੇ ਮਾੜਾ ਪ੍ਰਭਾਵ ਪੈ ਸਕਦਾ ਹੈ।

ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਨੈਸ਼ਨਲ ਇੰਡੀਪੈਂਡੈਂਟ ਸਕੂਲਜ਼ ਅਲਾਇੰਸ (NISA) ਦੇ ਪ੍ਰਧਾਨ ਕੁਲਭੂਸ਼ਣ ਸ਼ਰਮਾ ਅਤੇ ਰਿਕਗਨਾਈਜ਼ਡ ਅਫੀਲੀਏਟਿਡ ਸਕੂਲਜ਼ ਐਸੋਸੀਏਸ਼ਨ (RASA) ਪੰਜਾਬ ਦੇ ਚੇਅਰਮੈਨ ਹਰਪਾਲ ਸਿੰਘ (ਯੂ.ਕੇ.) ਨੇ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਇਸ ਨੀਤੀ ਨੂੰ ਲਾਗੂ ਕਰਨ ਤੋਂ ਪਹਿਲਾਂ ਪ੍ਰਾਈਵੇਟ ਸਕੂਲ ਐਸੋਸੀਏਸ਼ਨਾਂ, ਮਾਪਿਆਂ, ਸਿੱਖਿਆ ਸ਼ਾਸਤਰੀਆਂ ਅਤੇ ਵਿੱਤੀ ਮਾਹਿਰਾਂ ਨਾਲ ਵਿਚਾਰ-ਵਟਾਂਦਰਾ ਕਰੇ। ਉਨ੍ਹਾਂ ਕਿਹਾ ਕਿ ਜੇ ਮਸਲਾ ਹੱਲ ਨਾ ਹੋਇਆ ਤਾਂ ਪ੍ਰਾਈਵੇਟ ਸਕੂਲ ਕਾਨੂੰਨੀ ਰਾਹਤ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਰੁਖ਼ ਕਰਨਗੇ। ਸ਼ਰਮਾ ਨੇ ਕਿਹਾ ਕਿ ਹਾਲਾਂਕਿ ਮਾਪਿਆਂ ਦੇ ਹਿੱਤਾਂ ਦੀ ਰੱਖਿਆ ਕਰਨਾ ਮਹੱਤਵਪੂਰਨ ਹੈ, ਸਰਕਾਰ ਨੂੰ ਸਕੂਲਾਂ ਦੀ ਵਿੱਤੀ ਸਥਿਰਤਾ, ਅਧਿਆਪਕਾਂ ਲਈ ਉਚਿਤ ਤਨਖਾਹਾਂ ਅਤੇ ਵਿਦਿਆਰਥੀਆਂ ਲਈ ਮਿਆਰੀ ਸਿੱਖਿਆ ਨੂੰ ਵੀ ਯਕੀਨੀ ਬਣਾਉਣਾ ਚਾਹੀਦਾ ਹੈ।



ਉਨ੍ਹਾਂ ਇੱਕ ਸੰਤੁਲਿਤ ਅਤੇ ਪਾਰਦਰਸ਼ੀ ਫ਼ੀਸ ਰੈਗੂਲੇਸ਼ਨ ਨੀਤੀ ਦੀ ਮੰਗ ਕੀਤੀ। ਹਰਪਾਲ ਸਿੰਘ ਨੇ ਕਿਹਾ ਕਿ ਪ੍ਰਾਈਵੇਟ ਸਕੂਲਾਂ ਨੇ ਪਿਛਲੀ ਨੀਤੀ ਦੇ ਆਧਾਰ 'ਤੇ ਵਿੱਤੀ ਵਚਨਬੱਧਤਾਵਾਂ ਕੀਤੀਆਂ ਸਨ, ਜੋ ਪ੍ਰਤੀ ਸਾਲ ਅੱਠ ਫ਼ੀਸਦੀ ਤੱਕ ਫ਼ੀਸ ਸੋਧ ਦੀ ਆਗਿਆ ਦਿੰਦੀ ਸੀ। ਉਨ੍ਹਾਂ ਕਿਹਾ ਕਿ ਸਕੂਲਾਂ ਨੇ ਅਧਿਆਪਕਾਂ ਦੀਆਂ ਤਨਖਾਹਾਂ, ਬੁਨਿਆਦੀ ਢਾਂਚੇ, ਪ੍ਰਯੋਗਸ਼ਾਲਾਵਾਂ, ਸਮਾਰਟ ਕਲਾਸਰੂਮਾਂ, ਡਿਜੀਟਲ ਸਿੱਖਿਆ, ਸੁਰੱਖਿਆ ਉਪਾਵਾਂ ਅਤੇ ਖੇਡ ਸੁਵਿਧਾਵਾਂ ਵਿੱਚ ਭਾਰੀ ਨਿਵੇਸ਼ ਕੀਤਾ ਹੈ, ਅਤੇ ਪਿਛਲੇ ਸਮੇਂ ਦੀਆਂ ਫ਼ੀਸਾਂ ਰਿਫੰਡ ਕਰਨ ਨਾਲ ਉਨ੍ਹਾਂ 'ਤੇ ਭਾਰੀ ਵਿੱਤੀ ਬੋਝ ਪਵੇਗਾ।

ਐਸੋਸੀਏਸ਼ਨਾਂ ਨੇ ਕਿਹਾ ਕਿ ਬਹੁਤ ਸਾਰੇ ਪ੍ਰਾਈਵੇਟ ਸਕੂਲ ਅਜੇ ਵੀ ਕੋਵਿਡ-19 ਮਹਾਮਾਰੀ ਦੌਰਾਨ ਹੋਏ ਨੁਕਸਾਨ ਤੋਂ ਉੱਭਰ ਰਹੇ ਹਨ ਅਤੇ ਕੰਮਕਾਜ ਨੂੰ ਜਾਰੀ ਰੱਖਣ ਲਈ ਲਏ ਗਏ ਕਰਜ਼ਿਆਂ ਦੀ ਅਦਾਇਗੀ ਕਰ ਰਹੇ ਹਨ।

ਉਨ੍ਹਾਂ ਚਿਤਾਵਨੀ ਦਿੱਤੀ ਕਿ ਪਿਛਲੇ ਸਮੇਂ ਦੀਆਂ ਰਿਫੰਡ ਫ਼ੀਸਾਂ ਖਾਸ ਤੌਰ 'ਤੇ ਘੱਟ ਫ਼ੀਸ ਵਾਲੇ ਪ੍ਰਾਈਵੇਟ ਸਕੂਲਾਂ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ ਅਤੇ ਇੱਥੋਂ ਤੱਕ ਕਿ ਕੁਝ ਸੰਸਥਾਵਾਂ ਨੂੰ ਬੰਦ ਕਰਨ ਲਈ ਮਜਬੂਰ ਕਰ ਸਕਦੀਆਂ ਹਨ।

ਉਪਲਬਧ ਅੰਕੜਿਆਂ ਦਾ ਹਵਾਲਾ ਦਿੰਦਿਆਂ, ਐਸੋਸੀਏਸ਼ਨਾਂ ਨੇ ਕਿਹਾ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਲਗਪਗ 2.67 ਮਿਲੀਅਨ (26.7 ਲੱਖ) ਵਿਦਿਆਰਥੀਆਂ ਦੇ ਮੁਕਾਬਲੇ ਪ੍ਰਾਈਵੇਟ ਸਕੂਲਾਂ ਵਿੱਚ ਲਗਭਗ 3.06 ਮਿਲੀਅਨ (30.6 ਲੱਖ) ਵਿਦਿਆਰਥੀ ਪੜ੍ਹਦੇ ਹਨ, ਜਦੋਂ ਕਿ ਪ੍ਰਾਈਵੇਟ ਖੇਤਰ ਲਗਪਗ 1.46 ਲੱਖ ਅਧਿਆਪਕਾਂ ਨੂੰ ਰੁਜ਼ਗਾਰ ਦਿੰਦਾ ਹੈ।

ਉਨ੍ਹਾਂ ਸਵਾਲ ਕੀਤਾ ਕਿ ਜੇ ਪ੍ਰਾਈਵੇਟ ਸਕੂਲਾਂ ਨੂੰ ਕਮਜ਼ੋਰ ਕੀਤਾ ਜਾਂਦਾ ਹੈ ਤਾਂ ਕੀ ਸਰਕਾਰ ਕੋਲ ਤਿੰਨ ਮਿਲੀਅਨ(30 ਲੱਖ) ਤੋਂ ਵੱਧ ਵਾਧੂ ਵਿਦਿਆਰਥੀਆਂ ਨੂੰ ਅਕੋਮੋਡੇਟ ਕਰਨ ਅਤੇ ਲਗਪਗ 1.5 ਲੱਖ ਅਧਿਆਪਕਾਂ ਨੂੰ ਭਰਤੀ ਕਰਨ ਦੀ ਸਮਰੱਥਾ ਹੈ।

ਬੁਲਾਰਿਆਂ ਨੇ ਸਰਕਾਰੀ ਸਕੂਲ ਪ੍ਰਣਾਲੀ ਵਿੱਚ ਚੁਣੌਤੀਆਂ ਦਾ ਵੀ ਹਵਾਲਾ ਦਿੱਤਾ, ਜਿਸ ਵਿੱਚ ਸਿੰਗਲ-ਟੀਚਰ ਸਕੂਲ, ਹਜ਼ਾਰਾਂ ਸਕੂਲਾਂ ਵਿੱਚ ਇੰਟਰਨੈੱਟ ਕਨੈਕਟੀਵਿਟੀ ਦੀ ਘਾਟ ਅਤੇ ਖਾਲੀ ਅਧਿਆਪਕ ਪੋਸਟਾਂ ਸ਼ਾਮਲ ਹਨ, ਅਤੇ ਕਿਹਾ ਕਿ ਜਨਤਕ ਸਿੱਖਿਆ ਪ੍ਰਣਾਲੀ 'ਤੇ ਵਾਧੂ ਦਬਾਅ ਲੋੜੀਂਦਾ ਨਹੀਂ ਹੋਵੇਗਾ।

ਐਸੋਸੀਏਸ਼ਨਾਂ ਨੇ ਅੱਗੇ ਕਿਹਾ ਕਿ ਵਧ ਰਹੀ ਮਹਿੰਗਾਈ ਅਤੇ ਵਧਦੇ ਸੰਚਾਲਨ ਖਰਚਿਆਂ, ਜਿਨ੍ਹਾਂ ਵਿੱਚ ਬਿਜਲੀ, ਕਰਮਚਾਰੀ ਲਾਭ, ਆਵਾਜਾਈ, ਰੱਖ-ਰਖਾਅ ਅਤੇ ਤਕਨਾਲੋਜੀ ਦੀਆਂ ਲਾਗਤਾਂ ਸ਼ਾਮਲ ਹਨ, ਨੇ ਪਿਛਲੇ ਤਿੰਨ ਸਾਲਾਂ ਵਿੱਚ ਖਰਚਿਆਂ ਨੂੰ ਕਾਫ਼ੀ ਵਧਾ ਦਿੱਤਾ ਹੈ।

ਕਿਉਂਕਿ ਅਧਿਆਪਕਾਂ ਅਤੇ ਸਟਾਫ਼ ਦੀਆਂ ਤਨਖਾਹਾਂ ਸਕੂਲ ਦੇ ਖਰਚਿਆਂ ਦਾ ਵੱਡਾ ਹਿੱਸਾ ਬਣਦੀਆਂ ਹਨ, ਇਸ ਲਈ ਸਾਲਾਨਾ ਫ਼ੀਸ ਵਾਧੇ ਨੂੰ ਪੰਜ ਫ਼ੀਸਦੀ ਤੱਕ ਸੀਮਤ ਕਰਨ ਨਾਲ ਤਨਖਾਹ ਸੋਧਾਂ ਅਤੇ ਸਿੱਖਿਆ ਦੀ ਗੁਣਵੱਤਾ ਪ੍ਰਭਾਵਿਤ ਹੋਵੇਗੀ, ਉਨ੍ਹਾਂ ਅੱਗੇ ਕਿਹਾ। ਉਨ੍ਹਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਟਕਰਾਅ ਦੀ ਬਜਾਏ ਗੱਲਬਾਤ ਰਾਹੀਂ ਮਸਲੇ ਨੂੰ ਹੱਲ ਕਰੇ।

# ਜਲੰਧਰ ਦੇ ਸੁਮਪ੍ਰੀਤ ਸਿੰਘ ਨੇ ਪ੍ਰਧਾਨ ਮੰਤਰੀ ਮੋਦੀ ਦੇ ਪੱਗ ਬੰਨ੍ਹਣ ਦਾ ਤਜ਼ਰਬਾ ਕੀਤਾ ਸਾਂਝਾ

ਜਲੰਧਰ, 28 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੀਤੇ ਦਿਨੀਂ ਜਲੰਧਰ ਦਾ ਦੌਰਾ ਕੀਤਾ, ਤਾਂ ਉਨ੍ਹਾਂ ਦੀ ਹਰੀ ਪੱਗ ਨੇ ਸਭ ਦਾ ਧਿਆਨ ਖਿੱਚਿਆ। ਇਹ ਪੱਗ ਜਲੰਧਰ ਦੇ 30 ਸਾਲਾ ਨਿਵਾਸੀ ਸੁਮਪ੍ਰੀਤ ਸਿੰਘ ਦੁਆਰਾ ਬੰਨ੍ਹੀ ਗਈ ਸੀ। ਸੁਮਪ੍ਰੀਤ ਨੇ ਦੱਸਿਆ ਕਿ ਉਸ ਨੂੰ ਹੁਣ ਤਿੰਨ ਮੌਕਿਆਂ 'ਤੇ ਪ੍ਰਧਾਨ ਮੰਤਰੀ ਦੇ ਪੱਗ ਬੰਨ੍ਹਣ ਦਾ ਮਾਣ ਹਾਸਲ ਹੋਇਆ ਹੈ।

ਇਸ ਛੋਟੀ ਜਿਹੀ ਮੁਲਾਕਾਤ ਨੂੰ ਯਾਦ ਕਰਦਿਆਂ ਸੁਮਪ੍ਰੀਤ ਨੇ ਦੱਸਿਆ, ਜਦੋਂ ਅਸੀਂ ਇੱਕ-ਦੂਜੇ ਨੂੰ ਮਿਲੇ ਅਤੇ ਆਦਰ-ਸਤਿਕਾਰ ਕੀਤਾ, ਤਾਂ ਪ੍ਰਧਾਨ ਮੰਤਰੀ ਨੇ ਮੁਸਕਰਾ ਕੇ ਮੈਨੂੰ ਕਿਹਾ, 'ਬਢ ?ੀਆ ਸੇ ਬਾਂਧਨਾ' (ਯਾਨੀ ਪੱਗ ਵਧੀਆ ਤਰੀਕੇ ਨਾਲ ਬੰਨ੍ਹਣਾ)।

ਇਸ ਸਾਰੀ ਪ੍ਰਕਿਰਿਆ ਵਿੱਚ ਸਿਰਫ਼ ਦੋ ਮਿੰਟ ਦਾ ਸਮਾਂ ਲੱਗਿਆ, ਜਿਸ ਕਾਰਨ ਗੱਲਬਾਤ ਲਈ ਬਹੁਤ ਘੱਟ ਸਮਾਂ ਬਚਿਆ। ਉਨ੍ਹਾਂ ਕਿਹਾ, ਮੇਰਾ ਸਾਰਾ ਧਿਆਨ ਪੱਗ ਨੂੰ ਵਧੀਆ ਤਰੀਕੇ ਨਾਲ ਬੰਨ੍ਹਣ 'ਤੇ ਸੀ।

ਸੁਮਪ੍ਰੀਤ ਨੇ ਕਿਹਾ, ਗੱਲ ਕਰਨ ਲਈ ਬਹੁਤਾ ਸਮਾਂ ਨਹੀਂ ਹੁੰਦਾ ਕਿਉਂਕਿ ਸਾਨੂੰ ਸਿਰਫ਼ ਦੋ ਮਿੰਟ ਦੇ ਕਰੀਬ ਸਮਾਂ ਦਿੱਤਾ ਜਾਂਦਾ ਹੈ। ਪ੍ਰਧਾਨ ਮੰਤਰੀ ਦੇ ਪੱਗ ਬੰਨ੍ਹਣ ਵੇਲੇ ਬਹੁਤ ਦਬਾਅ ਹੁੰਦਾ ਹੈ। ਇਸ ਗੱਲ ਦਾ ਧਿਆਨ ਰੱਖਿਆ ਜਾਂਦਾ ਹੈ ਕਿ ਪੱਗ ਨਾ ਤਾਂ ਬਹੁਤੀ ਟਾਈਟ ਹੋਵੇ ਅਤੇ ਨਾ ਹੀ ਬਹੁਤੀ ਢਿੱਲੀ, ਇਸ ਲਈ ਇਹ ਇੱਕ ਵੱਡੀ ਜ਼ਿੰਮੇਵਾਰੀ ਹੈ।



ਸੁਮਪ੍ਰੀਤ ਨੂੰ ਪਹਿਲੀ ਵਾਰ 2022 ਵਿੱਚ ਪ੍ਰਧਾਨ ਮੰਤਰੀ ਦੇ ਪੱਗ ਬੰਨ੍ਹਣ ਦਾ ਮੌਕਾ ਮਿਲਿਆ ਸੀ। ਉਸ ਨੂੰ 2024 ਵਿੱਚ ਦੁਬਾਰਾ ਚੁਣਿਆ ਗਿਆ ਸੀ ਅਤੇ ਹਾਲੀਆ ਸਮਾਗਮ ਤੀਜਾ ਮੌਕਾ ਸੀ ਜਦੋਂ ਉਸ ਨੇ ਪ੍ਰਧਾਨ ਮੰਤਰੀ ਦੇ ਪੱਗ ਬੰਨ੍ਹੀ।

ਇੱਕ ਮਾਹਰ ਪੱਗ ਬੰਨ੍ਹਣ ਵਾਲੇ ਹੋਣ ਤੋਂ ਇਲਾਵਾ, ਸੁਮਪ੍ਰੀਤ ਇੱਕ ਫ੍ਰੀਲਾਂਸ ਵੈੱਬਸਾਈਟ ਡਿਵੈਲਪਰ ਵਜੋਂ ਵੀ ਕੰਮ ਕਰਦਾ ਹੈ। ਇੱਕ ਅਕੈਡਮੀ ਚਲਾਉਣ ਤੋਂ ਇਲਾਵਾ, ਉਹ ਜਲੰਧਰ ਵਿੱਚ ਇੱਕ ਦੁਕਾਨ ਵੀ ਚਲਾਉਂਦਾ ਹੈ ਜਿੱਥੇ ਵਿਆਹ ਦਾ ਸਮਾਨ ਵੇਚਿਆ ਜਾਂਦਾ ਹੈ।

ਉਸ ਨੇ ਕਿਹਾ, ਮੈਂ ਪ੍ਰਧਾਨ ਮੰਤਰੀ ਨਾਲ ਆਪਣੀਆਂ ਮੁਲਾਕਾਤਾਂ ਦੀਆਂ ਤਸਵੀਰਾਂ ਆਪਣੀ ਦੁਕਾਨ 'ਤੇ ਲਗਾਈਆਂ ਹੋਈਆਂ ਹਨ। ਗਾਹਕ ਅਕਸਰ ਪੁੱਛਦੇ ਹਨ ਕਿ ਕੀ ਮੈਂ ਸੱਚਮੁੱਚ ਪ੍ਰਧਾਨ ਮੰਤਰੀ ਦੇ ਪੱਗ ਬੰਨ੍ਹੀ ਸੀ ਅਤੇ ਜਦੋਂ ਮੈਂ ਉਨ੍ਹਾਂ ਨੂੰ ਦੱਸਦਾ ਹਾਂ ਕਿ ਮੈਂ ਅਜਿਹਾ ਕੀਤਾ ਸੀ, ਤਾਂ ਉਹ ਹੈਰਾਨੀ ਪ੍ਰਗਟ ਕਰਦੇ ਹਨ।

# ਹਾਈਕੋਰਟ ਵੱਲੋਂ ਚੰਡੀਗੜ੍ਹ ਨੇੜਲੇ 16 ਪਿੰਡਾਂ 'ਚ ਉਸਾਰੀ 'ਤੇ ਰੋਕ

ਚੰਡੀਗੜ੍ਹ, 28 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਚੰਡੀਗੜ੍ਹ ਨੇੜੇ ਵਾਤਾਵਰਨ ਪੱਖੋਂ ਸੰਵੇਦਨਸ਼ੀਲ ਸ਼ਿਵਾਲਿਕ ਦੀਆਂ ਪਹਾੜੀਆਂ ਨੇੜਲੀ ਜੰਗਲਾਤ ਜ਼ਮੀਨ ਦੀ ਪਛਾਣ ਕਰਨ ਬਾਰੇ ਸੁਪਰੀਮ ਕੋਰਟ ਦੇ 2014 ਦੇ ਨਿਰਦੇਸ਼ਾਂ ਦੀ ਪਾਲਣਾ ਕਰਨ ਵਿੱਚ ਸੂਬੇ ਦੀ ਨਾਕਾਮੀ 'ਤੇ ਚਿੰਤਾ ਜ਼ਾਹਰ ਕਰਦਿਆਂ 16 ਪਿੰਡਾਂ 'ਚ ਸਾਰੇ ਉਸਾਰੀ ਅਤੇ ਵਿਕਾਸ ਕੰਮਾਂ 'ਤੇ ਰੋਕ ਲਾ ਦਿੱਤੀ ਹੈ ਅਤੇ ਉੱਥੇ ਜ਼ਮੀਨ ਦੇ ਕਿਸੇ ਵੀ ਅੱਗੇ ਤਬਾਦਲੇ ਜਾਂ ਵੇਚਣ 'ਤੇ ਵੀ ਪਾਬੰਦੀ ਲਾ ਦਿੱਤੀ ਹੈ। ਬੈਂਚ ਨੇ ਇਹ ਵੀ ਨਿਰਦੇਸ਼ ਦਿੱਤਾ ਕਿ ਛੇ ਹਫ਼ਤਿਆਂ ਲਈ ਜਾਂ ਇਹ ਪ੍ਰਕਿਰਿਆ ਪੂਰੀ ਹੋਣ ਤੱਕ ਕੋਈ ਵੀ ਨਵਾਂ ਇੰਤਕਾਲ ਦਰਜ ਨਹੀਂ ਕੀਤਾ ਜਾਵੇਗਾ ਅਤੇ ਪੰਜਾਬ ਦੇ ਮੁੱਖ ਸਕੱਤਰ ਨੂੰ ਟੀਮ ਗਠਿਤ ਕਰਨ ਦਾ ਹੁਕਮ ਦਿੱਤਾ ਜੋ ਇਹ ਤੈਅ ਕਰੇਗੀ ਕਿ ਫੌਰੈਸਟ (ਕੰਜ਼ਰਵੇਸ਼ਨ) ਐਕਟ, 1980 ਲਾਗੂ ਹੋਣ ਦੀ ਮਿਤੀ ਨੂੰ ਜੰਗਲਾਤ ਜ਼ਮੀਨ ਦਾ ਦਾਇਰਾ ਕਿੰਨਾ ਸੀ।

ਕਾਰਜਕਾਰੀ ਚੀਫ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਅਤੇ ਜਸਟਿਸ ਰੋਹਿਤ ਕਪੂਰ ਦੇ ਬੈਂਚ ਨੇ ਇਹ ਵੀ ਨਿਰਦੇਸ਼ ਦਿੱਤਾ ਕਿ ਪਿੰਡਾਂ ਦਾ ਸਾਰਾ ਮਾਲੀਆ ਰਿਕਾਰਡ ਇਸ ਪ੍ਰਕਿਰਿਆ ਦੀ ਅਗਵਾਈ ਕਰ ਰਹੇ ਦੋ ਸੀਨੀਅਰ ਅਧਿਕਾਰੀਆਂ ਦੀ ਸੁਰੱਖਿਆ ਹੇਠ ਰੱਖਿਆ ਜਾਵੇ ਅਤੇ ਰਿਕਾਰਡ ਦੀਆਂ ਫੋਟੋ ਕਾਪੀਆਂ ਹਫ਼ਤੇ ਅੰਦਰ ਹਾਈ ਕੋਰਟ ਦੇ ਰਜਿਸਟਰਾਰ ਜਨਰਲ ਕੋਲ ਜਮ੍ਹਾਂ ਕਰਵਾਈਆਂ ਜਾਣ। ਮੁਹਾਲੀ ਦੇ ਡਿਪਟੀ ਕਮਿਸ਼ਨਰ ਨੂੰ ਵੀ ਅਗਲੀ ਸੁਣਵਾਈ 'ਤੇ ਰਿਕਾਰਡ ਸਮੇਤ ਨਿੱਜੀ ਤੌਰ 'ਤੇ ਹਾਜ਼ਰ ਰਹਿਣ ਦਾ ਨਿਰਦੇਸ਼ ਦਿੱਤਾ ਗਿਆ ਹੈ। ਅਦਾਲਤ ਨੇ ਚਿਤਾਵਨੀ ਦਿੱਤੀ ਕਿ ਜ਼ਮੀਨ ਦੇ ਤਬਾਦਲੇ 'ਤੇ ਰੋਕ ਲਾਉਣ ਵਾਲੇ ਉਸ ਦੇ ਨਿਰਦੇਸ਼ਾਂ ਦੀ ਉਲੰਘਣਾ ਨੂੰ ਅਦਾਲਤ ਦੀ ਹੱਤਕ ਮੰਨਿਆ ਜਾਵੇਗਾ। ਇਸ ਮਾਮਲੇ ਵਿੱਚ ਬੈਂਚ ਦੀ ਮਦਦ ਸੀਨੀਅਰ ਵਕੀਲ ਆਨੰਦ ਛਿੱਬੜ ਅਤੇ ਡੀ ਐੱਸ ਪਟਵਾਲੀਆ ਸਮੇਤ ਹੋਰ ਵਕੀਲਾਂ ਗੌਰਵਜੀਤ ਐੱਸ ਪਟਵਾਲੀਆ ਅਤੇ ਮੁਨੀਸ਼ ਜੌਲੀ ਨੇ ਕੀਤੀ।




# ਪਿੰਡਾਂ ਦਾ ਸਰਵਪੱਖੀ ਵਿਕਾਸ ਕਰਨਾ ਪੰਜਾਬ ਸਰਕਾਰ ਦੀ ਤਰਜੀਹ: ਡਾ. ਰਵਜੋਤ ਸਿੰਘ



ਹੁਸ਼ਿਆਰਪੁਰ, 28 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਅੱਜ ਵਿਧਾਨ ਸਭਾ ਹਲਕਾ ਸ਼ਾਮਚੁਰਾਸੀ ਦੇ ਪਿੰਡ ਕੁਤਬਪੁਰ ਵਿਖੇ ਕਰਵਾਈ ਗਈ 'ਲੋਕ ਮਿਲਣੀ' ਦੌਰਾਨ ਪਿੰਡ ਦੇ ਵਿਕਾਸ ਕਾਰਜਾਂ ਲਈ ਗ੍ਰਾਮ ਪੰਚਾਇਤ ਨੂੰ ਚੈੱਕ ਸੌਂਪਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਉਦੇਸ਼ ਸੂਬੇ ਦੇ ਹਰ ਪਿੰਡ ਨੂੰ ਵਿਕਾਸ ਪੱਖੋਂ ਮਜ਼ਬੂਤ ਬਣਾਉਣਾ ਅਤੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣਾ ਹੈ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਵਿਕਾਸ ਲਈ ਦਿੱਤੀ ਜਾ ਰਹੀ ਗ੍ਰਾਂਟ ਨਾਲ ਪਿੰਡ ਵਿੱਚ ਲੋੜੀਂਦੇ ਵਿਕਾਸ ਕਾਰਜ ਹੋਣਗੇ, ਜਿਸ ਨਾਲ ਪਿੰਡ ਵਾਸੀਆਂ ਨੂੰ ਸਿੱਧਾ ਲਾਭ ਮਿਲੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਵਿੱਚ ਸੜਕਾਂ, ਗਲੀਆਂ-ਨਾਲੀਆਂ, ਪੀਣ ਵਾਲੇ ਸਾਫ਼ ਪਾਣੀ, ਸੀਵਰੇਜ, ਖੇਡ ਮੈਦਾਨਾਂ, ਕਮਿਊਨਿਟੀ ਕੇਂਦਰਾਂ ਅਤੇ ਹੋਰ ਬੁਨਿਆਦੀ ਸਹੂਲਤਾਂ ਦੇ ਵਿਕਾਸ ਲਈ ਲਗਾਤਾਰ ਫੰਡ ਜਾਰੀ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮਕਸਦ ਸਿਰਫ਼ ਐਲਾਨ ਕਰਨਾ ਨਹੀਂ, ਸਗੋਂ ਹਰ ਯੋਜਨਾ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨਾ ਹੈ।

ਕੈਬਨਿਟ ਮੰਤਰੀ ਨੇ ਪਿੰਡ ਵਾਸੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੀਆਂ ਸਮੱਸਿਆਵਾਂ ਅਤੇ ਮੰਗਾਂ ਵੀ ਸੁਣੀਆਂ ਅਤੇ ਸਬੰਧਤ ਅਧਿਕਾਰੀਆਂ ਨੂੰ ਮੰਗਾਂ ਦਾ ਜਲਦੀ ਨਿਪਟਾਰਾ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਲੋਕਾਂ ਦੀ ਸੇਵਾ ਅਤੇ ਵਿਕਾਸ ਹੀ ਸਰਕਾਰ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ ਅਤੇ ਇਸ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਡਾ. ਰਵਜੋਤ ਸਿੰਘ ਨੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਵਿਕਾਸ ਕਾਰਜਾਂ ਵਿੱਚ ਪੰਚਾਇਤ ਦਾ ਪੂਰਾ ਸਹਿਯੋਗ ਕਰਨ ਤਾਂ ਜੋ ਸਰਕਾਰੀ ਫੰਡਾਂ ਦੀ ਪਾਰਦਰਸ਼ੀ ਅਤੇ ਪ੍ਰਭਾਵਸ਼ਾਲੀ ਵਰਤੋਂ ਹੋ ਸਕੇ। ਉਨ੍ਹਾਂ ਕਿਹਾ ਕਿ ਸਰਕਾਰ ਲੋਕਾਂ ਦੇ ਭਰੋਸੇ 'ਤੇ ਖਰੀ ਉਤਰਦਿਆਂ ਹਰ ਖੇਤਰ ਵਿੱਚ ਵਿਕਾਸ ਦੀ ਨਵੀਂ ਮਿਸਾਲ ਕਾਇਮ ਕਰ ਰਹੀ ਹੈ। ਇਸ ਮੌਕੇ ਸਰਪੰਚ ਗੁਰਦਿਆਲ ਸਿੰਘ, ਨਰੇਸ਼ ਕੌਰ ਪੰਚ, ਕਮਲਜੀਤ ਕੌਰ ਪੰਚ, ਦਿਲਬਾਗ ਸਿੰਘ, ਕੇਹਰ ਸਿੰਘ, ਨਿਰਮਲ ਸਿੰਘ, ਜਗਦੀਸ਼ ਸਿੰਘ, ਬਹਾਦਰ ਸਿੰਘ,ਬਲਵਿੰਦਰ ਸਿੰਘ, ਗੁਰਮੀਤ ਸਿੰਘ ਵੀ ਹਾਜਰ ਸਨ।

# ਸਰਕਾਰੀ ਆਈ.ਟੀ.ਆਈ. ਲਾਜਪਤ ਨਗਰ (ਇ.) ਵਿਖੇ ਆਰਜ਼ੀ ਤੌਰ 'ਤੇ ਗੈਸਟ ਫੈਕਲਟੀ ਇੰਸਟਰਕਟਰਾਂ ਦੀ ਨਿਯੁਕਤੀ ਲਈ ਅਰਜ਼ੀਆਂ ਦੀ ਮੰਗ

ਜਲੰਧਰ, 28 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਸਥਾਨਕ ਸਰਕਾਰੀ ਉਦਯੋਗਿਕ ਸਿਖ਼ਲਾਈ ਸੰਸਥਾ (ਇ.) ਲਾਜਪਤ ਨਗਰ ਵਿਖੇ ਸੈਸ਼ਨ 2026-27 ਲਈ ਆਰਜ਼ੀ ਤੌਰ 'ਤੇ ਵੱਖ-ਵੱਖ ਟਰੇਡਾਂ ਲਈ ਗੈਸਟ ਫੈਕਲਟੀ ਇੰਸਟਰਕਟਰਾਂ ਦੀ ਨਿਯੁਕਤੀ ਲਈ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ।

ਇਸ ਸਬੰਧੀ ਮੈਂਬਰ ਸਕੱਤਰ ਆਈ.ਐਮ.ਸੀ.ਸਰਕਾਰੀ ਉਦਯੋਗਿਕ ਸਿਖ਼ਲਾਈ ਸੰਸਥਾ (ਇ.) ਲਾਜਪਤ ਨਗਰ ਪ੍ਰਗਟ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਲੈਕਟ੍ਰੀਸ਼ਨ, ਸੀ.ਐਨ.ਸੀ. ਮਸ਼ੀਨਿੰਗ ਟੈਕਨੀਸ਼ੀਅਨ, ਅਡੀਟਿਵ ਮੈਨੂੰਫੈਕਚਰਿੰਗ ਟੈਕਨੀਸ਼ੀਅਨ ਥ੍ਰੀ ਡੀ ਪ੍ਰਿੰਟਿੰਗ, ਡਿਜੀਟਲ ਫੋਟੋਗ੍ਰਾਫਰ, ਮਲਟੀਮੀਡੀਆ ਐਨੀਮੇਸ਼ਨ ਤੇ ਸਪੈਸ਼ਲ ਇਫੈਕਟਸ, ਸਟੈਨੋਗ੍ਰਾਫਰ ਸੈਕਰੇਟ੍ਰੀਅਲ ਅਸਿਸਟੈਂਟ (ਅੰਗਰੇਜ਼ੀ), ਕੰਪਿਊਟਰ ਆਪ੍ਰੇਟਰ ਤੇ ਪ੍ਰੋਗਰਾਮਿੰਗ ਅਸਿਸਟੈਂਟ-ਵਿਜ਼ੀਊਲੀ ਇੰਪੇਅਰਡ, ਕੋਸਮੋਟੋਲੋਜੀ, ਕੰਪਿਊਟਰ ਏਡਿਡ ਇੰਬਰਾਇਡਰੀ ਤੇ ਡਿਜ਼ਾਈਨਿੰਗ, ਡਰੈੱਸ ਮੇਕਿੰਗ ਅਤੇ ਫੈਸ਼ਨ ਡਿਜ਼ਾਈਨ ਤੇ ਟੈਕਨਾਲੋਜੀ ਟਰੇਡਾਂ ਲਈ ਗੈਸਟ ਫੈਕਲਟੀ ਨਿਯੁਕਤ ਕੀਤੇ ਜਾਣੇ ਹਨ। ਉਨ੍ਹਾਂ ਦੱਸਿਆ ਕਿ ਹਰੇਕ ਟਰੇਡ ਲਈ ਗੈਸਟ ਫੈਕਲਟੀ ਦੀ ਇਕ-ਇਕ ਅਸਾਮੀ ਲਈ ਉਮੀਦਵਾਰਾਂ ਪਾਸੋਂ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਚੁਣੇ ਗਏ ਉਮੀਦਵਾਰ ਨੂੰ ਉੱਕਾ ਪੁੱਕਾ 15000 ਰੁਪਏ ਪ੍ਰਤੀ ਮਹੀਨਾ ਮਾਣ-ਭੇਟਾਂ ਦਿੱਤਾ ਜਾਵੇਗਾ। ਯੋਗਤਾ ਅਤੇ ਤਜ਼ੁਰਬੇ ਸਬੰਧੀ ਜਾਣਕਾਰੀ ਵੈਬ-ਸਾਈਟ https//dgt.gov.in/cts_details ਤੋਂ ਹਾਸਲ ਕੀਤੀ ਜਾ ਸਕਦੀ ਹੈ। ਉਮੀਦਵਾਰਾਂ ਦੀ ਇੰਟਰਵਿਊ 27.07.26 ਨੂੰ ਸਵੇਰੇ 11 ਵਜੇ ਜ਼ਿਲ੍ਹਾ ਰੋਜ਼ਗਾਰ ਦਫ਼ਤਰ, ਡੀ.ਸੀ. ਕੰਪਲੈਕਸ, ਜਲੰਧਰ ਵਿਖੇ ਹੋਵੇਗੀ। ਉਮੀਦਵਾਰ ਲਈ ਆਪਣੀ ਵਿੱਦਿਅਕ ਯੋਗਤਾ ਅਤੇ ਤਜ਼ਰਬੇ ਦੇ ਅਸਲ ਸਰਟੀਫਿਕੇਟ ਸਮੇਤ ਤਸਦੀਕਸ਼ੁਦਾ ਕਾਪੀਆਂ ਪੇਸ਼ ਕਰਨਾ ਲਾਜ਼ਮੀ ਹੋਵੇਗਾ।

ਉਪਰੋਕਤ ਵਿੱਚ ਤਬਦੀਲੀ ਦਾ ਅਧਿਕਾਰ ਕੇਵਲ ਚੇਅਰਮੈਨ ਸਰਕਾਰੀ ਉਦਯੋਗਿਕ ਸਿਖ਼ਲਾਈ ਸੰਸਥਾ(ਇ.) ਲਾਜਪਤ ਨਗਰ, ਜਲੰਧਰ ਕੋਲ ਹੋਵੇਗਾ। ਵਧੇਰੇ ਜਾਣਕਾਰੀ ਲਈ 9464385050 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਦੁੱਧ ਦਹੀਂ ਦੀ ਜ਼ਿਆਦਾ ਵਰਤੋਂ ਖ਼ਤਰਨਾਕ

ਭਾਰ ਘੱਟ ਕਰਨ ਲਈ ਸਮੇਂ-ਸਮੇਂ ਸਿਰ ਡੇਅਰੀ ਪਦਾਰਥਾਂ ਸਬੰਧੀ ਕੀਤੀਆਂ ਗਈਆਂ ਖੋਜਾਂ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਡੇਅਰੀ ਪ੍ਰੋਡਕਟਸ ਜਿਵੇਂ ਚੀਜ਼, ਪਨੀਰ ਖਾਣ ਨਾਲ ਜ਼ਿਆਦਾ ਭਾਰ ਵਧਦਾ ਹੈ। ਇਹ ਸਭ ਖਾਣਾ ਬੰਦ ਕਰਨ ਨਾਲ ਭਾਰ ਘਟਾਉਣ 'ਚ ਮਦਦ ਮਿਲਦੀ ਹੈ।

**ਊਰਜਾ** : ਡੇਅਰੀ ਪ੍ਰੋਡਕਟਸ ਵਿਚ ਟ੍ਰਿਪਟੋਫੇਨ ਹੁੰਦਾ ਹੈ ਜਿਸ ਨਾਲ ਥਕਾਵਟ ਮਹਿਸੂਸ ਹੁੰਦੀ ਹੈ। ਇਹ ਖਾਣਾ ਬੰਦ ਕਰਨ ਨਾਲ ਸਰੀਰ ਦਾ ਐਨਰਜੀ ਲੈਵਲ ਬਣਿਆ ਰਹਿੰਦਾ ਹੈ।

### ਹਾਜ਼ਮਾ

*ਦੁੱਧ ਵਿਚ ਕੁਦਰਤੀ ਸ਼ੂਗਰ ਅਤੇ ਲੈਕਟੋਸ ਹੁੰਦਾ ਹੈ, ਜੋ ਹਾਜ਼ਮਾ ਪ੍ਰਣਾਲੀ ਨੂੰ ਮੱਠਾ ਕਰਦਾ ਹੈ। ਡੇਅਰੀ ਪਦਾਰਥਾਂ ਪ੍ਰਤੀ ਸੰਵੇਦਨਸ਼ੀਲ ਹੋਣ ਦੀ ਹਾਲਤ ਵਿਚ ਇਨ੍ਹਾਂ ਤੋਂ ਪਰਹੇਜ਼ ਕਰਨ ਨਾਲ ਕਬਜ਼, ਗੈਸ ਅਤੇ ਪੇਟ ਦਰਦ ਵਰਗੀਆਂ ਸਮੱਸਿਆਵਾਂ ਦੂਰ ਹੋ ਜਾਂਦੀਆਂ ਹਨ।*

**ਚਮਕਦਾਰ ਚਮੜੀ** : ਡੇਅਰੀ ਪ੍ਰੋਡਕਟਸ ਦੀ ਜ਼ਿਆਦਾ ਵਰਤੋਂ ਨਾਲ ਮੁਹਾਂਸੇ ਤੇ ਐਕਜ਼ਿਮਾ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ।

**ਦੁੱਧ ਤੋਂ ਐਲਰਜੀ** : ਦੁੱਧ ਤੋਂ ਐਲਰਜੀ ਹੋਣ 'ਤੇ ਉਲਟੀਆਂ ਅਤੇ ਪੇਟ ਦੀਆਂ ਕਈ ਬਿਮਾਰੀਆਂ ਹੋ ਸਕਦੀਆਂ ਹਨ। ਅਜਿਹੀ ਹਾਲਤ ਵਿਚ ਡੇਅਰੀ ਪ੍ਰੋਡਕਟਸ ਦੀ ਵਰਤੋਂ ਬੰਦ ਕਰ ਦੇਣੀ ਚਾਹੀਦੀ ਹੈ।

**ਅਸਥਮਾ** : ਇਨ੍ਹਾਂ ਡੇਅਰੀ ਪਦਾਰਥਾਂ ਨਾਲ ਕੁਝ ਲੋਕਾਂ ਵਿਚ ਕਫ ਦੀ ਸਮੱਸਿਆ ਹੋ ਜਾਂਦੀ ਹੈ। ਸਾਹ ਦੀ ਤਕਲੀਫ਼ ਹੋਣ 'ਤੇ ਅਸਥਮਾ ਵੀ ਹੋ ਸਕਦਾ ਹੈ। ਸਾਹ ਦੀ ਸਮੱਸਿਆ ਹੋਣ 'ਤੇ ਡੇਅਰੀ ਪਦਾਰਥਾਂ ਤੋਂ ਪਰਹੇਜ਼ ਬਿਹਤਰ ਹੈ।

# ਨੀਂਦ ਨਾ ਆਉਣੀ ਗੰਭੀਰ ਸਮੱਸਿਆ

ਡਾ. ਫ਼ਕੀਰ ਚੰਦ ਸ਼ੁਕਲਾ

**ਤੰਦਰੁਸਤ ਤੇ ਆਰਾਮ ਦੀ ਜ਼ਿੰਦਗੀ ਜਿਊਣ ਲਈ ਸਰੀਰ ਸਬੰਧੀ ਛੋਟੀਆਂ-ਛੋਟੀਆਂ ਪਰੇਸ਼ਾਨੀਆਂ ਨੂੰ ਅਣਗੌਲਿਆ ਨਹੀਂ ਕਰਨਾ ਚਾਹੀਦਾ...**





ਕਿਸੇ ਵੀ ਵਿਅਕਤੀ ਲਈ ਗੂੜ੍ਹੀ ਨੀਂਦ ਦਾ ਆਉਣਾ ਕਿਸੇ ਵਰਦਾਨ ਤੋਂ ਘੱਟ ਨਹੀਂ। ਜੇ ਰਾਤ ਨੂੰ ਕਿਸੇ ਕਾਰਨ ਨੀਂਦ ਟੁੱਟ ਜਾਵੇ ਤੇ ਮੁੜ ਨਾ ਆਵੇ ਜਾਂ ਕਿਸੇ ਕਾਰਨ ਰਾਤੀਂ ਜਾਗਣਾ ਪੈ ਜਾਵੇ ਤਾਂ ਅਗਲੇ ਦਿਨ ਬੰਦੇ 'ਚ ਜਿਵੇਂ ਸਾਹ ਸੱਤ ਹੀ ਨਹੀਂ ਰਹਿੰਦਾ। ਉਸ ਨੂੰ ਉਬਾਸੀਆਂ ਆਈ ਜਾਣਗੀਆਂ ਅਤੇ ਸਰੀਰ ਟੁੱਟੀ ਭੱਜੀ ਜਾਵੇਗਾ ਅਤੇ ਕੋਈ ਵੀ ਕੰਮ ਕਰਨ ਲਈ ਉਸ ਦਾ ਚਿੱਤ ਨਹੀਂ ਕਰਦਾ। ਇਸ ਲਈ ਸਰੀਰ ਨੂੰ ਤੰਦਰੁਸਤ ਰੱਖਣ ਲਈ ਗੂੜ੍ਹੀ ਨੀਂਦ ਆਉਣੀ ਬਹੁਤ ਜ਼ਰੂਰੀ ਹੈ।

### ਕਿੰਨੀ ਕੁ ਦੇਰ ਸੌਣਾ ਸਿਹਤ ਲਈ ਲਾਭਕਾਰੀ

ਇਥੇ ਮੈ ਇਕ ਗੱਲ ਸਪਸ਼ਟ ਕਰ ਦੇਵਾਂ ਕਿ ਗੂੜ੍ਹੀ ਨੀਂਦ ਆਉਣ ਦਾ ਜ਼ਿਆਦਾ ਦੇਰ ਤਕ ਸੁੱਤੇ ਰਹਿਣ ਨਾਲ ਕੋਈ ਸਬੰਧ ਨਹੀਂ ਹੈ। ਇਹ ਤਾਂ ਬੰਦੇ ਦੇ ਆਪਣੇ ਸੁਭਾ ਅਤੇ ਸਰੀਰਕ ਬਣਤਰ 'ਤੇ ਨਿਰਭਰ ਕਰਦਾ ਹੈ। ਜੇ ਕਿਸੇ ਨੂੰ ਰਾਤੀਂ ਦੇਰ ਨਾਲ ਸੌਣ ਦੇ ਬਾਵਜੂਦ ਵੀ ਅਗਲੇ ਦਿਨ ਬੇਅਰਾਮੀ ਅਤੇ ਉਨੀਂਦਾਪਨ ਮਹਿਸੂਸ ਨਹੀਂ ਹੁੰਦਾ ਤਾਂ ਇਹ ਸਪਸ਼ਟ ਹੈ ਕਿ ਉਸ ਦੀ ਨੀਂਦ ਦੀ ਲੋੜ ਪੂਰੀ ਹੋ ਰਹੀ ਹੈ। ਉਂਜ ਵਿਗਿਆਨੀਆਂ ਦਾ ਮੱਤ ਹੈ ਕਿ ਬੱਚਿਆਂ ਨੂੰ ਨੀਂਦ ਦੀ ਜ਼ਿਆਦਾ ਲੋੜ ਹੁੰਦੀ ਹੈ। ਨਿੱਕੇ ਬੱਚਿਆਂ ਨੂੰ 15-16 ਘੰਟੇ ਜ਼ਰੂਰ ਸੌਣਾ ਚਾਹੀਦਾ ਹੈ। ਵੱਡੇ ਬੱਚਿਆਂ ਨੂੰ 9 ਤੋਂ 10 ਘੰਟੇ ਅਤੇ ਬਾਲਗ ਹੋਣ 'ਤੇ 6 ਤੋਂ 8 ਘੰਟੇ ਨੀਂਦ ਦੀ ਲੋੜ ਹੁੰਦੀ ਹੈ। ਬਜ਼ੁਰਗ ਬੰਦੇ (60 ਸਾਲ ਤੋਂ ਜ਼ਿਆਦਾ ਉਮਰ ਵਾਲੇ) ਘੱਟ ਸੌਂਦੇ ਹਨ ਪਰ ਜੇ ਉਹ ਰਾਤ ਨੂੰ ਜ਼ਿਆਦਾ ਨਹੀਂ ਸੌਂਦੇ ਤਾਂ ਦਿਨ ਵਿਚ ਝਪਕੀ ਲਾ ਕੇ ਆਪਣੀ ਨੀਂਦ ਪੂਰੀ ਕਰ ਲੈਂਦੇ ਹਨ ਪਰ ਫੇਰ ਵੀ ਇਹ ਜ਼ਰੂਰੀ ਨਹੀਂ ਕਿ ਹਰ ਵਿਅਕਤੀ ਨੂੰ ਐਨੇ ਘੰਟੇ ਜ਼ਰੂਰ ਸੌਣਾ ਚਾਹੀਦਾ ਹੈ। ਹਰ ਵਿਅਕਤੀ ਦੇ ਸਰੀਰ ਦਾ ਆਪਣਾ- ਆਪਣਾ ਹਿਸਾਬ ਕਿਤਾਬ ਹੁੰਦਾ ਹੈ। ਕਈ ਵਿਅਕਤੀ 5-6 ਘੰਟੇ ਸੌਂ ਕੇ ਵੀ ਚੁਸਤ-ਦਰੁਸਤ ਰਹਿੰਦੇ ਹਨ ਅਤੇ ਕਈਆਂ ਦੀ 100 ਘੰਟੇ ਸੌਂ ਕੇ ਵੀ ਜਿਵੇਂ ਤਸੱਲੀ ਨਹੀਂ ਹੁੰਦੀ ਪਰ ਇਕ ਗੱਲ ਤਾਂ ਜ਼ਰੂਰ ਹੈ ਕਿ ਭਾਵੇਂ ਕੋਈ ਜਿੰਨੇ ਮਰਜ਼ੀ ਘੰਟੇ ਸੌਵੇ,ਉਸ ਨੂੰ ਗੂੜ੍ਹੀ ਨੀਂਦ ਜ਼ਰੂਰ ਆਉਣੀ ਚਾਹੀਦੀ ਹੈ।

### ਉਨੀਂਦਰੇ ਦੀਆਂ ਕਿਸਮਾਂ

- ਕਈ ਵਾਰੀ ਬਹੁਤੀ ਖ਼ੁਸ਼ੀ ਕਰ ਕੇ ਜਾਂ ਅਚਾਨਕ ਆਈ ਪਰੇਸ਼ਾਨੀ ਕਰ ਕੇ ਕਿਸੇ ਵੀ ਵਿਅਕਤੀ ਨੂੰ ਠੀਕ ਤਰ੍ਹਾਂ ਨੀਂਦ ਨਹੀਂ ਆਉਂਦੀ ਪਰ ਇਹ ਅਨੀਂਦਰਾਪਨ ਦੋ-ਤਿੰਨ ਦਿਨਾਂ ਮਗਰੋਂ ਖ਼ੁਦ-ਬ-ਖ਼ੁਦ ਠੀਕ ਹੋ ਜਾਂਦਾ ਹੈ।
- ਦੂਜੀ ਅਵਸਥਾ ਵਿਚ ਅਨੀਂਦਰਾ ਦਾ ਰੋਗ 10-15 ਦਿਨਾਂ ਤਕ ਵੀ ਰਹਿ ਸਕਦਾ ਹੈ। ਇਹ ਅਵਸਥਾ ਮਾਨਸਿਕ ਪਰੇਸ਼ਾਨੀ ਜਿਵੇਂ ਕਿ ਕਿਸੇ ਨਜ਼ਦੀਕੀ ਰਿਸ਼ਤੇਦਾਰੀ ਦੀ ਮ੍ਰਿਤੂ,ਅਚਾਨਕ ਕਾਰੋਬਾਰ ਵਿਚ ਘਾਟਾ ਪੈ ਜਾਣ ਕਰਕੇ ਵਿਅਕਤੀ ਦੀ ਨੀਂਦਰ ਵਿਚ ਵਿਘਨ ਪੈ ਜਾਂਦਾ ਹੈ ਅਤੇ ਉਹ ਅਨੀਂਦਰੇਪਨ ਦਾ ਸ਼ਿਕਾਰ ਹੋ ਜਾਂਦੇ ਹਨ। ਇਹ ਬਹੁਤ ਗੰਭੀਰ ਰੋਗ ਹੈ ਅਤੇ ਬੰਦੇ ਨੂੰ ਮੱਲੋ ਧੱਕੀ ਘੁੰਮਣ ਘੇਰੀਆਂ ਵਿਚ ਪਾ ਦੇਂਦਾ ਹੈ।
- ਸਿਹਤ ਤੋਂ ਇਲਾਵਾ ਉਸ ਦੇ ਰੋਜ਼ਾਨਾ ਕੰਮ-ਕਾਜ 'ਤੇ ਵੀ ਮਾੜਾ ਅਸਰ ਪੈਂਦਾ ਹੈ। ਸਾਡੇ ਦੇਸ਼ ਵਿਚ ਲਗਪਗ 15 ਫ਼ੀਸਦੀ ਲੋਕ ਇਸ ਬਿਮਾਰੀ ਦੇ ਸ਼ਿਕਾਰ ਹਨ। ਇਸ ਲਈ ਉਚਿੱਤ ਇਲਾਜ ਜ਼ਰੂਰੀ ਹੋ ਜਾਂਦਾ ਹੈ।

### ਕਾਰਨ

ਨੀਂਦ ਨਾ ਆਉਣ ਦੇ ਕਈ ਕਾਰਨ ਹੋ ਸਕਦੇ ਹਨ ਪਰ ਇਨ੍ਹਾਂ 'ਚੋਂ ਕੁਝ ਵਿਸ਼ੇਸ ਕਾਰਨ ਇਸ ਤਰ੍ਹਾਂ ਹਨ।

ਸਭ ਤੋਂ ਪਹਿਲਾ ਕਾਰਨ ਹੈ ਬੰਦੇ ਨੂੰ ਬੇਵਜ੍ਹਾ ਉਦਾਸੀ ਅਤੇ ਪਰੇਸ਼ਾਨੀ। ਉਦਾਸੀ ਕਰ ਕੇ ਤਾਂ ਬੰਦੇ ਦੀ ਨੀਂਦ ਉਂਜ ਹੀ ਉੜ ਜਾਂਦੀ ਹੈ। ਅਨੀਂਦਰੇਪਨ ਦਾ ਰੋਗ ਸਹੇੜਣ ਵਿਚ ਬੰਦੇ ਦਾ ਆਪਣਾ ਸੁਭਾ ਵੀ ਮਹਤੱਵੂਰਨ ਯੋਗਦਾਨ ਪਾਉਂਦਾ ਹੈ। ਕਈ ਵਿਅਕਤੀ ਬਹੁਤ ਸੰਵੇਦਨਸ਼ੀਲ ਭਾਵ ਭਾਵੁਕ ਸੁਭਾਓ ਦੇ ਹੁੰਦੇ ਹਨ ਤੇ ਅਜਿਹੇ ਵਿਅਕਤੀ ਨੂੰ ਕਿਸੇ ਨੇ ਕੁਝ ਮਾੜਾ ਆਖ ਦਿੱਤਾ ਜਾਂ ਉਨ੍ਹਾਂ ਦਾ ਕੋਈ ਕੰਮ ਉਨ੍ਹਾਂ ਦੀ ਉਮੀਦ ਮੁਤਾਬਕ ਨਾ ਹੋਇਆ ਤਾਂ ਉਹ ਬੇਵਜ੍ਹਾ ਸੋਚੀਂ ਜਾਣਗੇ, ਕੁੜ੍ਹੀ ਜਾਣਗੇ ਅਤੇ ਇਸ ਤਰ੍ਹਾਂ ਆਪਣੇ ਲਈ ਤਣਾਅਪੂਰਨ ਸਥਿਤੀ ਬਣਾ ਲੈਣਗੇ। ਇਸ ਤਰ੍ਹਾਂ ਬੇਲੋੜੇ ਤਣਾਅ ਕਰ ਕੇ ਉਹ ਨੀਂਦਰ ਨਾ ਆਉਣ ਦੀ ਬਿਮਾਰੀ ਦੇ ਸ਼ਿਕਾਰ ਹੋ ਜਾਂਦੇ ਹਨ। ਚਾਹ,ਕੌਫੀ,ਚੌਕਲੇਟ,ਕੋਲਡ ਡਰਿੰਕਸ ਆਦਿ ਵਿਚ ਉਚੇਰੀ ਮਾਤਰਾ ਵਿਚ ਕੈਫੀਨ ਹੁੰਦੀ ਹੈ। ਕੈਫੀਨ ਬਾਰੇ ਤਾਂ ਸਾਰੇ ਜਾਣਦੇ ਹਾਂ ਕਿ ਇਸ ਦੀ ਵਰਤੋਂ ਨਾਲ ਨੀਂਦਰ ਆਉਣੀ ਘੱਟ ਜਾਂਦੀ ਹੈ। ਇਸ ਲਈ ਇਨ੍ਹਾਂ ਪਦਾਰਥਾਂ ਦੀ ਜ਼ਿਆਦਾ ਵਰਤੋਂ ਨਾਲ ਨੀਂਦ ਨਾ ਆਉਣ ਦੀ ਸ਼ਿਕਾਇਤ ਹੋ ਸਕਦੀ ਹੈ।

ਸ਼ਰਾਬ ਪੀਣ ਨਾਲ ਵੀ ਨੀਂਦ ਨਾ ਆਉਣ ਦੀ ਸ਼ਿਕਾਇਤ ਹੋ ਜਾਂਦੀ ਹੈ। ਕੁਝ ਲੋਕਾਂ ਦਾ ਵਿਚਾਰ ਹੈ ਕਿ ਸ਼ਰਾਬ ਪੀਣ ਨਾਲ ਗੂੜ੍ਹੀ ਨੀਂਦ ਆਉਂਦੀ ਹੈ ਪਰ ਉਨ੍ਹਾਂ ਦੀ ਇਹ ਧਾਰਣਾ ਸਹੀ ਨਹੀਂ। ਇਸ ਵਿਚ ਕੋਈ ਸੰਦੇਹ ਨਹੀਂ ਕਿ ਸ਼ਰਾਬ ਪੀਣ ਮਗਰੋਂ ਇਕ ਵਾਰੀ ਤਾਂ ਬੜੀ ਜ਼ੋਰ ਦੀ ਨੀਂਦ ਆਉਂਦੀ ਹੈ ਪਰ ਜਿਵੇਂ ਹੀ ਮਨੁੱਖੀ ਸਰੀਰ ਅਲਕੋਹਲ (ਸ਼ਰਾਬ) ਨੂੰ ਪਚਾ ਲੈਂਦਾ ਹੈ ਤਾਂ ਉਸ ਦੀ ਅੱਖ ਖੁੱਲ੍ਹ ਜਾਂਦੀ ਹੈ ਅਤੇ ਫੇਰ ਛੇਤੀ ਨੀਂਦ ਨ੍ਹਹੀਂ ਆਉਂਦੀ ਅਤੇ ਬੰਦਾ ਇਧਰ-ਉਧਰ ਪਾਸੇ ਮਾਰਦਾ ਰਹਿ ਜਾਂਦਾ ਹੈ।

ਕਈ ਲੋਕੀ ਇਹ ਸਮਝਦੇ ਹਨ ਕਿ ਰਾਤੀਂ ਸੌਣ ਤੋਂ ਪਹਿਲਾਂ ਰੱਜ ਕੇ ਰੋਟੀ ਖਾਣ ਨਾਲ ਦੱਬਲ ਕੇ ਨੀਂਦ ਆਉਂਦੀ ਹੈ ਪਰ ਅਸਲ ਵਿਚ ਅਜਿਹਾ ਨਹੀਂ ਹੁੰਦਾ। ਜ਼ਿਆਦਾ ਮਿਰਚ ਮਸਾਲਿਆਂ ਅਤੇ ਘਿਓ ਵਾਲੀ ਖ਼ੁਰਾਕ ਦੀ ਵਰਤੋਂ ਨਾਲ ਭੋਜਨ ਚੰਗੀ ਤਰ੍ਹਾਂ ਹਜ਼ਮ ਨਹੀਂ ਹੁੰਦਾ। ਪੇਟ ਵਿਚ ਗੈਸ ਬਨਣ ਨਾਲ ਅਫਰੇਵਾਂ ਹੋ ਜਾਂਦਾ ਹੈ ਤੇ ਇਹੋ ਜਿਹੀ ਸਥਿਤੀ ਵਿਚ ਨੀਂਦ ਕਿਵੇਂ ਆ ਸਕਦੀ ਹੈ। ਇਨ੍ਹਾਂ ਤੋਂ ਇਲਾਵਾ ਬਾਹਰਲੀਆਂ ਚੀਜ਼ਾਂ ਖ਼ਾਸ ਕਰ ਕੇ ਚਾਈਨੀਜ਼ ਖਾਣਿਆਂ ਵਿਚ ਐੱਮ.ਐੱਸ.ਜੀ, ਭਾਵ ਮੋਨੋਸੋਡੀਅਮ ਗਲੂਟਾਮੇਟ ਮਿਲਾਇਆ ਹੁੰਦਾ ਹੈ ਜਿਸ ਕਰ ਕੇ ਵੀ ਪੇਟ ਵਿਚ ਗੈਸ ਬਣ ਜਾਂਦੀ ਹੈ ਅਤੇ ਇਸ ਦਾ ਨੀਂਦਰ 'ਤੇ ਮਾੜਾ ਅਸਰ ਪੈਂਦਾ ਹੈ। ਕਈ ਵਾਰੀ ਬੰਦੇ ਨੂੰ ਕਈ ਬਿਮਾਰੀਆਂ ਲੱਗੀਆਂ ਹੁੰਦੀਆਂ ਹਨ। ਇਨ੍ਹਾਂ ਕਰ ਕੇ ਵੀ ਨੀਂਦ ਘੱਟ ਆਉਂਦੀ ਹੈ। ਇਸ ਤੋਂ ਇਲਾਵਾ ਕੁਝ ਰੋਗਾਂ ਦੇ ਇਲਾਜ ਲਈ ਖਾਧੀ ਜਾ ਰਹੀਆਂ ਦਵਾਈਆਂ ਕਰ ਕੇ ਵੀ ਨੀਂਦ ਨਾ ਆਉਣ ਦੀ ਸ਼ਿਕਾਇਤ ਹੋ ਜਾਂਦੀ ਹੈ। ਸਿਗਰਟ ਨੋਸ਼ੀ ਨਾਲ ਵੀ ਨੀਂਦ ਨਾ ਆਉਣ ਦੀ ਸ਼ਿਕਾਇਤ ਹੋ ਸਕਦੀ ਹੈ ਕਿਉਂਕਿ ਤੰਬਾਕੂ ਵਿਚ ਨਿਕੋਟੀਨ ਨਾਂ ਦਾ ਪਦਾਰਥ ਹੁੰਦਾ ਹੈ ਜਿਹੜਾ ਨੀਂਦ ਤੇ ਬੁਰਾ ਪ੍ਰਭਾਵ ਪਾਉਂਦਾ ਹੈ।ਇਸ ਕਰਕੇ ਆਪਣੇ ਖਾਣ-ਪੀਣ 'ਤੇ ਖ਼ਾਸ ਧਿਆਨ ਦੇਣਾ ਚਾਹੀਦਾ ਹੈ।

98153 59222

### ਉਨੀਂਦਰਾ ਕੀ ਹੈ?

*ਨੀਂਦ ਨਾ ਆਉਣੀ ਭਾਵ ਅਨੀਂਦਰਾ ਰਹਿਣ ਦੀ ਬਿਮਾਰੀ ਅੱਜਕੱਲ੍ਹ ਦੇ ਨੱਠ ਭੱਜ ਵਾਲੇ ਮਸ਼ੀਨੀ ਯੁੱਗ ਵਿਚ ਦਿਨ-ਬ-ਦਿਨ ਵਧਦੀ ਜਾ ਰਹੀ ਹੈ। ਬੰਦਾ ਰਾਤ ਭਰ ਪਾਸੇ ਪਲਟਦਾ ਰਹਿੰਦਾ ਹੈ। ਜੇ ਨੀਂਦ ਆਉਂਦੀ ਵੀ ਹੈ ਤਾਂ ਕੁਝ ਚਿਰ ਮਗਰੋਂ ਅੱਖਾਂ ਖੁੱਲ੍ਹ ਜਾਂਦੀਆਂ ਹਨ ਤੇ ਜਾਂ ਤਾਂ ਮੁੜ ਨੀਂਦ ਆਉਂਦੀ ਹੀ ਨਹੀਂ ਤੇ ਜੇ ਆਉਂਦੀ ਵੀ ਹੈ ਤਾਂ ਕਾਫ਼ੀ ਦੇਰ ਮਗਰੋਂ ਅਤੇ ਉਹ ਵੀ ਥੋੜ੍ਹੀ ਦੇਰ ਲਈ।*

### ਉਪਾਅ

- ਰਾਤੀਂ ਸੌਣ ਤੋਂ ਪਹਿਲਾਂ ਗਰਮ ਦੁੱਧ ਪੀਣ ਨਾਲ ਅਤੇ ਗਰਮ ਪਾਣੀ ਨਾਲ ਨਹਾਉਣ ਨਾਲ ਸਰੀਰ ਨੂੰ ਅਰਾਮ ਮਿਲਦਾ ਹੈ ਅਤੇ ਇਸ ਨਾਲ ਠੀਕ ਤਰ੍ਹਾਂ ਨੀਂਦ ਆ ਜਾਂਦੀ ਹੈ।
- ਚਾਹ,ਕੌਫੀ ਅਤੇ ਹੋਰ ਕੈਫੀਨ ਵਾਲੇ ਪਦਾਰਥਾਂ ਦੀ ਵਰਤੋਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਸੌਣ ਤੋਂ ਪਹਿਲਾਂ ਚਾਹ ਜਾਂ ਕੌਫੀ ਤਾਂ ਭੁੱਲ ਕੇ ਵੀ ਨਹੀਂ ਪੀਣੀ ਚਾਹੀਦੀ।
- ਸਿਗਰਟ, ਬੀੜੀ ਅਤੇ ਹੋਰ ਤੰਬਾਕੂ ਵਾਲੇ ਪਦਾਰਥਾਂ ਦੀ ਵਰਤੋਂ ਘੱਟ ਤੋਂ ਘੱਟ ਕਰਨੀ ਚਾਹੀਦੀ ਹੈ।
- ਜਿਥੋਂ ਤਕ ਹੋ ਸਕੇ ਸੌਣ ਅਤੇ ਜਾਗਣ ਦਾ ਸਮਾਂ ਨੀਮਤ ਰੱਖੋ ਅਤੇ ਸਵੇਰੇ ਦੇਰ ਤਕ ਨਹੀਂ ਸੌਣਾ ਚਾਹੀਦਾ।
- ਜੇ ਕੋਈ ਬਿਮਾਰੀ ਨਾ ਹੋਵੇ ਅਤੇ ਵਿਅਕਤੀ ਬੁੱਢਾ ਵੀ ਨਾ ਹੋਵੇ ਤਾਂ ਜਿਥੋਂ ਤਕ ਸੰਭਵ ਹੋਵੇ ਦਿਨ ਵਿਚ ਸੌਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।
- ਨੀਂਦ ਲਿਆਉਣ ਲਈ ਗੋਲੀਆਂ ਦੀ ਵਰਤੋਂ ਕਰਨ ਦੀ ਬਜਾਏ ਲੰਮੀ ਸੈਰ ਕਰਨੀ ਚਾਹੀਦੀ ਹੈ ਅਤੇ ਹਲਕੀ ਵਰਜਿਸ ਵੀ ਲਾਭਦਾਇਕ ਹੋ ਸਕਦੀ ਹੈ। ਉਪਰੋਕਤ ਦੱਸੇ ਤਰੀਕੇ ਅਜਮਾਉਣ ਦੇ ਬਾਵਜੂਦ ਵੀ ਜੇ ਫੇਰ ਵੀ ਨੀਂਦ ਨਾ ਆਵੇ ਤਾਂ ਮੰਜੇ 'ਤੇ ਲੰਮੇ ਪੈ ਕੇ ਪਾਸੇ ਨਹੀਂ ਮਾਰਨੇ ਚਾਹੀਦੇ ਸਗੋਂ ਉੱਠ ਕੇ ਥੋੜ੍ਹਾ ਤੁਰਨਾ ਫਿਰਨਾ ਚਾਹੀਦਾ ਹੈ।

### ਹਾਨੀਕਾਰਕ ਹਨ ਨੀਂਦ ਵਾਲੀਆਂ ਗੋਲੀਆਂ

*ਨੀਂਦ ਨਾ ਆਉਣ ਦੀ ਸ਼ਿਕਾਇਤ ਹੋਣ 'ਤੇ ਲੋਕੀ ਆਮ ਤੌਰ 'ਤੇ ਨੀਂਦਰ ਲਿਆਉਣ ਵਾਲੀਆਂ ਗੋਲੀਆਂ ਦੀ ਵਰਤੋਂ ਕਰਨ ਲੱਗ ਜਾਂਦੇ ਹਨ ਜਿਹੜਾ ਕਿ ਚੰਗਾ ਰੁਝਾਨ ਨਹੀਂ ਹੈ। ਇਨ੍ਹਾਂ ਗੋਲੀਆਂ ਦੀ ਵਰਤੋਂ ਕਰਨ ਨਾਲ ਉਹ ਵਿਅਕਤੀ ਹਮੇਸ਼ਾ ਲਈ ਇਨ੍ਹਾਂ ਗੋਲੀਆਂ ਦਾ ਗੁਲਾਮ ਬਣ ਜਾਂਦਾ ਹੈ। ਸੱਚ ਤਾ ਇਹ ਹੈ ਕਿ ਇਨ੍ਹਾਂ ਗੋਲੀਆਂ ਦੀ ਵਰਤੋਂ ਨਾਲ ਬੰਦਾ ਦਿਨ ਵਿਚ ਵੀ ਉਨੀਂਦਾਪਨ ਮਹਿਸੂਸ ਕਰਦਾ ਰਹਿੰਦਾ ਹੈ ਅਤੇ ਜਿੰਨੀਆਂ ਗੋਲੀਆਂ ਦੀ ਵਰਤੋਂ ਕਰੇਗਾ,ਉਨ੍ਹਾ ਹੀ ਮਾੜਾ ਪ੍ਰਭਾਵ ਪਵੇਗਾ। ਇਸ ਲਈ ਗੋਲੀਆਂ ਦੀ ਵਰਤੋਂ ਕਰਨ ਦੀ ਬਜਾਏ ਜ਼ਿਆਦਾ ਕੰਮ ਕਰਨਾ ਚਾਹੀਦਾ ਹੈ। ਲੰਮੀ ਸੈਰ ਕਰਨੀ ਚਾਹੀਦੀ ਹੈ। ਇਸ ਲਈ ਅਨੀਂਦਰੇਪਨ ਤੋਂ ਪੀੜਤ ਲੋਕਾਂ ਨੂੰ ਲੰਮੀ ਸੈਰ ,ਹਲਕੀ ਕਸਰਤ ਅਤੇ ਸਹੀ ਭੋਜਨ ਦੀ ਵਰਤੋਂ ਕਰ ਕੇ ਇਸ ਰੋਗ 'ਤੇ ਕਾਬੂ ਪਾਉਣਾ ਚਾਹੀਦਾ ਹੈ।*

# ਪ੍ਰੋਟੀਨ ਦੀ ਘਾਟ ਨੂੰ ਕਰੋ ਦੂਰ



ਭੱਜਦੌੜ ਦੀ ਜ਼ਿੰਦਗੀ 'ਚ ਕਿਸੇ ਦੇ ਕੋਲ ਇਨ੍ਹਾਂ ਜ਼ਿਆਦਾ ਸਮਾਂ ਨਾ ਹੋਣ ਕਰ ਕੇ ਸਿਹਤ ਦਾ ਖ਼ਾਸ ਖ਼ਿਆਲ ਨਹੀਂ ਰੱਖ ਸਕਦੇ। ਸਰੀਰ ਦਾ ਸਹੀ ਢੰਗ ਨਾਲ ਧਿਆਨ ਨਾ ਰੱਖਣ ਨਾਲ ਅਨੇਕਾਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਹੈਲਥ ਪਰੇਸ਼ਾਨੀਆਂ 'ਚੋਂ ਇਕ ਹੋਰ ਪਰੇਸ਼ਾਨੀ ਜੋ ਆਮ ਤੌਰ 'ਤੇ ਪਾਈ ਗਈ ਹੈ ਕਮਜ਼ੋਰ ਮਾਸ-ਪੇਸ਼ੀਆਂ। ਲਖਨਊ, ਚੇਨਈ, ਅਹਿਮਦਾਬਾਦ ਆਦਿ 'ਤੇ ਰਿਸਰਚ ਕੀਤੀ ਗਈ ਹੈ। ਇਹ ਖੋਜ 30 ਤੋਂ 35 ਸਾਲ ਦੇ 1, 243 ਲੋਕਾਂ 'ਤੇ ਕੀਤੀ ਗਈ ਹੈ। ਇਸ ਖੋਜ ਦੇ ਅਨੁਸਾਰ ਲਗਪਗ 71 ਫ਼ੀਸਦੀ ਲੋਕ ਕਮਜ਼ੋਰ ਮਾਸ-ਪੇਸ਼ੀਆਂ ਦੀ ਸਮੱਸਿਆ ਨਾਲ ਜੂਝ ਰਹੇ ਹਨ। ਇਸ ਸਮੱਸਿਆ ਦੇ ਕਾਰਨ ਹੱਥਾਂ 'ਚ ਦਰਦ, ਥਕਾਵਟ, ਪੈਰਾਂ 'ਚ ਦਰਦ, ਭੁੱਖ ਨਾ ਲਗਣਾ, ਨੀਂਦ ਨਾ ਆਉਣੀ ਆਦਿ ਇਸ ਤਰ੍ਹਾਂ ਦੀਆਂ ਸਮੱਸਿਆਵਾਂ ਤੋਂ ਸ਼ੁਰੂ ਹੋ ਜਾਂਦੀਆਂ ਹਨ। ਪ੍ਰੋਟੀਨ ਸਿਹਤ ਲਈ ਬਹੁਤ ਹੀ ਜ਼ਰੂਰੀ ਤੇ ਲਾਭਕਾਰੀ ਹੈ। ਇਸ ਨਾਲ ਹੱਡੀਆਂ ਮਜ਼ਬੂਤ ਹੁੰਦੀਆਂ ਹਨ। ਸਰੀਰ 'ਚ ਪ੍ਰੋਟੀਨ ਦੀ ਘਾਟ ਨਾਲ ਬਹੁਤ ਸਾਰੀਆਂ ਪੇਰਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦੇ ਲੱਛਣਾਂ ਨੂੰ ਪਛਾਣ ਕੇ ਤੁਸੀਂ ਸਰੀਰ 'ਚ ਹੋ ਰਹੀ ਪ੍ਰੋਟੀਨ ਦੀ ਘਾਟ ਨੂੰ ਜਲਦੀ ਹੀ ਪੂਰਾ ਕਰ ਸਕਦੇ ਹੋ।

### ਆਂਡਾ

ਆਂਡੇ 'ਚ ਵਿਟਾਮਿਨ ਬੀ 1, ਡੀ, ਓਮੈਗਾ-3 ਫੈਟੀ, ਪ੍ਰੋਟੀਨ, ਕੈਲਸ਼ੀਅਮ ਤੇ ਮਿਨਰਲ ਹੁੰਦੇ ਹਨ। ਆਂਡਿਆਂ ਦਾ ਰੋਜ਼ ਸੇਵਨ ਕਰਨ ਨਾਲ ਮਸਲ 'ਚ ਹੋਣ ਵਾਲੀ ਦਰਦ ਤੋਂ ਰਾਹਤ ਪਾਈ ਜਾ ਸਕਦੀ ਹੈ। ਤੁਸੀ ਚਾਹੋ ਤਾਂ ਇਸ ਨੂੰ ਉਬਾਲ ਕੇ ਵੀ ਖਾ ਸਕਦੇ ਹੋ।

### ਲੱਛਣ

#### ਖ਼ੂਨ ਦੀ ਘਾਟ

ਪ੍ਰੋਟੀਨ ਦੀ ਘਾਟ ਹੋਣ 'ਤੇ ਸਰੀਰ 'ਚ ਖ਼ੂਨ ਘੱਟ ਜਾਂਦਾ ਹੈ। ਖ਼ੂਨ 'ਚ ਸਫ਼ੈਦ ਰਤਕ ਕੋਸ਼ਿਕਾਵਾਂ ਦੀ ਸੰਖਿਆ ਘੱਟ ਹੋਣ 'ਤੇ ਰੋਗਾਂ ਨਾਲ ਲੜਨ ਦੀ ਸ਼ਕਤੀ ਘੱਟ ਜਾਂਦੀ ਹੈ। ਇਸ ਤਰ੍ਹਾਂ ਦੇ ਲੱਛਣ ਦਿਖਾਈ ਦੇਣ ਤਾਂ ਸਮਝ ਲੈਣਾ ਕੀ ਸਰੀਰ 'ਚ ਪ੍ਰੋਟੀਨ ਦੀ ਘਾਟ ਹੈ।

#### ਥਕਾਵਟ

ਪ੍ਰੋਟੀਨ ਦੀ ਘਾਟ ਨਾਲ ਸਰੀਰ 'ਚ ਕਮਜ਼ੋਰੀ ਦਿਖਾਈ ਦੇਣ ਲੱਗਦੀ ਹੈ। ਸਹੀ ਮਾਤਰਾ 'ਚ ਪ੍ਰੋਟੀਨ ਨਾ ਲੈਣ ਨਾਲ ਖ਼ੂਨ ਦਾ ਵਹਾਅ ਘੱਟ ਜਾਂਦਾ ਹੈ। ਜਿਸ ਨਾਲ ਸਰੀਰ ਥੱਕਿਆ-ਥੱਕਿਆ ਮਹਿਸੂਸ ਕਰਦਾ ਹੈ।

**ਸਰੀਰ 'ਚ ਮਾਸ-ਪੇਸ਼ੀਆਂ ਤੇ ਖ਼ੂਨ ਦੀ ਘਾਟ ਨੂੰ ਪੂਰਾ ਕਰਨ ਲਈ ਆਂਡੇ ਦਾ ਸੇਵਨ ਕਰਨਾ ਬਹੁਤ ਹੀ ਜ਼ਰੂਰੀ ਹੈ। ਇਸ ਕਰਕੇ ਬਾਹਰਲੇ ਫਾਸਟ-ਫੂਡ ਬਰਗਰ, ਪੀਜ਼ਾ, ਕੋਲਡ ਡਰਿੰਕਸ ਆਦਿ ਦਾ ਪਰਹੇਜ਼ ਕਰਨਾ ਚਾਹੀਦਾ ਹੈ...**

#### ਖ਼ੁਸ਼ਕ ਚਮੜੀ

ਖ਼ੁਸ਼ਕ ਸਕਿੱਲ ਲਈ ਪ੍ਰੋਟੀਨ ਬਹੁਤ ਜ਼ਰੂਰੀ ਹੈ। ਇਸ ਦੀ ਘਾਟ ਹੋ ਜਾਣ 'ਤੇ ਸਕਿੱਨ ਖ਼ੁਸ਼ਕ ਜਿਹੀ ਹੋ ਜਾਂਦੀ ਹੈ, ਵਾਲ਼ ਝੜਨ ਲਗਦੇ ਹਨ ਤੇ ਨੂੰਹ ਵੀ ਕਮਜ਼ੋਰ ਹੋ ਜਾਂਦੇ ਹਨ।

### ਅਖਰੋਟ

ਅਖਰੋਟ 'ਚ ਵੀ ਪ੍ਰੋਟੀਨ ਦੀ ਭਰਪੂਰ ਮਾਤਾ ਪਾਈ ਜਾਂਦੀ ਹੈ। 100 ਗ੍ਰਾਮ ਅਖਰੋਟ 'ਚ 15 ਗ੍ਰਾਮ ਪ੍ਰੋਟੀਨ ਹੁੰਦਾ ਹੈ। ਇਸ ਨੂੰ ਬਰੇਨ ਫੂਡ ਵੀ ਕਿਹਾ ਜਾਂਦਾ ਹੈ। ਅਖਰੋਟ ਖਾਣ ਨਾਲ ਯਾਦਦਾਸ਼ਤ ਵੀ ਤੇਜ਼ ਹੁੰਦੀ ਹੈ ਪਰ ਧਿਆਨ ਰਹੇ ਅਖਰੋਟਾਂ ਦੀ ਤਾਸੀਰ ਬਹੁਤ ਹੀ ਜ਼ਿਆਦਾ ਗਰਮ ਹੁੰਦੀ ਹੈ ਇਸ ਲਈ ਜ਼ਿਆਦਾ ਮਾਤਰਾ 'ਚ ਇਨ੍ਹਾਂ ਦਾ ਸੇਵਨ ਨਾ ਕਰਨਾ ਚਾਹੀਦਾ।

#### ਮਾਸ-ਪੇਸ਼ੀਆਂ 'ਚ ਦਰਦ

ਪ੍ਰੋਟੀਨ ਦਾ ਸੇਵਨ ਘੱਟ ਕਰਨ 'ਤੇ ਮਾਸ-ਪੇਸ਼ੀਆਂ 'ਚ ਦਰਦ ਵੀ ਹੋਣੀ ਸ਼ੁਰੂ ਹੋ ਜਾਂਦੀ ਹੈ। ਇਸ ਨਾਲ ਸਰੀਰ 'ਚ ਲਚਕੀਲਾਪਨ ਘੱਟ ਹੋਣ ਲਗਦਾ ਹੈ ਤੇ ਜੋੜਾਂ 'ਚ ਅੜਕਣ ਦੀ ਸਮੱਸਿਆ ਆ ਜਾਂਦੀ ਹੈ।

## ਘਰੇਲੂ ਨੁਸਖ਼ੇ

ਮੌਸਮ 'ਚ ਥੋੜ੍ਹਾ ਜਿਹਾ ਬਦਲਾਅ ਆਉਣ 'ਤੇ ਛੋਟੇ ਬੱਚਿਆਂ 'ਤੇ ਇਸ ਦਾ ਅਸਰ ਸਭ ਤੋਂ ਜ਼ਿਆਦਾ ਦੇਖਣ ਨੂੰ ਮਿਲਦਾ ਹੈ। ਗਲ਼ਾ ਖਰਾਬ, ਖਾਂਸੀ, ਜ਼ੁਕਾਮ, ਬੁਖਾਰ ਆਦਿ ਸਿਹਤ ਸਬੰਧੀ ਛੋਟੀ-ਛੋਟੀ ਪਰੇਸ਼ਾਨੀਆਂ ਬੱਚਿਆਂ ਨੂੰ ਪਰੇਸ਼ਾਨ ਕਰ ਦਿੰਦੀਆਂ ਹਨ। ਇਨ੍ਹਾਂ ਦੀ ਵਜ੍ਹਾ ਨਾਲ ਬੱਚੇ ਚਿੜਚਿੜੇ ਹੋ ਜਾਂਦੇ ਹਨ। ਜਿਸ ਦੇ ਨਾਲ ਉਨ੍ਹਾਂ 'ਚ ਕਮਜ਼ੋਰੀ ਆਉਣੀ ਸ਼ੁਰੂ ਹੋ ਜਾਂਦੀ ਹੈ। ਬੱਚਿਆਂ ਦੀ ਸਿਹਤ ਨੂੰ ਲੈ ਕੇ ਮਾਂ ਬਾਪ ਹਮੇਸ਼ਾ ਚਿੰਤਾ 'ਚ ਰਹਿੰਦੇ ਹਨ। ਇਸ ਦੇ ਲਈ ਜ਼ਰੂਰੀ ਹੈ ਕਿ ਜੇ ਬੱਚੇ ਦੀ ਸਿਹਤ ਵਿਗੜਣ ਦੇ ਸੰਕੇਤ ਦਿਖਾਈ ਦੇਣ ਤਾਂ ਪਹਿਲਾਂ ਹੀ ਘਰੇਲੂ ਉਪਚਾਰ ਅਪਣਾਣੇ ਸ਼ੁਰੂ ਕਰ ਦਿਉ। ਇਸ ਦੇ ਨਾਲ ਉਨ੍ਹਾਂ ਦੀ ਸਿਹਤ ਵੀ ਵਧੀਆ ਰਹੇਗੀ 'ਤੇ ਦਵਾਈਆਂ ਤੋਂ ਹੋਣ ਵਾਲੇ ਨੁਕਸਾਨ ਤੋਂ ਵੀ ਬਚਾਅ ਰਹੇਗਾ।

### ਭਿੰਡੀ ਦੇ ਬੀਜ

ਭਿੰਡੀ ਦੇ ਬੀਜ ਫਾਇਬਰ ਨਾਲ ਭਰਪੂਰ ਸਿਹਤ ਲਈ ਬਹੁਤ ਗੁਣਕਾਰੀ ਹੈ। ਇਨ੍ਹਾਂ ਬੀਜਾਂ ਨੂੰ ਸੁੱਖਾ ਕੇ ਚੂਰਨ ਬਣਾ ਲਓ। ਇਸ ਤੋਂ ਬਾਅਦ ਛੋਟਾ ਚਮਚ ਬੱਚੇ ਨੂੰ ਖਾਣ ਲਈ ਦੇ ਦਿਓ। ਇਸ ਨਾਲ ਉਸ ਨੂੰ ਤਾਕਤ ਮਿਲੇਗੀ।

### ਅੰਗੂਰਾਂ ਦਾ ਰਸ

ਬੱਚਿਆਂ ਦੀ ਦਿਮਾਗ਼ ਦੀ ਸ਼ਕਤੀ ਨੂੰ ਤੇਜ਼ ਰੱਖਣ ਲਈ ਅੰਗੂਰ ਕਾਫ਼ੀ ਫਾਇਦੇਮੰਦ ਹੈ। ਸਵੇਰ-ਸ਼ਾਮ ਬੱਚਿਆਂ ਨੂੰ ਖਾਣਾ ਖਾਣ ਤੋਂ ਬਾਅਦ ਚਾਰ ਚਮਚ ਅੰਗੂਰ ਦਾ ਰਸ ਪਿਲਾਓ। ਇਸ ਦੇ ਨਾਲ ਉਹ ਪੂਰੇ ਦਿਨ ਚੁਸਤ ਰਹਿਣਗੇ।



### ਭੁੱਨੇ ਚਨੇ

ਆਇਰਨ ਨਾਲ ਭਰਪੂਰ ਚਨੇ ਖਾਣ ਨਾਲ ਬੱਚਿਆਂ 'ਚ ਖ਼ੂਨ ਦੀ ਘਾਟ ਪੂਰੀ ਹੋ ਜਾਂਦੀ ਹੈ।ਇਸ ਦੇ ਨਾਲ ਤਾਕਤ ਤੇ ਊਰਜਾ ਵੀ ਬਣੀ ਰਹਿੰਦੀ ਹੈ। ਸ਼ਹਿਦ ਨਾਲ ਭੁੱਨੇ ਹੋਏ ਚਨੇ ਖਾਣ ਨਾਲ ਫ਼ਾਇਦਾ ਮਿਲੇਗਾ।

# ਰਾਤ ਦੇ ਖਾਣੇ 'ਚ ਨਾ ਕਰੋ ਦੇਰੀ

ਅੱਜ ਅਸੀਂ ਤੁਹਾਨੂੰ ਜਲਦੀ ਖਾਣਾ ਕਰਨ ਦੇ ਕੁੱਝ ਖ਼ਾਸ ਫ਼ਾਇਦੇ ਦਸਾਂਗੇ, ਜਿਸ ਨੂੰ ਜਾਣ ਕੇ ਤੁਸੀਂ ਰਾਤ ਦਾ ਖਾਣਾ ਜਲਦੀ ਖਾਣਾ ਸ਼ੁਰੂ ਕਰ ਦਿਉਗੇਏ।

**ਸਹੀ ਸਮਾਂ** - ਅਕਸਰ ਔਰਤਾਂ ਕੰਮ ਦੇ ਚੱਕਰ 'ਚ ਰਾਤ ਦਾ ਖਾਣਾ ਸਹੀਂ ਸਮੇਂ 'ਤੇ ਨਹੀਂ ਖਾਦੀਆਂ ਜਿਸ ਦੇ ਕਾਰਨ ਉਨ੍ਹਾਂ ਨੂੰ ਬਦਹਜ਼ਮੀ ਜਾਂ ਪੇਟ ਤੋਂ ਜੁੜੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਰਾਤ ਦਾ ਭੋਜਨ ਕਰਨ ਦਾ ਸਹੀਂ ਸਮਾਂ 7 ਵਜੇ ਤੋਂ 9 ਵਜੇ ਤਕ ਦਾ ਹੁੰਦਾ ਹੈ।

**ਪੇਟ ਦੀ ਸਮੱਸਿਆ ਤੋਂ ਨਿਜਾਤ**- ਰਾਤ ਨੂੰ ਡਿਨਰ ਜਲਦੀ ਕਰਨ ਨਾਲ ਪੇਟ ਦੀ ਹਰ ਬਿਮਾਰੀ ਤੋਂ ਦੂਰ ਰਿਹਾ ਜਾ ਸਕਦਾ ਹੈ। ਇਸ ਦੇ ਨਾਲ ਤੁਸੀਂ ਸਵੇਰੇ ਤਾਜ਼ਾ ਮਹਿਸੂਸ ਕਰਦੇ ਹੋ ਪਰ ਧਿਆਨ ਦਿਉ ਕਿ ਤੁਸੀਂ ਭੋਜਨ ਕਰਨ ਤੋਂ ਬਾਅਦ ਥੋੜ੍ਹੀ ਦੇਰ ਜ਼ਰੂਰ ਸੈਰ ਕਰੋ।

**ਜਲਣ** - ਭੋਜਨ ਦੇਰ ਨਾਲ ਖਾਣੇ ਤੋਂ ਬਾਅਦ ਤੁਸੀਂ ਸਿੱਧਾ ਸੌਣੇ ਚਲੇ ਜਾਂਦੇ ਹੋ, ਜੋ ਕਿ ਜਲਣ ਦਾ ਕਾਰਨ ਬਣਦਾ ਹੈ। ਇਸ ਲਈ ਹਮੇਸ਼ਾ ਸਹੀਂ ਸਮੇਂ 'ਤੇ ਖਾਣਾ ਖਾਓ।

**ਚੰਗੀ ਨੀਂਦ ਸੌਣਾ** - ਭੋਜਨ ਦੇਰ ਨਾਲ ਖਾਣ 'ਤੇ ਸਹੀ ਤਰ੍ਹਾਂ ਪਚਦਾ ਨਹੀਂ ਹੈ, ਜਿਸ ਦੇ ਕਾਰਨ ਤੁਸੀ ਆਪਣੇ ਆਪ ਨੂੰ ਠੀਕ ਮਹਿਸੂਸ ਨਹੀਂ ਕਰਦੇ। ਜਿਸ ਕਰ ਕੇ ਤੁਸੀਂ ਚੈਨ ਦੀ ਨੀਂਦ ਨਹੀਂ ਸੌਂ ਪਾਉਂਦੇ। ਚੰਗੀ ਨੀਂਦ ਲਈ ਸਹੀਂ ਸਮੇਂ 'ਤੇ ਭੋਜਨ ਕਰੋ।

**ਭਾਰ ਕਰੇ ਕੰਟਰੋਲ** - ਜੇ ਤੁਸੀਂ ਵੀ ਆਪਣਾ ਭਾਰ ਕੰਟਰੋਲ ਕਰਨਾ ਚਾਹੁੰਦੇ ਹੋ, ਤਾਂ ਰਾਤ ਨੂੰ ਜਲਦੀ ਖਾਣਾ ਖਾਓ। ਇਸ ਦੇ ਇਲਾਵਾ ਰਾਤ ਨੂੰ ਭੋਜਨ ਕਰਨ ਤੋਂ ਬਾਅਦ ਸੈਰ ਜ਼ਰੂਰ ਕਰੋ। ਇਸ ਦੇ ਨਾਲ ਖਾਣਾ ਜਲਦੀ ਪਚ ਜਾਂਦਾ ਹੈ।



# ਕਾਲੀ ਚਾਹ ਤੇ ਗਰੀਨ ਟੀ ਸਿਹਤ ਲਈ ਫ਼ਾਇਦੇਮੰਦ ਕਿਵੇਂ?

ਡਾ. ਹਰਿੰਦਰਪਾਲ ਸਿੰਘ



ਦੇਖਿਆ ਜਾਵੇ ਤਾਂ ਪਾਣੀ ਤੋਂ ਬਾਅਦ ਚਾਹ ਅਤੇ ਕੌਫੀ ਦੁਨੀਆ ਵਿਚ ਸਭ ਤੋਂ ਜ਼ਿਆਦਾ ਪੀਤੇ ਜਾਣ ਵਾਲੇ ਪਦਾਰਥ ਹਨ। ਹਰ ਕੋਈ ਕੌਫੀ ਦਾ ਸੇਵਨ ਜ਼ਿਆਦਾ ਕਰਦਾ ਹੈ । ਏਸ਼ੀਆਈ ਦੇਸ਼ਾਂ ਵਿਚ ਚਾਹ ਦਾ ਸੇਵਨ ਜ਼ਿਆਦਾ ਕੀਤਾ ਜਾਂਦਾ ਹੈ। ਭਾਰਤ ਵਿਚ ਚਾਹ ਦੀ ਪੈਦਾਵਾਰ ਕਾਫ਼ੀ ਹੁੰਦੀ ਹੈ । ਭਾਰਤ ਦੇ ਲਗਪਗ ਸਾਰੇ ਰਾਜਾਂ ਵਿਚ ਚਾਹ ਦਾ ਇਸਤੇਮਾਲ ਹੁੰਦਾ ਹੈ।

ਕਿਸੇ ਸਮੇਂ ਭਾਰਤ ਵਿਚ ਚਾਹ ਦਾ ਨਾਮ ਨਿਸ਼ਾਨ ਨਹੀਂ ਸੀ ਹੁੰਦਾ। ਜਪਾਨ ਅਤੇ ਚੀਨ ਵਿਚ 4000 ਸਾਲ ਤੋਂ ਦਵਾਈ ਦੇ ਤੌਰ 'ਤੇ ਚਾਹ ਦੇ ਇਸਤੇਮਾਲ ਦਾ ਜ਼ਿਕਰ ਜ਼ਰੂਰ ਮਿਲਦਾ ਹੈ। ਭਾਰਤ ਵਿਚ ਚਾਹ ਦਾ ਸੇਵਨ ਅੰਗਰੇਜਾਂ ਦੇ ਆਉਣ ਤੋਂ ਬਾਅਦ ਸ਼ੁਰੂ ਹੋਇਆ। ਕਿਸੇ ਸਮੇਂ ਦੁੱਧ ਮੱਖਣਾਂ ਨਾਲ ਨਹਾਉਣ ਵਾਲੇ ਪੰਜਾਬੀ ਅੱਜ ਚਾਹ ਦੀ ਪਿਆਲੀ ਵਿਚ ਡੁੱਬ ਕੇ ਰਹਿ ਗਏ ਨੇ। ਚਾਹ ਦਾ ਇਸਤੇਮਾਲ ਸਹੀਂ ਤਰੀਕੇ ਨਾਲ ਕੀਤਾ ਜਾਵੇ ਤਾਂ ਸਰੀਰ ਲਈ ਫ਼ਾਇਦੇਮੰਦ ਹੁੰਦੀ ਹੈ ਗ਼ਲਤ ਤਰੀਕੇ ਨਾਲ ਕੀਤਾ ਜਾਵੇ ਤਾ ਇਹ ਨੁਕਸਾਨ ਕਰਦੀ ਹੈ। ਉਬਲੀ ਪੱਤੀ ਵਿਚ ਦੁੱਧ ਪਾ ਦਿੱਤਾ ਜਾਵੇ ਤਾਂ ਇਹ ਇਕ ਤਰ੍ਹਾਂ ਦਾ ਤੇਜ਼ਾਬ ਬਣ ਜਾਂਦੀ ਹੈ, ਜੋ ਕੇ ਐਸੀਡਿਟੀ ਅਤੇ ਹੋਰ ਬਿਮਾਰੀਆਂ ਜਿਵੇਂ ਕਿ ਜੋੜਾਂ ਦਾ ਦਰਦ, ਕਬਜ਼, ਖ਼ੁਸ਼ਕੀ, ਗੈਸ, ਚਮੜੀ ਦੇ ਰੋਗ ਆਦਿ ਪੈਦਾ ਕਰਦੀ ਹੈ। ਇਹ ਤੇਜ਼ਾਬ ਜਾਲਿਆਂ ਦੇ ਰੂਪ ਵਿਚ ਸਾਡੇ ਜੋੜਾਂ ਵਿਚ ਜੰਮ ਜਾਂਦਾ ਹੈ ਜੋ ਕਿ ਜੋੜਾਂ ਦੀ ਗਰੀਸ ਖਤਮ ਕਰਕੇ ਹੱਡੀਆਂ ਨੂੰ ਖੋਰਨਾ ਸ਼ੁਰੂ ਦਿੰਦਾ ਹੈ ਜਿਸ ਕਰਕੇ ਜੋੜਾਂ ਦਾ ਦਰਦ ਸ਼ੁਰੂ ਹੋ ਜਾਂਦਾ ਹੈ।

ਸਾਡੇ ਕਈ ਪੇਂਡੂ ਵੀਰ ਸਵੇਰੇ-2 ਅੱਧਾ ਗਲਾਸ ਤਾਂ ਮਿੱਠਾ ਚੈੱਕ ਕਰਦੇ ਹੀ ਪੀ ਜਾਂਦੇ ਹਨ ਫਿਰ ਗੜਵੀ ਹੋਰ ਭਰ ਕਿ ਰੱਖੀ ਹੁੰਦੀ ਹੈ। ਸਵੇਰੇ ਜਦੋਂ ਅਸੀਂ ਉੱਠਦੇ ਹਾਂ ਤਾਂ ਪਹਿਲਾਂ ਹੀ ਮਿਹਦੇ ਵਿਚ ਤੇਜ਼ਾਬੀ ਮਾਦਾ ਬਣਿਆ ਹੁੰਦਾ ਹੈ। ਉਤੋਂ ਹੋਰ ਚਾਹ ਰੂਪੀ ਤੇਜ਼ਾਬ ਸਰੀਰ ਅੰਦਰ ਸੁੱਟ ਲੈਂਦੇ ਹਾਂ। ਫਿਰ ਇਹ ਤੇਜ਼ਾਬ ਸਾਰਾ ਦਿਨ ਢਿੱਡ ਵਿਚ ਪਿਆ ਖਾਧੇ ਪੀਤੇ ਨੂੰ ਲਗਣ ਨਹੀਂ ਦਿੰਦਾ। ਸ਼ਾਇਦ ਇਸੇ ਲਈ ਪੰਜਾਬ ਵਿਚ 90ਫ਼ੀਸਦੀ ਲੋਕ ਜੋੜਾਂ ਦੇ ਦਰਦ ਤੋਂ ਪੀੜਤ ਹਨ। ਦੁੱਧ ਵਾਲੀ ਚਾਹ ਪੀਣ ਦੀ ਬਿਮਾਰੀ ਜ਼ਿਆਦਾਤਰ ਉੱਤਰੀ ਭਾਰਤ ਦੇ ਲੋਕਾਂ ਵਿਚ ਹੀ ਹੈ। ਬਾਕੀ ਸੰਸਾਰ ਵਿਚ ਲਗਪਗ ਕਾਲੀ ਚਾਹ ( ਬਿਨਾਂ ਦੁੱਧ ਤੋਂ ) ਹੀ ਪੀਤੀ ਜਾਂਦੀ ਹੈ। ਅਸੀਂ ਚਾਹ ਸਿਹਤ ਲਈ ਘੱਟ ਅਤੇ ਸੁਆਦ ਲਈ ਜ਼ਿਅਦਾ ਪੀਂਦੇ ਹਾਂ। ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਬਚਾਉਂਦੀ ਹੈ ਜਿਵੇਂ।

### ਦਿਲ ਦੇ ਰੋਗ

ਲੰਮੇ ਸਮੇਂ ਤਕ ਗਰੀਨ ਟੀ ਦਾ ਇਸਤੇਮਾਲ ਕਰਨ ਨਾਲ ਦਿਲ ਦੇ ਲਹੂ ਓੱਤਕਾਂ ਦੀ ਕਿਰਿਆਸ਼ੀਲਤਾ ਵਿਚ ਵਾਧਾ ਹੁੰਦਾ ਹੈ। ਇਹ ਦਿਲ ਦੀਆਂ ਨਸਾਂ ਨੂੰ ਨਰਮ ਕਰਕੇ ਉੱਚ ਖ਼ੂਨ ਦੇ ਦਬਾਅ ਨੂੰ ਘੱਟ ਕਰਦੀ ਹੈ।

### ਤਣਾਅ

ਗਰੀਨ ਟੀ ਦਾ ਇਕ ਕੱਪ ਸਾਰੇ ਦਿਨ ਦੇ ਤਣਾਅ ਦਾ ਟਾਕਰਾ ਕਰਨ ਵਿਚ ਮਦਦ ਕਰਦਾ ਹੈ। ਇਹ ਚਾਹ ਤਣਾਅ ਦੌਰਾਨ ਦਿਮਾਗ਼ ਤੋਂ ਪੈਦਾ ਹੋਣ ਵਾਲੇ ਹਾਰਮੋਨ ਕੋਰਟੀਸੋਲ ਜੋ ਕਿ ਮਿਹਦੇ ਵਿਚ ਆ ਕੇ ਵਿਗਾੜ ਨੂੰ ਘੱਟ ਕਰਦੀ ਹੈ।

### ਗਰੀਨ ਟੀ ਅਤੇ ਐਂਟੀਆਕਸੀਡੈਂਟ

ਕਾਲੀ ਚਾਹ ਵਿਚ ਸਬਜ਼ੀਆਂ ਅਤੇ ਫਲ਼ਾਂ ਦੇ ਮੁਕਾਬਲੇ ਦਸ ਗੁਣਾਂ ਜ਼ਿਆਦਾ ਐਂਟੀ ਆਕਸੀਡੈਂਟ ਪਾਏ ਜਾਂਦੇ ਹਨ। ਇਸ ਵਿਚ ਪੋਲੀਫਿਨੋਲ ਨਾਂ ਦਾ ਐਂਟੀਆਕਸੀਡੈਂਟ ਪਾਚਣ-ਤੰਤਰ ਦੌਰਾਨ ਬਣਨ ਵਾਲੇ ਫਰੀ ਰੈਡੀਕਲ ਨੂੰ ਖਤਮ ਕਰਦਾ ਹੈ ਜੋ ਕਿ ਸਾਡੇ ਸਰੀਰ ਦੇ ਸੈੱਲਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਇਹ ਸੈੱਲ ਫਿਰ ਖ਼ੂਨ 'ਦਾ ਕੱਤਲਾ, ਕੈਂਸਰ ਅਤੇ ਦਿਲ ਦੇ ਰੋਗਾਂ ਦਾ ਕਾਰਨ ਬਣਦੇ ਹਨ। ਇਸ 'ਚ ਕੇਟਚਿਨ ਨਾਂ ਦਾ ਫਲੇਵੋਨਾਇਡ ਕੈਂਸਰ ਅਤੇ ਅਲਜਾਈਮਰ ਦੇ ਖਤਰੇ ਨੂੰ ਘੱਟ ਕਰਦਾ ਹੈ।

### ਭਾਰ ਘਟਾਉਣਾ

*ਨਵੀਆਂ ਹੋਈਆਂ ਖੋਜਾਂ ਅਨੁਸਾਰ ਗਰੀਨ ਟੀ ਭਾਰ ਘੱਟ ਕਰਨ ਵਿਚ ਕਈ ਤਰ੍ਹਾਂ ਨਾਲ ਸਹਾਈ ਹੋ ਰਹੀ ਹੈ। ਮਿਹਦੇ ਵਿਚ ਹੋਣ ਵਾਲੀ ਪਾਚਣ ਕਿਰਿਆ ਨਾਲ ਭੋਜਨ ਦਾ ਜੋ ਰੂਪ ਬਣਦਾ ਹੈ ਉਸਨੂੰ ਟ੍ਰਾਈਗਲਿਸਰਾਈਡ ਕਹਿੰਦੇ ਹਨ ਜੋ ਕਿ ਚਰਬੀ ਵਿਚ ਤਬਦੀਲ ਹੋ ਜਾਂਦਾ ਹੈ। ਚਰਬੀ ਨੂੰ ਖਤਮ ਕਰਨ ਲਈ ਇਕ ਖ਼ਾਸ ਤਰ੍ਹਾਂ ਦੇ ਐਨਜ਼ਾਈਮ ਦੀ ਜ਼ਰੂਰਤ ਹੁੰਦੀ ਹੈ। ਗਰੀਨ ਟੀ ਇਸ ਐਨਜ਼ਾਈਮ ਦੀ ਉਤਪੱਤੀ ਵਿਚ ਵਾਧਾ ਕਰਦੀ ਹੈ। ਇਹ ਹਜ਼ਮ ਕਰਨ ਦੀ ਕਿਰਿਆ ਨੂੰ ਤੇਜ਼ ਕਰਦੀ ਹੈ। ਇਸ ਤੋਂ ਇਲਾਵਾ ਇਸ ਵਿਚ ਮੌਜੂਦ ਕੈਫੀਨ, ਥਰਮੋਜੈਨੇਸਿਸ ਜੋ ਕਿ ਚਰਬੀ ਨੂੰ ਪਿਘਲ਼ਾ ਕਿ ਸਰੀਰ ਵਿਚ ਵਰਤਣ ਦੀ ਕਿਰਿਆ ਹੈ, ਵਿਚ ਵਾਧਾ ਕਰਦੀ ਹੈ। ਭਾਰ ਘੱਟ ਕਰਨ ਲਈ ਸਾਨੂੰ 3 ਤੋਂ 5 ਕੱਪ ਤਕ ਦਿਨ ਵਿਚ ਲੈਣੇ ਚਾਹੀਦੇ ਹਨ ਜੋ ਕਿ 70 ਦੇ ਲਗਪਗ ਕੈਲੋਰੀ ਨੂੰ ਖਤਮ ਲਈ ਕਾਫ਼ੀ ਹੈ। ਇਸ ਤਰ੍ਹਾਂ ਸਿਰਫ਼ ਆਪਣਾ ਪੀਣ ਵਾਲਾ ਪਦਾਰਥ ਅਤੇ ਪੀਣ ਦਾ ਢੰਗ ਬਦਲ ਕੇ ਹੀ ਇਕ ਸਾਲ ਵਿਚ 25000 ਕੈਲੋਰੀ ਨੂੰ ਖਤਮ ਕੀਤਾ ਜਾ ਸਕਦਾ ਹੈ। 3500 ਕੈਲੋਰੀ , ਇਕ ਪੌਂਡ ਭਾਵ 400 ਗ੍ਰਾਮ ਦੇ ਬਰਾਬਰ ਹੁੰਦੀਆਂ ਹਨ। ਇਸ ਤੋਂ ਜ਼ਿਆਦਾ ਚਾਹ ਦਾ ਇਸਤੇਮਾਲ ਨਹੀਂ ਕਰਨਾ ਚਾਹੀਦਾ ਕਿਉਂਕਿ ਕੈਫੀਨ ਦੀ ਅਧਿਕ ਮਾਤਰਾ ਹੈਜ਼ਾ , ਸਿਰਦਰਦ, ਮਾਈਗ੍ਰੇਨ, ਨੀਂਦ ਨਾ ਆਉਣਾ ਅਤੇ ਨਰਵਸ ਤੰਤਰ ਦੇ ਵਿਕਾਰ ਪੈਦਾ ਕਰ ਸਕਦੀ ਹੈ। ਇਕ ਆਮ ਆਦਮੀ ਨੂੰ ਲਗਪਗ 200 ਮਿਲੀਗ੍ਰਾਮ ਕੈਫੀਨ ਪ੍ਰਤੀ ਦਿਨ ਲੋੜੀਂਦੀ ਹੈ। ਕੈਫੀਨ ਇਕ ਤਰ੍ਹਾਂ ਦਾ ਨਸ਼ਾ ਹੈ ਇਸੇ ਲਈ ਚਾਹ ਪੀ ਕਿ ਇਕ ਵਾਰ ਆਦਮੀ ਕੰਡੇ ਪਰ ਹੋ ਜਾਦਾ ਹੈ ਪਰ ਇਹ ਥੋੜ੍ਹੇ ਸਮੇਂ ਲਈ ਹੀ ਹੁੰਦਾ ਹੈ।*

### ਪੇਟ ਦੇ ਰੋਗ

ਹੈਜ਼ੇ ਦੇ ਰੋਗ ਵਿਚ ਇਹ ਇਕ ਉੱਤਮ ਔਸ਼ਧੀ ਦਾ ਕੰਮ ਕਰਦੀ ਹੈ। ਇਸ ਵਿਚ ਟੈਨਿਨ ਨਾਮ ਦਾ ਇਕ ਤੱਤ ਹੁੰਦਾ ਹੈ ਜੋ ਕਿ ਛੋਟੀ ਆਂਤੜੀ ਦੀ ਕਿਰਿਆਸ਼ੀਲਤਾ ਨੂੰ ਘੱਟ ਕਰਦਾ ਹੈ। ਇਸ ਤਰ੍ਹਾਂ ਹੈਜ਼ੇ ਦੌਰਾਨ ਹੋਣ ਵਾਲੇ ਦਸਤ ਅਤੇ ਦਰਦ ਘੱਟ ਹੋ ਜਾਂਦੇ ਹਨ।

### ਗਰਭ ਅਵੱਸਥਾ

ਚਾਹ ਵਿਚ ਮੌਜੂਦ ਕੈਫੀਨ ਗਰਭ ਵਿਚ ਪਲ ਰਹੇ ਬੱਚੇ ਲਈ ਨੁਕਸਾਨ ਦੇਹ ਹੋ ਸਕਦੀ ਹੈ ਕਿਉਂਕਿ ਬੱਚੇ ਦੀ ਅਣਵਿਕਸਿਤ ਪਾਚਣ ਸ਼ਕਤੀ ਇਸ ਨੂੰ ਪਚਾਉਣ ਦੇ ਯੋਗ ਨਹੀਂ ਹੁੰਦੀ । ਫਿਰ ਵੀ ਆਪਣੇ ਬੱਚਾ ਮਾਹਿਰ ਡਾਕਟਰ ਦੀ ਸਲਾਹ ਨਾਲ ਹੀ ਇਸ ਦਾ ਇਸਤੇਮਾਲ ਕਰਨਾ ਚਾਹੀਦਾ ਹੈ।

### ਵਾਲ਼ਾਂ ਦੀ ਦੇਖਭਾਲ

ਗਰੀਨ ਟੀ ਦੇ ਪਾਣੀ ਵਿਚ ਵਾਲ਼ਾਂ ਨੂੰ ਡੁਬੋਣ ਨਾਲ ਵਾਲ਼ ਸੰਘਣੇ ਅਤੇ ਚਮਕੀਲੇ ਹੋ ਜਾਦੇ ਹਨ। ਇਹ ਵਾਲ਼ਾ ਦਾ ਝੜਨਾ ਘੱਟ ਕਰ ਕੇ ਵਾਲ਼ਾ ਦੇ ਵਾਧੇ ਨੂੰ ਤੇਜ਼ ਕਰਦੀ ਹੈ। ਵਾਲ਼ਾਂ ਨੂੰ ਹੋਰ ਚਮਕੀਲਾ ਕਰਨ ਲਈ ਕਈ ਲੋਕ ਇਸ ਵਿਚ ਸ਼ੈਂਪੂ ਵੀ ਪਾ ਲੈਂਦੇ ਹਨ।

### ਚਮੜੀ ਦੀ ਦੇਖਭਾਲ

ਗਰੀਨ ਟੀ ਦੇ ਕੋਸੇ ਘੋਲ਼ ਨਾਲ ਚਿਹਰੇ ਨੂੰ ਧੋਇਆ ਵੀ ਜਾਂਦਾ ਹੈ। ਕਈ ਬਿਊਟੀ ਪਾਰਲਰਾਂ ਵਿਚ ਇਸ ਤਰ੍ਹਾਂ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਇਹ ਚਿਹਰੇ ਦੇ ਫੌੜੇ ਫਿੰਸੀਆਂ ਅਤੇ ਮੁਹਾਂਸਿਆਂ ਨੂੰ ਠੀਕ ਕਰਨ ਵਿਚ ਸਹਾਈ ਹੁੰਦੀ ਹੈ।

ਅੱਜਕੱਲ੍ਹ ਕਈ ਕੰਪਨੀਆਂ ਜੜ੍ਹੀ ਬੂਟੀਆਂ ਯੁਕਤ ਗਰੀਨ ਟੀ ਤਿਆਰ ਕਰ ਰਹੀਆਂ ਹਨ ਅਜਿਹੀ ਚਾਹ ਹੋਰ ਵੀ ਕਾਰਗਰ ਹੋ ਸਕਦੀ ਹੈ ਕਿ ਸਹੀ ਮਿਲਾਪ ਵਾਲੀਆਂ ਜੜ੍ਹੀ ਬੂਟੀ ਦਾ ਮਿਲਾਣ ਕੀਤਾ ਜਾਵੇ ਪਰ ਅਜਿਹੀ ਚਾਹ ਦਾ ਇਸਤੇਮਾਲ ਕਿਸੇ ਯੋਗ ਡਾਕਟਰ ਦੀ ਸਲਾਹ ਨਾਲ ਹੀ ਕਰਨਾ ਚਾਹੀਦਾ ਹੈ।

9814813674

# ਐਲਗਰਾਂ ਪੁਲ ਦੀ ਮੁਰੰਮਤ ਦੀ ਹੌਲੀ ਰਫਤਾਰ ਤੋਂ ਲੋਕ ਪ੍ਰੇਸ਼ਾਨ, ਸਾਢੇ ਤਿੰਨ ਸਾਲਾਂ ਤੋਂ ਚੱਲ ਰਿਹਾ ਕੰਮ

**ਕੌਮੀ ਪਤ੍ਰਿਕਾ**

ਨੰਗਲ 28 ਜੁਲਾਈ। ਨੂਰਪੁਰ ਬੇਦੀ ਨੰਗਲ ਮੁੱਖ ਮਾਰਗ ਤੇ ਐਲਗਰਾਂ ਸੁਆ ਨਦੀ ਉੱਪਰ ਬਣੇ ਪੁਲ ਦੀ ਮੁਰੰਮਤ ਦਾ ਕੰਮ ਬੇਹੱਦ ਹੌਲੀ ਰਫ਼ਤਾਰ ਨਾਲ ਚੱਲਣ ਕਾਰਨ ਇਲਾਕਾ ਨਿਵਾਸੀਆਂ ਅਤੇ ਰਾਹਗੀਰਾਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲੰਬੇ ਸਮੇਂ ਤੋਂ ਬੰਦ ਪਏ ਇਸ ਪੁਲ ਕਾਰਨ ਲੋਕਾਂ ਨੂੰ ਰੋਜ਼ਾਨਾ 20 ਤੋਂ 25 ਕਿਲੋਮੀਟਰ ਦਾ ਵਾਧੂ ਸਫ਼ਰ ਤੈਅ ਕਰਨਾ ਪੈਂਦਾ ਹੈ, ਜਿਸ ਨਾਲ ਸਮੇਂ ਅਤੇ ਧਨ ਦੋਵਾਂ ਦਾ ਨੁਕਸਾਨ ਹੋ ਰਿਹਾ ਹੈ। ਜ਼ਿਕਰਯੋਗ ਹੈ ਕਿ ਇਲਾਕੇ ਵਿੱਚ ਕਥਿਤ ਗੈਰਕਾਨੂੰਨੀ ਮਾਈਨਿੰਗ ਕਾਰਨ ਪੁਲ ਦੇ ਪਿੱਲਰ ਆਪਣੀ ਥਾਂ ਤੋਂ ਖਿਸਕ ਗਏ ਸਨ, ਜਿਸ ਨਾਲ ਪੁਲ ਖ਼ਤਰਨਾਕ ਹਾਲਤ ਵਿੱਚ ਪਹੁੰਚ ਗਿਆ। ਇਸ ਨੂੰ ਧਿਆਨ ਵਿੱਚ ਰੱਖਦਿਆਂ ਲੋਕ ਨਿਰਮਾਣ ਵਿਭਾਗ ਨੇ 22 ਦਸੰਬਰ 2023 ਨੂੰ ਪੁਲ ਦੇ ਦੋਵੇਂ ਪਾਸਿਆਂ ਤੋਂ ਆਵਾਜਾਈ ਪੂਰੀ ਤਰ੍ਹਾਂ ਬੰਦ ਕਰ ਦਿੱਤੀ ਸੀ। ਇਸ ਤੋਂ ਬਾਅਦ ਪੁਲ ਦੀ ਮੁਰੰਮਤ ਦਾ ਕੰਮ ਸ਼ੁਰੂ ਤਾਂ ਕੀਤਾ ਗਿਆ, ਪਰ ਇਸ ਦੀ ਰਫ਼ਤਾਰ ਇੰਨੀ ਹੌਲੀ ਹੈ ਕਿ ਲੋਕਾਂ ਵਿੱਚ ਭਾਰੀ ਨਾਰਾਜ਼ਗੀ ਪਾਈ ਜਾ ਰਹੀ ਹੈ। ਇਸ ਸਬੰਧੀ ਗੱਲਬਾਤ ਕਰਦੇ ਹੋਏ ਗੌਰਵ ਰਾਣਾ ਨੇ ਕਿਹਾ ਕਿ ਇਸ ਪੁਲ ਦੇ ਬੰਦ ਹੋਣ ਨਾਲ



ਨੂਰਪੁਰ ਬੇਦੀ ਤੋਂ ਕਲਮਾ ਰਾਹੀਂ ਨੰਗਲ, ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਵਿਚਕਾਰ ਆਵਾਜਾਈ ਕਰਨ ਵਾਲੇ ਹਜ਼ਾਰਾਂ ਲੋਕ ਪ੍ਰਭਾਵਿਤ ਹੋ ਰਹੇ ਹਨ। ਧਾਰਮਿਕ ਸਥਾਨਾਂ ਵੱਲ ਜਾਣ ਵਾਲੇ ਸ਼ਰਧਾਲੂਆਂ ਨੂੰ ਵੀ ਲੰਮਾ ਚੱਕਰ ਕੱਟ ਕੇ ਆਪਣੀ ਮੰਜ਼ਿਲ ਤੱਕ ਪਹੁੰਚਣਾ ਪੈਂਦਾ ਹੈ। ਸਭ ਤੋਂ ਵੱਧ ਮੁਸ਼ਕਲ ਪੁਲ ਦੇ ਦੋਵੇਂ ਪਾਸਿਆਂ ਵਸਦੇ ਕਰੀਬ 10 ਤੋਂ 15 ਪਿੰਡਾਂ ਦੇ ਲੋਕਾਂ ਨੂੰ ਆ ਰਹੀ ਹੈ, ਜਿਨ੍ਹਾਂ ਦੇ ਆਪਸੀ ਰਿਸ਼ਤੇਦਾਰੀਆਂ ਅਤੇ ਰੋਜ਼ਾਨਾ ਦੇ ਕੰਮਕਾਜ ਵੀ ਪ੍ਰਭਾਵਿਤ ਹੋ ਰਹੇ ਹਨ। ਤਿੰਨ ਸਾਲ ਪਹਿਲਾਂ ਬਣੇ ਹਾਲਾਤਾਂ ਨੂੰ ਦੇਖਦਿਆਂ ਕਿਲ੍ਹਾ ਆਨੰਦਗੜ੍ਹ ਸਾਹਿਬ ਕਾਰ ਸੇਵਾ ਵੱਲੋਂ ਸੰਗਤ ਦੀ ਸਹੂਲਤ ਲਈ ਸਵਾਂ ਨਦੀ ਤੇ ਇੱਕ ਆਰਜ਼ੀ ਪੁਲ ਬਣਾਇਆ ਗਿਆ ਸੀ, ਪਰ ਬਰਸਾਤੀ ਪਾਣੀ ਦੇ ਤੇਜ਼ ਵਹਾਅ ਕਾਰਨ ਉਹ ਵੀ ਰੁੜ੍ਹ ਗਿਆ। ਇਸ ਤੋਂ ਬਾਅਦ ਦੋਵੇਂ ਪਾਸਿਆਂ ਦੇ ਲੋਕਾਂ ਦਾ ਆਪਸੀ ਸੰਪਰਕ ਲਗਭਗ ਟੁੱਟ ਚੁੱਕਾ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਪੰਜਾਬ ਮੋਰਚਾ ਦੇ ਕਨਵੀਨਰ ਗੌਰਵ ਰਾਣਾ ਨੇ ਕਿਹਾ ਕਿ ਸੂਬਾ ਸਰਕਾਰ ਵਿਕਾਸ ਦੇ ਵੱਡੇ-ਵੱਡੇ ਦਾਅਵੇ ਕਰ ਰਹੀ ਹੈ, ਪਰ ਜ਼ਮੀਨੀ ਹਕੀਕਤ ਇਸ ਦੇ ਉਲਟ ਹੈ। ਉਨ੍ਹਾਂ ਕਿਹਾ ਕਿ ਜੇਕਰ ਇੱਕ ਪੁਲ ਦੀ ਮੁਰੰਮਤ ਕਰਨ ਲਈ ਹੀ ਸਰਕਾਰ ਨੂੰ ਸਾਢੇ ਤਿੰਨ ਸਾਲ ਤੋਂ ਵੱਧ ਸਮਾਂ ਲੱਗ ਰਿਹਾ ਹੈ ਤਾਂ ਬਾਕੀ ਵਿਕਾਸ ਕਾਰਜਾਂ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਇਲਾਕੇ ਦੀਆਂ ਕਈ ਸੜਕਾਂ ਉੱਪਰ ਅੱਧ-ਅਧੂਰਾ ਪ੍ਰੀਮਿਕਸ ਪਾ ਕੇ ਕੰਮ ਛੱਡ ਦਿੱਤਾ ਗਿਆ ਹੈ, ਜਦਕਿ ਕਈ ਲਿੰਕ ਸੜਕਾਂ ਤੇ ਟਾਈਲਾਂ ਲਗਾ ਕੇ ਉਨ੍ਹਾਂ ਦਾ ਕੁਦਰਤੀ ਸਰੂਪ ਵੀ ਖ਼ਰਾਬ ਕੀਤਾ ਜਾ ਰਿਹਾ ਹੈ। ਰਾਣਾ ਨੇ ਖੁਲਾਸਾ ਕਰਦਿਆਂ ਦੱਸਿਆ ਕਿ ਰੋਡ ਉੱਤੇ ਟਾਇਲਾ ਉਨ੍ਹਾਂ ਸਥਾਨਾਂ ਤੇ ਹੀ ਲੱਗਦੀਆਂ ਹਨ ਜਿਨਾਂ ਏਰੀਆ ਵਿੱਚ ਡਿਜਾਸਟਰ ਜਾਂ ਹੜ੍ਹਾ ਦੀ ਮਾਰ ਹੋਵੇ ਪਰ ਇਸ ਥੋੜੀ ਜਿਹੀ ਡਿਜ਼ਾਸਟਰ ਵਰਗੇ ਹਾਲਾਤਾਂ ਦੀ ਪ੍ਰਕਿਰਿਆ ਨੂੰ ਕਈ ਲਿੰਕ ਰੋੜਾਂ ਉੱਤੇ ਲਗਾਉਣਾ ਜਿੱਥੇ ਨਿਯਮਾਂ ਦੀ ਉਲੰਘਣਾ ਹੈ ਉਥੇ ਹੀ ਆਉਣ ਵਾਲੇ ਸਮੇਂ ਵਿੱਚ ਲਿੰਕ ਰੋੜਾਂ ਦੇ ਕੁਦਰਤੀ ਸਵਰੂਪ ਨਾਲ ਛੇੜਛਾੜ ਭਰੀ ਚੁਣੌਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਇਸ਼ਤਿਹਾਰਬਾਜ਼ੀ ਤੇ ਵੱਡਾ ਖ਼ਰਚ ਕਰਕੇ ਸੂਬੇ ਨੂੰ ਕਰਜ਼ੇ ਹੇਠ ਦੱਬ ਦਿੱਤਾ ਹੈ, ਪਰ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਵਿੱਚ ਅਸਫਲ ਰਹੀ ਹੈ। ਨਜ਼ਾਇਜ਼ ਮਾਇਨਿੰਗ ਦੀ ਭੇਟ ਚੜਿਆਂ ਸੀ ਪੁਲ ਦੱਸਣਾਂ ਬਣਦਾ ਹੈ ਕਿ ਸਾਲ 2008 ਤੋਂ ਚੱਲ ਰਹੀ ਨਜ਼ਾਇਜ਼ ਮਾਇਨਿੰਗ ਨੇ 2017 ਵਾਲੀ ਸਰਕਾਰ ਤੋਂ ਬਾਅਦ ਇੰਨੀ ਤੇਜੀ ਫੜੀ ਕਿ ਮਾਇਨਿੰਗ ਮਾਫੀਆਂ ਇਨ੍ਹਾਂ ਪੁਲਾਂ ਦੇ ਥੱਲੇ ਬਣੇ ਬੈਂਡਾਂ ਦੇ ਥੱਲਿਉ ਵੀ ਮਿੱਟੀ ਕੱਢ ਕੇ ਲੈ ਗਏ ਹਲਾਤ ਇਥੋ ਤਕ ਬੱਦਤਰ ਹੋ ਗਏ ਕਿ ਇਹ ਪੁਲ ਡਿੱਗਣ ਕਿਨਾਰੇ ਆ ਗਿਆ। ਪੂਲ ਦੀ ਮੁਰੰਮਤ ਤਾਂ ਚੱਲ ਰਹੀ ਹੈ , ਪਰ ਅਜ ਵੀ ਖਦਸ਼ਾਂ ਹੈ ਕਿ ਜੇਕਰ ਮੁਰੰਮਤ ਤੋਂ ਬਾਅਦ ਇਸ ਪੁਲ ਨੂੰ ਨਾ ਸੰਭਾਲਿਆਂ ਗਿਆ ਤਾਂ ਇਸ ਦੇ ਬਚਣ ਦੀ ਗਰੰਟੀ ਫਿਰ ਵੀ ਨਹੀ ਹੋਵੇਗੀ।

# ਸਫ਼ਾਈ ਸੇਵਕਾਂ ’ਤੇ ਲਾਠੀਚਾਰਜ ਕਰਨਾ ਬੇਹੱਦ ਨਿੰਦਣਯੋਗ ਘਟਨਾ : ਜਗਦੀਪ ਸਿੰਘ ਨਕਈ

ਮਾਨਸਾ 28 ਜੁਲਾਈ। ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਜਗਦੀਪ ਸਿੰਘ ਨਕਈ ਨੇ ਬਰਨਾਲਾ ਵਿਖੇ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਸ਼ਾਂਤਮਈ ਢੰਗ ਨਾਲ ਸੰਘਰਸ਼ ਕਰ ਰਹੇ ਸਫ਼ਾਈ



ਸੇਵਕਾਂ ’ਤੇ ਹੋਏ ਲਾਠੀਚਾਰਜ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਆਪਣੇ ਹੱਕਾਂ ਲਈ ਲੋਕਤੰਤਰੀ ਢੰਗ ਨਾਲ ਆਵਾਜ਼ ਉਠਾਉਣਾ ਹਰ ਨਾਗਰਿਕ ਦਾ ਸੰਵਿਧਾਨਕ ਅਧਿਕਾਰ ਹੈ ਪਰ ਪੰਜਾਬ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਸੁਣਨ ਦੀ ਬਜਾਏ ਬਲ ਪ੍ਰਯੋਗ ਕਰਕੇ ਲੋਕਤੰਤਰ ਦੀ ਭਾਵਨਾ ਨੂੰ ਠੇਸ ਪਹੁੰਚਾਈ ਹੈ। ਜਗਦੀਪ ਸਿੰਘ ਨਕਈ ਨੇ ਕਿਹਾ ਕਿ ਲਾਠੀਚਾਰਜ ਦੌਰਾਨ ਸਫ਼ਾਈ ਸੇਵਕਾਂ ਦੇ ਨਾਲ-ਨਾਲ ਬਜ਼ੁਰਗਾਂ, ਮਾਵਾਂ ਅਤੇ ਭੈਣਾਂ ’ਤੇ ਵੀ ਲਾਠੀਆਂ ਵਰਤੀਆਂ ਗਈਆਂ, ਜੋ ਕਿ ਬਹੁਤ ਹੀ ਨਿੰਦਣਯੋਗ ਅਤੇ ਦੁਖਦਾਈ ਘਟਨਾ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਦੀ ਪੰਜਾਬ ਭਰ ਦੀਆਂ ਵੱਖ-ਵੱਖ ਰਾਜਨੀਤਿਕ ਪਾਰਟੀਆਂ, ਕਿਸਾਨ ਜਥੇਬੰਦੀਆਂ, ਸਮਾਜ ਸੇਵੀ ਸੰਸਥਾਵਾਂ ਅਤੇ ਸੰਘਰਸ਼ਸ਼ੀਲ ਮੁਲਾਜ਼ਮ ਜਥੇਬੰਦੀਆਂ ਵੱਲੋਂ ਵੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਫ਼ਾਈ ਸੇਵਕ ਸਮਾਜ ਦੇ ਉਹ ਕਰਮਯੋਗੀ ਹਨ ਜੋ ਹਰ ਰੋਜ਼ ਲੋਕਾਂ ਦੇ ਜਾਗਣ ਤੋਂ ਪਹਿਲਾਂ ਗਲੀਆਂ, ਨਾਲੀਆਂ, ਸੀਵਰੇਜ ਅਤੇ ਗੰਦਗੀ ਦੀ ਸਫ਼ਾਈ ਕਰਦੇ ਹਨ। ਕਈ ਵਾਰ ਉਹ ਆਪਣੀ ਜਾਨ ਨੂੰ ਜੋਖਮ ਵਿਚ ਪਾ ਕੇ ਗੰਦੇ ਸੀਵਰੇਜ ਵਿਚ ਉਤਰ ਕੇ ਲੋਕਾਂ ਦੀਆਂ ਮੁਸ਼ਕਲਾਂ ਦੂਰ ਕਰਦੇ ਹਨ। ਇੰਨੀ ਔਖੀ ਅਤੇ ਜੋਖਮ ਭਰੀ ਡਿਊਟੀ ਨਿਭਾਉਣ ਦੇ ਬਾਵਜੂਦ ਉਹ ਘੱਟ ਤਨਖਾਹ ’ਤੇ ਆਪਣੇ ਪਰਿਵਾਰਾਂ ਦਾ ਗੁਜ਼ਾਰਾ ਕਰਦੇ ਹਨ। ਅਜਿਹੇ ਮਿਹਨਤੀ ਕਰਮਚਾਰੀਆਂ ਨਾਲ ਸਰਕਾਰ ਵੱਲੋਂ ਕੀਤੀ ਗਈ ਸਖ਼ਤੀ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲੀ ਹੈ। ਨਕਈ ਨੇ ਕਿਹਾ ਕਿ ਜੇਕਰ ਸਫ਼ਾਈ ਸੇਵਕ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਸੰਘਰਸ਼ ਕਰ ਰਹੇ ਹਨ ਤਾਂ ਸਰਕਾਰ ਦਾ ਫ਼ਰਜ਼ ਬਣਦਾ ਹੈ ਕਿ ਉਹ ਉਨ੍ਹਾਂ ਨਾਲ ਗੱਲਬਾਤ ਕਰੇ ਅਤੇ ਮਸਲੇ ਦਾ ਸ਼ਾਂਤਮਈ ਹੱਲ ਕੱਢੇ। ਲਾਠੀਚਾਰਜ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਹੋ ਸਕਦਾ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਤੁਰੰਤ ਸਫ਼ਾਈ ਸੇਵਕਾਂ ਦੀਆਂ ਜਾਇਜ਼ ਮੰਗਾਂ ਨੂੰ ਪ੍ਰਵਾਨ ਕਰੇ ਅਤੇ ਇਸ ਘਟਨਾ ਲਈ ਉਨ੍ਹਾਂ ਤੋਂ ਜਨਤਕ ਤੌਰ ’ਤੇ ਮਾਫ਼ੀ ਮੰਗੇ। ਭਾਜਪਾ ਆਗੂ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਨੂੰ ਇਸ ਮਾਮਲੇ ’ਤੇ ਆਪਣਾ ਸਪੱਸ਼ਟ ਪੱਖ ਰੱਖਣਾ ਚਾਹੀਦਾ ਹੈ।

# ਜ਼ਮੀਨਾਂ ਦੀਆਂ ਰਜਿਸਟਰੀਆਂ ਕਰਵਾਉਣ ਵਾਲਿਆਂ ਲਈ ਅਹਿਮ ਖ਼ਬਰ !

ਖੰਨਾ 28 ਜੁਲਾਈ। ਖੰਨਾ ’ਚ ਜ਼ਮੀਨਾਂ ਦੀਆਂ ਰਜਿਸਟਰੀਆਂ ਨਾਲ ਜੁੜੇ ਵੱਡੇ ਫਰਜ਼ੀਵਾੜੇ ਦਾ ਖ਼ੁਲਾਸਾ ਹੋਇਆ ਹੈ, ਜਿੱਥੇ ਕੁਝ ਵਿਅਕਤੀਆਂ ਵੱਲੋਂ ਜਾਅਲੀ ਐੱਨ. ਓ. ਸੀ. ਲਗਾ ਕੇ ਵਸੀਕੇ ਤਸਦੀਕ ਕਰਵਾਏ ਗਏ ਹਨ। ਪ੍ਰਸ਼ਾਸਨ ਵੱਲੋਂ ਇਸ ਸਬੰਧੀ ਸ਼ਿਕਾਇਤ ਮਿਲਣ ਮਗਰੋਂ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਉਪ ਮੰਡਲ ਮੈਜਿਸਟਰੇਟ ਖੰਨਾ ਸਵਾਤੀ ਟਿਵਾਣਾ ਨੇ ਦੱਸਿਆ ਕਿ ਸਰਬਜੀਤ ਸਿੰਘ ਪੁੱਤਰ ਸੁਖਪਾਲ ਸਿੰਘ ਵਾਸੀ ਪਿੰਡ ਬਾਹੋਮਾਜਰਾ, ਤਹਿਸੀਲ ਖੰਨਾ ਨੇ ਉਨ੍ਹਾਂ ਨੂੰ ਇਕ ਦਰਖਾਸਤ ਪੇਸ਼ ਕਰਕੇ ਬੇਨਤੀ ਕੀਤੀ ਸੀ ਕਿ ਦਫਤਰ ਸਬ ਰਜਿਸਟਰਾਰ ਖੰਨਾ ਵਿਚ ਕੁੱਝ ਵਿਅਕਤੀਆਂ ਨੇ ਜਾਅਲੀ ਐੱਨ.ਓ.ਸੀਜ਼ ਲਗਾ ਕੇ ਵਸੀਕੇ ਤਸਦੀਕ ਕਰਵਾਏ ਹਨ। ਉਨ੍ਹਾਂ ਦੱਸਿਆ ਕਿ ਇਸ ਸ਼ਿਕਾਇਤ ਦੀ ਪੜਤਾਲ ਤਹਿਸੀਲਦਾਰ ਖੰਨਾ ਪਾਸੋਂ ਕਰਵਾਈ ਗਈ। ਪੜਤਾਲ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ 35 ਵਸੀਕੇ ਜਾਅਲੀ ਐੱਨ.ਓ.ਸੀਜ਼ ਲਗਾਕੇ ਤਸਦੀਕ ਕਰਵਾਏ ਗਏ ਹਨ। ਇਹ ਜਾਅਲੀ ਐੱਨ.ਓ.ਸੀਜ਼ ਤੋਂ ਰਜਿਸਟਰੀਆਂ ਕਰਵਾਉਣ ਵਾਲੇ ਵਿਅਕਤੀਆਂ ਖਿਲਾਫ ਕਾਨੂੰਨ ਅਨੁਸਾਰ ਕਾਰਵਾਈ ਕਰਨ ਲਈ ਉਪ ਪੁਲਿਸ ਕਪਤਾਨ ਖੰਨਾ ਨੂੰ ਇਸ ਦਫਤਰ ਵੱਲੋਂ ਪੱਤਰ ਭੇਜਿਆ ਜਾ ਚੁੱਕਾ ਹੈ ਅਤੇ 18 ਵਸੀਕੇ ਮੈਨੂਅਲ ਐੱਨ.ਓ.ਸੀਜ਼ ਦੇ ਆਧਾਰ ਤੇ ਕੀਤੇ ਗਏ ਹਨ, ਜਿਨ੍ਹਾਂ ਦੀ ਪੜਤਾਲ ਕਾਰਜ ਸਾਧਕ ਅਫਸਰ ਨਗਰ ਕੌਂਸਲ ਖੰਨਾ ਪਾਸੋਂ ਕਰਵਾਈ ਜਾ ਰਹੀ ਹੈ। ਸਵਾਤੀ ਟਿਵਾਣਾ ਨੇ ਦੱਸਿਆ ਕਿ ਇਨ੍ਹਾਂ ਵਸੀਕਿਆਂ ਦੀ ਪੜਤਾਲ ਰਿਪੋਰਟ ਪ੍ਰਾਪਤ ਹੋਣ ਤੇ ਕਾਨੂੰਨ ਅਨੁਸਾਰ ਕਾਰਵਾਈ ਕਰਨ ਲਈ ਉਪ ਪੁਲਸ ਕਪਤਾਨ ਖੰਨਾ ਨੂੰ ਭੇਜ ਦਿੱਤੇ ਜਾਣਗੇ। ਇਨ੍ਹਾਂ ਤੋਂ ਇਲਾਵਾ ਹੋਰ ਵਸੀਕਿਆਂ ਸਬੰਧੀ ਵੀ ਪੜਤਾਲ ਕੀਤੀ ਜਾ ਰਹੀ ਹੈ, ਜਿਨ੍ਹਾਂ ਦੇ ਖੁਲਾਸੇ ਆਉਣ ਵਾਲੇ ਦਿਨਾਂ ਵਿਚ ਕੀਤੇ ਜਾਣਗੇ। ਇਸ ਮੌਕੇ ਉਪ ਮੰਡਲ ਮੈਜਿਸਟਰੇਟ ਵੱਲੋਂ ਆਮ ਪਬਲਿਕ ਨੂੰ ਅਪੀਲ ਕੀਤੀ ਗਈ ਹੈ ਕਿ ਜਦੋਂ ਵੀ ਕੋਈ ਪ੍ਰਾਪਰਟੀ ਖਰੀਦਣੀ ਹੋਵੇ ਤਾਂ ਪ੍ਰਾਪਟੀ ਸਬੰਧੀ ਕਾਗਜ਼ਾਤ ਚੰਗੀ ਤਰ੍ਹਾਂ ਚੈਕ ਕਰਕੇ ਹੀ ਖਰੀਦੀ ਕੀਤੀ ਜਾਵੇ ਤਾਂ ਜੋ ਬਾਅਦ ਵਿਚ ਅਜਿਹੀ ਸਥਿਤੀ ਪੈਦਾ ਨਾ ਹੋਵੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਗਲਤ ਕੰਮ ਕਰਨ ਵਾਲੇ ਕਿਸੇ ਵੀ ਵਿਅਕਤੀ ਜਾਂ ਕਰਮਚਾਰੀ ਨੂੰ ਬਖਸਿਆ ਨਹੀ ਜਾਵੇਗਾ। ਇਸ ਸਮੇਂ ਤਹਿਸੀਲਦਾਰ ਖੰਨਾ ਗੁਰੂਚਰਨ ਸਿੰਘ ਅਤੇ ਹੋਰ ਕਰਮਚਾਰੀ ਵੀ ਹਾਜ਼ਰ ਸਨ।

## ਦੀਨਾਨਗਰ ਸ਼ਹਿਰ ਬਣਿਆ ਕੂੜੇ ਦਾ ਡੰਪ, ਬਿਮਾਰੀਆਂ ਫੈਲਣ ਦਾ ਖਤਰਾ

ਦੀਨਾਨਗਰ 28 ਜੁਲਾਈ। ਭਾਜਪਾ ਦੀ ਹਲਕਾ ਇੰਚਾਰਜ ਰੇਣੂ ਕਸ਼ਯਪ ਨੇ ਦੀਨਾਨਗਰ ਸ਼ਹਿਰ ਵਿੱਚ ਲੱਗੇ ਕੂੜੇ ਦੇ ਵੱਡੇ-ਵੱਡੇ ਢੇਰਾਂ ਉੱਤੇ ਡੂੰਘੀ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਪੂਰੇ ਸ਼ਹਿਰ ਵਿੱਚ ਜਗ?ਹਾ-ਜਗ?ਹਾ ਕੂੜਾ ਸੁੱਟਿਆ ਜਾ ਰਿਹਾ ਹੈ। ਜਿਸ ਕਾਰਨ ਸ਼ਹਿਰ ਕੂੜੇ ਦੇ ਢੇਰ ਵਿੱਚ ਤਬਦੀਲ ਹੋ ਗਿਆ ਹੈ। ਆਉਣ ਵਾਲੇ ਦਿਨਾਂ ਵਿੱਚ ਮੀਂਹ ਪੈਣ ਦੀ ਸੰਭਾਵਨਾ ਹੈ। ਜਿਸ ਨਾਲ ਕੂੜੇ ਵਿੱਚ ਪਾਣੀ ਭਰ ਕੇ ਇਹ ’ਬਿਮਾਰੀ ਦੀ ਫੈਕਟਰੀ’ ਬਣ ਜਾਵੇਗਾ। ਉਨ੍ਹਾਂ ਕਿਹਾ ਸ਼ਹਿਰ ਦੇ ਸਫਾਈ ਕਰਮਚਾਰੀ ਲੰਬੇ ਸਮੇਂ ਤੋਂ ਹੜਤਾਲ ’ਤੇ ਹਨ। ਜਿਸ ਕਾਰਨ ਸਫਾਈ ਵਿਵਸਥਾ ਠੱਪ ਪਈ ਹੈ। ਉਨ੍ਹਾਂ ਸਰਕਾਰ ਅਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਜਲਦੀ ਹੱਲ ਕਰਕੇ ਸ਼ਹਿਰ ਦੀ ਸਫਾਈ ਯਕੀਨੀ ਬਣਾਈ ਜਾਵੇ, ਤਾਂ ਜੋ ਆਮ ਲੋਕਾਂ ਨੂੰ ਬਿਮਾਰੀਆਂ ਤੋਂ ਬਚਾਇਆ ਜਾ ਸਕੇ। ਰੇਣੂ ਕਸ਼ਯਪ ਨੇ ਕਿਹਾ ਕਿ ਉਹ ਦੀਨਾਨਗਰ ਦੇ ਲੋਕਾਂ ਦੀ ਆਵਾਜ਼ ਚੁੱਕਣ ਲਈ ਵਚਨਬੱਧ ਹਨ ਅਤੇ ਇਸ ਮਾਮਲੇ ’ਤੇ ਪ੍ਰਸ਼ਾਸਨ ਨੂੰ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ।

# ਸੂਬੇ ਭਰ ’ਚ 100 ਹੋਰ ਆਮ ਆਦਮੀ ਕਲੀਨਿਕ ਕੀਤੇ ਸ਼ੁਰੂ : ਡਾ. ਬਲਬੀਰ ਸਿੰਘ

**ਕੌਮੀ ਪਤ੍ਰਿਕਾ**

ਪਟਿਆਲਾ 28 ਜੁਲਾਈ। ਪੰਜਾਬ ਵਿਚ ਪ੍ਰਾਇਮਰੀ ਸਿਹਤ ਸੇਵਾਵਾਂ ਨੂੰ ਹੋਰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਭਰ ਵਿਚ 100 ਨਵੇਂ ਆਮ ਆਦਮੀ ਕਲੀਨਿਕ ਸ਼ੁਰੂ ਕੀਤੇ ਗਏ ਹਨ। ਇਸ ਨਾਲ ਪੰਜਾਬ ਵਿਚ ਆਮ ਆਦਮੀ ਕਲੀਨਿਕਾਂ ਦੀ ਕੁੱਲ ਗਿਣਤੀ 1,090 ਹੋ ਗਈ ਹੈ। ਇਹ ਜਾਣਕਾਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਪਟਿਆਲਾ ਦਿਹਾਤੀ ਦੇ ਵਿਕਾਸ ਨਗਰ (ਸਿਉਣਾ ਚੌਕ ਨੇੜੇ) ਵਿਖੇ ਨਵੇਂ ਆਮ ਆਦਮੀ ਕਲੀਨਿਕ ਦੇ ਉਦਘਾਟਨ ਮੌਕੇ ਦਿੱਤੀ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਮਕਸਦ ਹਰ ਨਾਗਰਿਕ ਨੂੰ ਉਸ ਦੇ ਘਰ ਦੇ ਨੇੜੇ ਹੀ ਮਿਆਰੀ ਅਤੇ ਮੁਫ਼ਤ ਸਿਹਤ ਸੇਵਾਵਾਂ ਉਪਲੱਬਧ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕਾਂ ਰਾਹੀਂ ਲੋਕਾਂ ਨੂੰ ਇਲਾਜ ਲਈ ਦੂਰ-ਦੁਰਾਡੇ ਹਸਪਤਾਲਾਂ ਦੇ ਚੱਕਰ ਨਹੀਂ ਲਗਾਉਣੇ ਪੈਂਦੇ, ਜਿਸ ਨਾਲ ਸਮੇਂ ਅਤੇ ਪੈਸੇ ਦੋਵਾਂ ਦੀ ਬਚਤ ਹੁੰਦੀ ਹੈ। ਸਿਹਤ ਮੰਤਰੀ ਨੇ ਦੱਸਿਆ ਕਿ ਹਰ




ਆਮ ਆਦਮੀ ਕਲੀਨਿਕ ’ਚ ਯੋਗ ਐਮਬੀਬੀਐਸ ਡਾਕਟਰ, ਸਿਖਲਾਈ ਪ੍ਰਾਪਤ ਨਰਸਿੰਗ ਸਟਾਫ ਅਤੇ ਹੋਰ ਲੋੜੀਂਦਾ ਅਮਲਾ ਤਾਇਨਾਤ ਕੀਤਾ ਗਿਆ ਹੈ। ਇੱਥੇ ਆਉਣ ਵਾਲੇ ਮਰੀਜ਼ਾਂ ਨੂੰ ਡਾਕਟਰੀ ਸਲਾਹ, ਮੁਫ਼ਤ ਦਵਾਈਆਂ, ਲੈਬ ਟੈਸਟ ਅਤੇ ਹੋਰ ਪ੍ਰਾਇਮਰੀ ਸਿਹਤ ਸੇਵਾਵਾਂ ਬਿਨਾਂ ਕਿਸੇ ਖਰਚ ਦੇ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕ ਸੂਬੇ ਦੀ ਪ੍ਰਾਇਮਰੀ ਸਿਹਤ ਪ੍ਰਣਾਲੀ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਅ ਰਹੇ ਹਨ। ਹਰ ਮਹੀਨੇ 42 ਹਜ਼ਾਰ ਤੋਂ ਵੱਧ ਗਰਭਵਤੀ ਔਰਤਾਂ ਨੂੰ ਇਨ੍ਹਾਂ ਕਲੀਨਿਕਾਂ ਰਾਹੀਂ ਗਰਭ ਅਵਸਥਾ ਦੌਰਾਨ ਲੋੜੀਂਦੀਆਂ ਜਾਂਚਾਂ, ਸਲਾਹ ਤੇ ਸਿਹਤ ਸੰਭਾਲ ਦੀਆਂ ਸੇਵਾਵਾਂ ਮਿਲ ਰਹੀਆਂ ਹਨ। ਇਸ ਤੋਂ ਇਲਾਵਾ ਸ਼ੂਗਰ ਅਤੇ ਹਾਈ ਬਲੱਡ ਪ੍ਰੈਸ਼ਰ ਵਰਗੀਆਂ ਗੈਰ-ਸੰਚਾਰੀ ਬਿਮਾਰੀਆਂ ਨਾਲ ਪੀੜਤ 1.25 ਲੱਖ ਤੋਂ ਵੱਧ ਮਰੀਜ਼ਾਂ ਨੂੰ ਨਿਯਮਤ ਇਲਾਜ, ਦਵਾਈਆਂ ਅਤੇ ਫਾਲੋ-ਅਪ ਸੇਵਾਵਾਂ ਵੀ ਦਿੱਤੀਆਂ ਜਾ ਰਹੀਆਂ ਹਨ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਹਰ ਵਰਗ ਤੱਕ ਆਧੁਨਿਕ ਅਤੇ ਗੁਣਵੱਤਾ ਭਰੀਆਂ ਸਿਹਤ ਸੇਵਾਵਾਂ ਪਹੁੰਚਾਉਣ ਲਈ ਵਚਨਬੱਧ ਹੈ ਅਤੇ ਲੋੜ ਅਨੁਸਾਰ ਸਿਹਤ ਸਹੂਲਤਾਂ ਦਾ ਹੋਰ ਵਿਸਥਾਰ ਵੀ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕਾਂ ਨੇ ਸਰਕਾਰੀ ਸਿਹਤ ਪ੍ਰਣਾਲੀ ਪ੍ਰਤੀ ਲੋਕਾਂ ਦਾ ਭਰੋਸਾ ਹੋਰ ਮਜ਼ਬੂਤ ਕੀਤਾ ਹੈ। ਇਸ ਮੌਕੇ ਏਡੀਸੀ (ਵਿਕਾਸ) ਅਨੁਪ੍ਰਿਤਾ ਜੌਹਲ, ਐਮਸੀ ਜਸਬੀਰ ਗਾਂਧੀ, ਦੇਵਿੰਦਰ ਕੌਰ, ਸਿਵਲ ਸਰਜਨ ਡਾ. ਸ਼ੈਲੀ ਜੇਟਲੀ, ਐੱਸਐੱਮਓ ਡਾ. ਪਰਨੀਤ ਕੌਰ ਸਮੇਤ ਸਿਹਤ ਵਿਭਾਗ ਦੇ ਅਧਿਕਾਰੀ ਅਤੇ ਵੱਡੀ ਗਿਣਤੀ ਵਿਚ ਸਥਾਨਕ ਨਿਵਾਸੀ ਹਾਜ਼ਰ ਸਨ। ਸਥਾਨਕ ਲੋਕਾਂ ਨੇ ਇਸ ਪਹਿਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਆਮ ਆਦਮੀ ਕਲੀਨਿਕਾਂ ਨੇ ਪਿੰਡਾਂ ਅਤੇ ਸ਼ਹਿਰੀ ਖੇਤਰਾਂ ਵਿੱਚ ਪ੍ਰਾਇਮਰੀ ਸਿਹਤ ਸੇਵਾਵਾਂ ਨੂੰ ਨਵੀਂ ਦਿਸ਼ਾ ਦਿੱਤੀ ਹੈ।

# ਜ਼ੋਨਲ ਸ਼ਤਰੰਜ ਮੁਕਾਬਲਿਆਂ ’ਚ ਦ ਸੰਸਕਾਰ ਸਕੂਲ ਦੀਆਂ ਵਿਦਿਆਰਥਣਾਂ ਦਾ ਸ਼ਾਨਦਾਰ ਪ੍ਰਦਰਸ਼ਨ

**ਕੌਮੀ ਪਤ੍ਰਿਕਾ**

ਤਲਵੰਡੀ ਸਾਬੋ 28 ਜੁਲਾਈ। ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਏ ਗਏ ਜ਼ੋਨਲ ਸਕੂਲ ਖੇਡ ਮੁਕਾਬਲਿਆਂ ਵਿਚ ਦ ਸੰਸਕਾਰ ਸਕੂਲ, ਤਲਵੰਡੀ ਸਾਬੋ ਦੀਆਂ ਵਿਦਿਆਰਥਣਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸ਼ਤਰੰਜ ਅੰਡਰ-14 (ਲੜਕੀਆਂ) ਵਰਗ ਵਿਚ ਪਹਿਲਾ ਸਥਾਨ ਹਾਸਲ ਕਰਕੇ ਸਕੂਲ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਵਿਦਿਆਰਥਣਾਂ ਦੀ ਇਸ ਉਪਲਬਧੀ ਨਾਲ ਸਕੂਲ ਵਿਚ ਖੁਸ਼ੀ ਅਤੇ ਮਾਣ ਦਾ ਮਾਹੌਲ ਹੈ। ਸਕੂਲ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਜ਼ੋਨਲ ਮੁਕਾਬਲਿਆਂ ਵਿਚ ਅਭਿਜੋਤ ਕੌਰ (ਜਮਾਤ ਸੱਤਵੀਂ), ਅਮਨੀਤ ਕੌਰ (ਜਮਾਤ ਸੱਤਵੀਂ), ਪੂਰਵੀ ਗਰਗ (ਜਮਾਤ ਛੇਵੀਂ), ਸਾਚੀ ਕਛੱਪ (ਜਮਾਤ ਸੱਤਵੀਂ) ਅਤੇ ਅਨੂਪਵੀਰ ਕੌਰ (ਜਮਾਤ ਛੇਵੀਂ) ਨੇ ਬਿਹਤਰੀਨ ਖੇਡ ਦਾ ਪ੍ਰਦਰਸ਼ਨ ਕਰਦਿਆਂ ਪਹਿਲਾ ਸਥਾਨ ਹਾਸਲ ਕੀਤਾ। ਇਨ੍ਹਾਂ ਵਿਚੋਂ ਅਮਨੀਤ ਕੌਰ, ਪੂਰਵੀ ਗਰਗ ਅਤੇ ਸਾਚੀ ਕਛੱਪ ਦੀ ਚੋਣ ਜ਼ਿਲ੍ਹਾ ਪੱਧਰੀ




ਸ਼ਤਰੰਜ ਮੁਕਾਬਲਿਆਂ ਲਈ ਹੋਈ ਹੈ, ਜੋ ਸਕੂਲ ਲਈ ਮਾਣ ਵਾਲੀ ਗੱਲ ਹੈ। ਇਸ ਸ਼ਾਨਦਾਰ ਪ੍ਰਾਪਤੀ ਮੌਕੇ ਸਕੂਲ ਦੀ ਪ੍ਰਿੰਸੀਪਲ ਦੀਪਿਕਾ ਕਪੂਰ ਨੇ ਵਿਦਿਆਰਥਣਾਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਦ ਸੰਸਕਾਰ ਸਕੂਲ ਵਿਚ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਨੂੰ ਪਹਿਲ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਪੜ੍ਹਾਈ ਦੇ ਨਾਲ-ਨਾਲ ਖੇਡਾਂ ਅਤੇ ਸਹਿ-ਪਾਠਕ੍ਰਮ ਗਤੀਵਿਧੀਆਂ ਵਿਚ ਵੀ ਵਿਦਿਆਰਥੀਆਂ ਨੂੰ ਹਰ ਪੱਧਰ ਤੇ ਅੱਗੇ ਵਧਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿਚ ਵੀ ਸਕੂਲ ਦੀਆਂ ਵਿਦਿਆਰਥਣਾਂ ਸ਼ਾਨਦਾਰ ਪ੍ਰਦਰਸ਼ਨ ਕਰਕੇ ਸੰਸਥਾ ਦਾ ਨਾਮ ਹੋਰ ਉੱਚਾ ਕਰਨਗੀਆਂ। ਸਕੂਲ ਦੀ ਚੇਅਰਪਰਸਨ ਨਿਮਰਤ ਸਿੱਧੂ ਨੇ ਜੇਤੂ ਵਿਦਿਆਰਥਣਾਂ ਨੂੰ ਸਨਮਾਨਿਤ ਕਰਦਿਆਂ ਉਨ੍ਹਾਂ ਦੀ ਮਿਹਨਤ, ਅਨੁਸ਼ਾਸਨ ਅਤੇ ਲਗਨ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਅਜਿਹੀਆਂ ਉਪਲਬਧੀਆਂ ਵਿਦਿਆਰਥੀਆਂ ਲਈ ਪ੍ਰੇਰਨਾ ਦਾ ਸਰੋਤ ਬਣਦੀਆਂ ਹਨ ਅਤੇ ਹੋਰ ਬੱਚਿਆਂ ਨੂੰ ਵੀ ਮਿਹਨਤ ਕਰਕੇ ਅੱਗੇ ਵਧਣ ਦਾ ਹੌਸਲਾ ਮਿਲਦਾ ਹੈ। ਉਨ੍ਹਾਂ ਵਿਦਿਆਰਥਣਾਂ ਨੂੰ ਭਵਿੱਖ ਵਿਚ ਹੋਰ ਵੱਡੀਆਂ ਉਪਲਬਧੀਆਂ ਹਾਸਲ ਕਰਨ ਲਈ ਸ਼ੁਭਕਾਮਨਾਵਾਂ ਦਿੱਤੀਆਂ। ਸਕੂਲ ਪ੍ਰਬੰਧਕਾਂ, ਅਧਿਆਪਕਾਂ ਅਤੇ ਮਾਪਿਆਂ ਨੇ ਵੀ ਇਸ ਪ੍ਰਾਪਤੀ ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਜੇਤੂ ਵਿਦਿਆਰਥਣਾਂ ਨੂੰ ਵਧਾਈ ਦਿੱਤੀ ਅਤੇ ਆਉਣ ਵਾਲੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਲਈ ਸ਼ੁਭਕਾਮਨਾਵਾਂ ਭੇਟ ਕੀਤੀਆਂ। ਦ ਸੰਸਕਾਰ ਸਕੂਲ ਦੀ ਇਹ ਸਫ਼ਲਤਾ ਇਕ ਵਾਰ ਫਿਰ ਸਾਬਤ ਕਰਦੀ ਹੈ ਕਿ ਸੰਸਥਾ ਸਿੱਖਿਆ ਦੇ ਨਾਲ-ਨਾਲ ਖੇਡਾਂ ਅਤੇ ਬੌਧਿਕ ਗਤੀਵਿਧੀਆਂ ਵਿਚ ਵੀ ਵਿਦਿਆਰਥੀਆਂ ਨੂੰ ਉੱਚ ਪੱਧਰ ਤੇ ਤਿਆਰ ਕਰਨ ਲਈ ਲਗਾਤਾਰ ਯਤਨਸ਼ੀਲ ਹੈ।

# ਨਗਰ ਕੌਂਸਲ ਲਾਲੜੂ ਦੇ ਪ੍ਰਧਾਨ ਜੋਰਾਵਰ ਸਿੰਘ, ਸੀਨੀਅਰ ਮੀਤ ਪ੍ਰਧਾਨ ਹਰੀਸ਼ ਮਦਾਨ ਤੇ ਮੀਤ ਪ੍ਰਧਾਨ ਅਮਨਦੀਪ ਰਾਣਾ ਨੇ ਅਹੁਦੇ ਸੰਭਾਲੇ

ਲਾਲੜੂ 28 ਜੁਲਾਈ। ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦੀ ਹਾਜ਼ਰੀ ਵਿੱਚ ਨਗਰ ਕੌਂਸਲ ਲਾਲੜੂ ਦੇ ਨਵ-ਨਿਯੁਕਤ ਪ੍ਰਧਾਨ ਜੋਰਾਵਰ ਸਿੰਘ, ਸੀਨੀਅਰ ਮੀਤ ਪ੍ਰਧਾਨ ਹਰੀਸ਼ ਮਦਾਨ ਅਤੇ ਮੀਤ ਪ੍ਰਧਾਨ ਅਮਨਦੀਪ ਰਾਣਾ ਨੇ ਅੱਜ ਆਪਣੇ ਅਹੁਦੇ ਸੰਭਾਲ ਲਏ ਹਨ। ਇਸ ਮੌਕੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਨਵੇਂ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਸਫ਼ਲ ਕਾਰਜਕਾਲ ਲਈ ਸ਼ੁਭਕਾਮਨਾਵਾਂ ਦਿੱਤੀਆਂ। ਅਹੁਦਾ ਸੰਭਾਲਣ ਤੋਂ ਪਹਿਲਾਂ ਨਗਰ ਕੌਂਸਲ ਦਫ਼ਤਰ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਰਸਭਿੰਨਾ ਗੁਰਬਾਣੀ ਕੀਰਤਨ ਹੋਇਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸੰਗਤ ਨੇ ਸ਼ਮੂਲੀਅਤ ਕਰਕੇ ਗੁਰਬਾਣੀ ਦਾ ਆਨੰਦ ਮਾਣਿਆ। ਇਸ ਮੌਕੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਸ਼ਹਿਰ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ ਅਤੇ ਨਗਰ ਕੌਂਸਲ ਨੂੰ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨਵੇਂ ਪ੍ਰਬੰਧ ਹੇਠ ਲਾਲੜੂ ਵਿੱਚ ਵਿਕਾਸ ਕਾਰਜਾਂ ਨੂੰ ਹੋਰ



ਗਤੀ ਮਿਲੇਗੀ ਅਤੇ ਕਰੀਬ 47 ਕਰੋੜ ਰੁਪਏ ਦੀ ਲਾਗਤ ਨਾਲ ਸੀਵਰੇਜ ਪ੍ਰੋਜੈਕਟ ਦਾ ਕੰਮ ਵੀ ਜਲਦੀ ਸ਼ੁਰੂ ਕੀਤਾ ਜਾਵੇਗਾ। ਅਹੁਦਾ ਸੰਭਾਲਣ ਉਪਰੰਤ ਪ੍ਰਧਾਨ ਜੋਰਾਵਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਪਹਿਲ ਸ਼ਹਿਰ ਦੇ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਅੱਗੇ ਵਧਾਉਣਾ ਅਤੇ ਲੋਕਾਂ ਦੀਆਂ ਮੁੱਢਲੀਆਂ ਸਮੱਸਿਆਵਾਂ ਦਾ ਹੱਲ ਕਰਨਾ ਹੋਵੇਗੀ। ਉਨ੍ਹਾਂ ਸਫ਼ਾਈ ਪ੍ਰਬੰਧ, ਪੀਣ ਵਾਲੇ ਪਾਣੀ ਦੀ ਸਪਲਾਈ, ਸੀਵਰੇਜ ਪ੍ਰਣਾਲੀ ਅਤੇ ਸੜਕਾਂ ਦੀ ਹਾਲਤ ਵਿੱਚ ਸੁਧਾਰ ਲਿਆਉਣ ਦਾ ਭਰੋਸਾ ਦਿੱਤਾ। ਸਮਾਗਮ ’ਚ ਨਗਰ ਕੌਂਸਲ ਦੇ ਕੌਂਸਲਰ, ਪਤਵੰਤੇ ਵਿਅਕਤੀ, ਪਾਰਟੀ ਆਗੂ ਅਤੇ ਵੱਡੀ ਗਿਣਤੀ ਵਿੱਚ ਸਮਰਥਕ ਹਾਜ਼ਰ ਸਨ। ਇਸ ਦੌਰਾਨ ਸਮਰਥਕਾਂ ਵਿੱਚ ਖੁਸ਼ੀ ਦਾ ਮਾਹੌਲ ਵੇਖਣ ਨੂੰ ਮਿਲਿਆ ਅਤੇ ਉਨ੍ਹਾਂ ਵੱਲੋਂ ਮਿਠਾਈਆਂ ਵੰਡ ਕੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ।

## ਕੁੜੀਆਂ ਨਾਲ ਛੇੜਛਾੜ ਕਰ ਰਹੇ ਨੌਜਵਾਨਾਂ ਨੂੰ ਰੋਕਣ ’ਤੇ ਪਿਓ-ਪੁੱਤ ਉੱਤੇ ਹਮਲਾ

ਜਲੰਧਰ 28 ਜੁਲਾਈ। ਓਲਡ ਜਵਾਹਰ ਨਗਰ ’ਚ ਪਾਰਕ ਨੇੜੇ ਗੇੜੀਆਂ ਮਾਰਨ ਅਤੇ ਕੁੜੀਆਂ ਨਾਲ ਛੇੜਛਾੜ ਕਰ ਰਹੇ ਨੌਜਵਾਨਾਂ ਦਾ ਵਿਰੋਧ ਕਰਨ ’ਤੇ ਉਕਤ ਨੌਜਵਾਨਾਂ ਨੇ ਆਪਣੇ ਸਾਥੀਆਂ ਸਮੇਤ ਪਿਓ-ਪੁੱਤ ਉੱਤੇ ਹਮਲਾ ਕਰ ਦਿੱਤਾ। ਨੌਜਵਾਨ ਪਹਿਲਾਂ ਤਾਂ ਚਲੇ ਗਏ ਪਰ ਬਾਅਦ ਵਿਚ ਲਗਭਗ ਇਕ ਦਰਜਨ ਸਾਥੀਆਂ ਸਮੇਤ ਵਾਪਸ ਪਰਤੇ ਅਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਕੇ ਭੱਜ ਗਏ। ਮੁਲਜ਼ਮਾਂ ਦੇ ਵਾਹਨ ਅਤੇ ਖ਼ੁਦ ਨਕਾਬਪੋਸ਼ ਮੁਲਜ਼ਮ ਸੀ. ਸੀ. ਟੀ. ਵੀ. ਕੈਮਰੇ ਵਿਚ ਕੈਦ ਹੋ ਗਏ ਹਨ। ਦੋਵਾਂ ਜ਼ਖ਼ਮੀਆਂ ਨੂੰ ਨਿੱਜੀ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਹੈ। ਜਾਣਕਾਰੀ ਮੁਤਾਬਕ ਐਤਵਾਰ ਨੂੰ ਓਲਡ ਜਵਾਹਰ ਨਗਰ ਵਿਚ ਸਥਿਤ ਪਾਰਕ ਦੇ ਆਲੇ-ਦੁਆਲੇ ਕੁਝ ਨੌਜਵਾਨ ਗੇੜੀਆਂ ਮਾਰ ਰਹੇ ਸਨ। ਪਾਰਕ ਵਿਚ ਸੈਰ ਕਰ ਰਹੀਆਂ ਕੁੜੀਆਂ ਨਾਲ ਜਦੋਂ ਉਨ੍ਹਾਂ ਛੇੜਛਾੜ ਕਰਨੀ ਸ਼ੁਰੂ ਕੀਤੀ ਤਾਂ ਅਮਿਤ ਜੁਲਕਾ ਨੇ ਉਨ੍ਹਾਂ ਨੂੰ ਉੱਥੋਂ ਜਾਣ ਲਈ ਕਿਹਾ। ਦੋਸ਼ ਹੈ ਕਿ ਪਹਿਲਾਂ ਤਾਂ ਉਕਤ ਨੌਜਵਾਨ ਉੱਥੋਂ ਚਲੇ ਗਏ ਪਰ ਬਾਅਦ ਵਿਚ ਆਪਣੇ ਇਕ ਦਰਜਨ ਸਾਥੀਆਂ ਸਮੇਤ ਹਥਿਆਰਾਂ ਨਾਲ ਲੈਸ ਹੋ ਕੇ ਵਾਪਸ ਮੁੜ ਆਏ। ਮੁਲਜ਼ਮਾਂ ਨੇ ਆਉਂਦੇ ਹੀ ਅਮਿਤ ਜੁਲਕਾ ਅਤੇ ਉਨ੍ਹਾਂ ਦੇ ਬੇਟੇ ’ਤੇ ਹਮਲਾ ਕਰ ਦਿੱਤਾ। ਆਲੇ-ਦੁਆਲੇ ਦੇ ਲੋਕ ਇਕੱਠੇ ਹੋਏ ਤਾਂ ਮੁਲਜ਼ਮ ਆਪਣੇ ਵਾਹਨਾਂ ’ਤੇ ਬੈਠ ਕੇ ਫ਼ਰਾਰ ਹੋ ਗਏ। ਇਨ੍ਹਾਂ ਵਿਚੋਂ ਕੁਝ ਨੌਜਵਾਨ ਨਕਾਬਪੋਸ਼ ਸਨ। ਆਲੇ-ਦੁਆਲੇ ਦੇ ਲੋਕਾਂ ਨੇ ਦੋਵਾਂ ਜ਼ਖ਼ਮੀਆਂ ਨੂੰ ਨਿੱਜੀ ਹਸਪਤਾਲ ਵਿਚ ਦਾਖ਼ਲ ਕਰਵਾਇਆ, ਜਿਨ੍ਹਾਂ ਦਾ ਇਲਾਜ ਕੀਤਾ ਜਾ ਰਿਹਾ ਹੈ। ਉਧਰ ਹਮਲਾ ਕਰਨ ਵਾਲੇ ਨੌਜਵਾਨ ਖ਼ੁਦ ਸ਼ਿਕਾਇਤ ਦੇਣ ਥਾਣਾ ਨਵੀਂ ਬਾਰਾਦਰੀ ਪਹੁੰਚ ਗਏ ਪਰ ਜਦੋਂ ਪੁਲਸ ਨੂੰ ਅਸਲੀਅਤ ਪਤਾ ਲੱਗੀ ਤਾਂ ਉਕਤ ਨੌਜਵਾਨਾਂ ਨੂੰ ਕਾਬੂ ਕਰ ਲਿਆ ਗਿਆ। ਸਾਰੀ ਘਟਨਾ ਸੀ. ਸੀ. ਟੀ. ਵੀ. ਕੈਮਰੇ ਵਿਚ ਕੈਦ ਹੋ ਗਈ ਹੈ।

# ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸ਼ਾਨਦਾਰ ਗ੍ਰੈਜੂਏਸ਼ਨ ਸਮਾਰੋਹ ਕਰਵਾਇਆ

**ਕੌਮੀ ਪਤ੍ਰਿਕਾ**

ਤਲਵੰਡੀ ਸਾਬੋ 28 ਜੁਲਾਈ। ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ ਅਕਾਦਮਿਕ ਪ੍ਰੋਗਰਾਮ ਸਫ਼ਲਤਾ ਪੂਰਵਕ ਪੂਰੇ ਕਰਨ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਸਨਮਾਨ ਲਈ ਸ਼ਾਨਦਾਰ ਗ੍ਰੈਜੂਏਸ਼ਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਸਮਾਰੋਹ ਦੌਰਾਨ ਵੱਖ-ਵੱਖ ਦੇਸ਼ਾਂ ਤੋਂ ਆਏ ਵਿਦਿਆਰਥੀਆਂ ਦੀਆਂ ਅਕਾਦਮਿਕ ਪ੍ਰਾਪਤੀਆਂ ਦਾ ਜਸ਼ਨ ਮਨਾਇਆ ਗਿਆ ਤੇ ਉਨ੍ਹਾਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ। ਇਸ ਮੌਕੇ ਵਾਈਸ ਚਾਂਸਲਰ ਪ੍ਰੋ. (ਡਾ.) ਬਲਰਾਜ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਦਕਿ ਪ੍ਰੋ. ਵਾਈਸ ਚਾਂਸਲਰ ਡਾ. ਜਗਤਾਰ ਸਿੰਘ ਧੀਮਾਨ, ਡਾ. ਪੀਯੂਸ਼ ਵਰਮਾ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ ਤੇ ਹਰਮਨਜੋਤ ਸਿੰਘ ਸਿੱਧੂ ਨੇ ਪ੍ਰਬੰਧਕੀ ਕਮੇਟੀ




ਦੀ ਪ੍ਰਤੀਨਿਧਤਾ ਕੀਤੀ। ਇਸ ਮੌਕੇ ਮੁੱਖ ਮਹਿਮਾਨ ਵਾਈਸ ਚਾਂਸਲਰ ਡਾ. ਸਿੰਘ ਨੇ ਡਿਗਰੀ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਕਿਸੇ ਵੀ ਵਿੱਦਿਅਕ ਪ੍ਰੋਗਰਾਮ ਦੀ ਸਫ਼ਲਤਾ ਪੂਰਵਕ ਸਮਾਪਤੀ ਹਰ ਵਿਦਿਆਰਥੀ ਦੇ ਜੀਵਨ ਦਾ ਮਹੱਤਵਪੂਰਨ ਪਲ ਹੁੰਦਾ ਹੈ। ਆਪਣੇ ਵਿਦਾਇਗੀ ਸੰਬੋਧਨ ਵਿਚ ਵਿਸ਼ੇਸ਼ ਮਹਿਮਾਨ ਪ੍ਰੋ. (ਡਾ.) ਜਗਤਾਰ ਸਿੰਘ ਧੀਮਾਨ ਨੇ ਜੀਕੇਯੂ ਦੀ ਵੱਧ ਰਹੀ ਅੰਤਰਰਾਸ਼ਟਰੀ ਸਾਖ ਦਾ ਜ਼ਿਕਰ ਕਰਦਿਆਂ ਕਿਹਾ ਕਿ ਜੀਕੇਯੂ ਦੇ ਵਿਦਿਆਰਥੀਆਂ ਨੇ ਦੁਨੀਆਂ ਦੇ ਕਈ ਦੇਸ਼ਾਂ ਵਿਚ ਅਕਾਦਮਿਕ ਅਤੇ ਪੇਸ਼ੇਵਰ ਪ੍ਰਾਪਤੀਆਂ ਕਰਕੇ ਵਰਸਿਟੀ ਦਾ ਨਾਮ ਉੱਚਾ ਕੀਤਾ ਹੈ। ਆਪਣੇ ਧੰਨਵਾਦੀ ਭਾਸ਼ਣ ਵਿਚ ਪਰੋ. ਵਾਈਸ ਚਾਂਸਲਰ ਡਾ. ਵਰਮਾ ਨੇ ਕਿਹਾ ਕਿ ਯੂਨੀਵਰਸਿਟੀ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੀਆਂ ਵਿਸ਼ੇਸ਼ ਲੋੜਾਂ ਨੂੰ ਧਿਆਨ ਵਿਚ ਰੱਖਦਿਆਂ ਆਪਣੇ ਅਕਾਦਮਿਕ ਪ੍ਰੋਗਰਾਮਾਂ ਅਤੇ ਪਾਠਕ੍ਰਮ ਦੀ ਨਿਰੰਤਰ ਸਮੀਖਿਆ ਅਤੇ ਪੁਨਰ-ਤਰਜੀਹ ਕੀਤੀ ਜਾਂਦੀ ਹੈ। ਡਾਇਰੈਕਟਰ, ਇੰਟਰਨੈਸ਼ਨਲ ਡਿਵੀਜ਼ਨ ਡਾ. ਵਿਕਾਸ ਗੁਪਤਾ ਨੇ ਦੱਸਿਆ ਕਿ ਸਮਾਰੋਹ ਦੌਰਾਨ ਤਨਜ਼ਾਨੀਆਂ, ਮਲਾਵੀ, ਜ਼ਿੰਬਾਬਵੇ ਅਤੇ ਨੰਮਬੀਬੀਆ ਨਾਲ ਸਬੰਧਤ 45 ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ, ਜਿਨ੍ਹਾਂ ਵਿਚੋਂ 20 ਵਿਦਿਆਰਥੀਆਂ ਨੇ ਸਮਾਰੋਹ ਵਿਚ ਨਿੱਜੀ ਤੌਰ ’ਤੇ ਆਪਣੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਸਮਾਰੋਹ ਦੌਰਾਨ ਅੰਤਰਰਾਸ਼ਟਰੀ ਵਿਦਿਆਰਥੀਆਂ ਵੱਲੋਂ ਇਕ ਰੰਗਾਰੰਗ ਸੱਭਿਆਰਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ, ਜਿਸ ਦੀ ਸਮੁੱਚੀ ਅਗਵਾਈ ਯੂਨੀਵਰਸਿਟੀ ਦੀ ਡਾਇਰੈਕਟਰ, ਯੂਥ ਅਫੇਅਰਜ਼ ਐਂਡ ਕਲਚਰ, ਡਾ. ਕੰਵਲਜੀਤ ਕੌਰ ਨੇ ਕੀਤੀ। ਪ੍ਰੋਗਰਾਮ ਵਿਚ ਇੰਡੋ-ਅਫਰੀਕਨ ਡਾਂਸ ਫਿਊਜ਼ਨ, ਭੰਗੜਾ, ਹਰਿਆਣਵੀ ਨਾਚ ਝੂਮਰ ਅਤੇ ਰਾਜਸਥਾਨੀ ਡਾਂਸ ਦੀਆਂ ਮਨਮੋਹਕ ਪੇਸ਼ਕਾਰੀਆਂ ਰਾਹੀਂ ਭਾਰਤ ਦੀ ਅਮੀਰ ਸੱਭਿਆਚਾਰਕ ਵਿਭਿੰਨਤਾ ਦੀ ਝਲਕ ਪੇਸ਼ ਕੀਤੀ ਗਈ। ਮੰਚ ਸੰਚਾਲਨ ਦੀ ਭੂਮਿਕਾ ਡਾ. ਜੀਨੀਅਸ ਵਾਲੀਆ ਨੇ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਈ।